# ਯੋਜਨਾ

**ਸਾਲ 34 • ਅੰਕ 2 • ਫ਼ਰਵਰੀ 2017 • ਕੁੱਲ ਪੰਨੇ 48**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਸੰਪਾਦਕੀ – ਮੁੱਖ ਸੰਪਾਦਕ 4
- ਨੋਟਬੰਦੀ : ਪਿਛਲੇ ਦੋ ਮਹੀਨਿਆਂ ਉੱਤੇ ਇਕ ਝਾਤ – ਅਰੁਣ ਜੇਟਲੀ 5
- ਨਕਦ ਅਰਥਚਾਰੇ ਤੋਂ ਘੱਟ ਨਕਦ ਅਰਥਵਿਵਸਥਾ ਵੱਲ – ਪਰਵਾਕਰ ਸਾਹੂ, ਅਮੋਘ ਅਰੋੜਾ 7
- ਨੋਟਬੰਦੀ : ਚੋਣਾ ਉੱਤੇ ਪ੍ਰਭਾਵ – ਐੱਸ ਵਾਈ ਕੁਰੇਸ਼ੀ 12
- ਘੱਟ ਨਕਦੀ ਵਾਲਾ ਅਰਥਚਾਰਾ : ਕਾਲੇ ਧਨ ਉੱਤੇ ਪ੍ਰਭਾਵ – ਟਿਮਸੀ ਜੈਪੁਰੀਆ 15
- ਸਾਈਬਰ ਸੁਰੱਖਿਆ : ਮੁੱਦੇ ਅਤੇ ਅਗਲੇਰੇ ਰਾਹ – ਬੀ ਐੱਮ ਮੇਹਤਰੇ 16
- ਘੱਟ ਨਕਦ ਅਰਥਵਿਵਸਥਾ : ਭਾਰਤ ਅਤੇ ਵਿਸ਼ਵ – ਅਰਪਿਤਾ ਮੁਖਰਜੀ, ਤਨੂੰ ਐੱਮ ਗੋਇਲ 20
- ਨਕਦੀ-ਰਹਿਤ ਪੇਂਡੂ ਅਰਥਵਿਵਸਥਾ ਹਾਸਲ ਕਰਨਾ – ਸਮੀਰਾ ਸੌਰਭ 23
- ਡਿਜੀਟਲ ਆਰਥਿਕਤਾ ਰਾਹੀਂ ਦਿਹਾਤੀ ਆਰਥਿਕਤਾ ਨੂੰ ਹੁਲਾਰਾ – ਸੰਦੀਪ ਦਾਸ 27
- ਨੋਟਬੰਦੀ : ਘੱਟ ਨਕਦੀ ਵਾਲੀ ਆਰਥਿਕਤਾ ਵੱਲ ਇਕ ਕਦਮ – ਡੀ ਐੱਸ ਮਲਿਕ 30
- ਨੋਟਬੰਦੀ, ਘੱਟ ਨਕਦੀ ਵਾਲੀ ਆਰਥਿਕਤਾ ਅਤੇ ਵਿਕਾਸ ਵਾਲੀ ਆਰਥਿਕਤਾ ਵੱਲ ਵਧਦੇ ਕਦਮ – ਜੀ. ਰਘੂਰਾਜ 34
- ਨੋਟਬੰਦੀ, ਨਕਦੀ-ਰਹਿਤ ਆਰਥਿਕਤਾ ਅਤੇ ਵਿਕਾਸ – ਬੀ.ਕੇ. ਪਟਨਾਇਕ 38



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 – ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਸੰਪਾਦਕੀ

**8** ਨਵੰਬਰ, 2016 ਦੀ ਰਾਤ ਨੂੰ ਜਦੋਂ ਪ੍ਰਧਾਨ ਮੰਤਰੀ ਨੇ 500 ਤੇ 1000 ਰੁਪਏ ਦੇ ਨੋਟ ਬੰਦ ਕਰਨ ਦਾ ਐਲਾਨ ਕੀਤਾ ਤਾਂ ਦੇਸ਼ ਭਰ ਵਿੱਚ ਸਭ ਤੋਂ ਪਹਿਲਾ ਹੁੰਗਾਰਾ ਅਚੰਭੇ ਅਤੇ ਨਾ ਯਕੀਨ ਕਰਨ ਵਾਲਾ ਸੀ।

ਇਸ ਕਦਮ ਦਾ ਮੁੱਖ ਉਦੇਸ਼ ਕਾਲੇ ਧਨ, ਭ੍ਰਿਸ਼ਟਾਚਾਰ ਅਤੇ ਨਕਲੀ ਨੋਟਾਂ ਦੇ ਖ਼ਤਰੇ ਨੂੰ ਨੱਥ ਪਾਉਣਾ ਸੀ। ਕਿਉਂਕਿ ਮਹਿੰਗਾਈ ਦਰ ਅਤੇ ਵਸਤਾਂ ਦੀਆਂ ਕੀਮਤਾਂ ਰੋਜ਼ ਖਰੀਦਦਾਰੀ ਦੇ ਦ੍ਰਿਸ਼ ਤੋਂ ਇਕ ਤਰ੍ਹਾਂ ਨਾਲ ਗਾਇਬ ਹੋ ਗਏ ਸਨ। ਇਕ ਲਤੀਫਾ ਬਹੁਤ ਮਸ਼ਹੂਰ ਹੋ ਗਿਆ ਸੀ ਕਿ 10 ਰੁਪਏ ਲੈਣ ਵਾਲੇ ਦੋ ਲੋਕ ਹੀ ਹੋਣਗੇ – ਇਕ ਰੱਬ ਤੇ ਦੂਜਾ ਭਿਖਾਰੀ।

ਭਾਰਤ ਵਿੱਚ ਪਹਿਲਾਂ ਵੀ ਦੋ ਵਾਰ ਨੋਟਬੰਦੀ ਅਮਲ ਵਿੱਚ ਆ ਚੁੱਕੀ ਹੈ। ਇਕ ਵਾਰ 1946 ਵਿੱਚ ਅਤੇ ਦੂਜੀ ਵਾਰ 1978 ਵਿੱਚ। ਪਰ, ਇਨ੍ਹਾਂ ਦੋਵਾਂ ਮੌਕਿਆਂ ਉਤੇ ਭਾਰਤ ਦਾ ਅਰਥਚਾਰਾ ਇੰਨਾ ਖ਼ੁਸ਼ਹਾਲ ਨਹੀਂ ਸੀ। ਬੰਦ ਕੀਤੇ ਗਏ ਨੋਟ ਬਹੁਤ ਉੱਚੇ ਮੁੱਲ ਦੇ ਸਨ ਜੋ ਬਹੁਤ ਘੱਟ ਲੋਕਾਂ ਕੋਲ ਸਨ। ਇਸ ਕਰਕੇ ਆਮ ਆਦਮੀ ਨੂੰ ਬਹੁਤੀ ਕਠਿਨਾਈ ਦਾ ਸਾਹਮਣਾ ਨਹੀਂ ਕਰਨਾ ਪਿਆ। ਪਰ, ਨੋਟਬੰਦੀ ਦੇ ਮੌਜੂਦਾ ਐਲਾਨ ਦੇ ਵਿਆਪਕ ਸਿੱਟੇ ਨਿਕਲੇ। ਕਿਉਂਕਿ 500 ਅਤੇ 1000 ਰੁਪਏ ਦੇ ਨੋਟਾਂ ਦਾ ਪ੍ਰਚਲਨ ਬਹੁਤ ਜ਼ਿਆਦਾ ਸੀ, ਇਨ੍ਹਾਂ ਨੂੰ ਬੰਦ ਕਰਨ ਦੇ ਐਲਾਨ ਮਗਰੋਂ ਲੋਕਾਂ ਕੋਲ ਰੋਜ਼ਮਰਾ ਦੀਆਂ ਚੀਜ਼ਾਂ ਜਿਵੇਂ ਬ੍ਰੈੱਡ, ਦੁੱਧ, ਅੰਡੇ, ਸਬਜ਼ੀਆਂ ਅਤੇ ਫਲ ਆਦਿ ਖਰੀਦਣ ਲਈ ਨਕਦੀ ਨਾ-ਮਾਤਰ ਹੀ ਬਚੀ। ਬੱਚਿਆਂ ਦੀਆਂ ਫੀਸਾਂ ਕਿਵੇਂ ਭਰੀਆਂ ਜਾਣ, ਤਨਖ਼ਾਹਾਂ ਕਿੱਥੋਂ ਦਿੱਤੀਆਂ ਜਾਣ, ਇਹ ਸਾਰੇ ਮੁੱਦੇ ਆਮ ਆਦਮੀ ਲਈ ਚਿੰਤਾ ਦਾ ਵਿਸ਼ਾ ਬਣ ਗਏ। ਬੈਂਕਾਂ ਅਤੇ ਏ ਟੀ ਐੱਮ ਵਿੱਚ ਨਕਦੀ ਦੀ ਕਮੀ ਨੇ ਲੋਕਾਂ ਦੀਆਂ ਮੁਸੀਬਤਾਂ ਵਿੱਚ ਹੋਰ ਵਾਧਾ ਕਰ ਦਿੱਤਾ। ਬੈਂਕਾਂ ਵਿੱਚ ਨਕਦੀ ਜਮ੍ਹਾ ਕਰਵਾਉਣ, ਪੁਰਾਣੇ ਨੋਟ ਬਦਲ ਕੇ ਨਵੇਂ ਲੈਣ ਅਤੇ ਏ ਟੀ ਐੱਮ ਤੋਂ ਨਕਦੀ ਕਢਵਾਉਣ ਲਈ ਆਪਾ-ਧਾਪੀ ਮੱਚ ਗਈ।

ਸਿਰਫ ਇਕ ਗੱਲ ਨੇ ਆਮ ਆਦਮੀ ਨੂੰ ਧਰਵਾਸ ਦਿੱਤਾ ਕਿ ਨੋਟਬੰਦੀ ਦਾ ਮਕਸਦ ਕਾਲੇ ਧਨ ਨੂੰ ਬਾਹਰ ਕੱਢਣਾ ਅਤੇ ਅੱਤਵਾਦ ਲਈ ਵਰਤੇ ਜਾਂਦੇ ਪੈਸੇ ਉਤੇ ਲਗਾਮ ਕੱਸਣਾ ਹੈ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਨ ਵਿੱਚ ਐਲਾਨ ਕੀਤਾ ਕਿ ਇਸ ਕਦਮ ਨਾਲ ਭ੍ਰਿਸ਼ਟਾਚਾਰ, ਕਾਲੇ ਧਨ ਅਤੇ ਨਕਲੀ ਨੋਟਾਂ ਖਿਲਾਫ਼ ਲੜਾਈ ਵਿੱਢਣ ਲਈ ਆਮ ਆਦਮੀ ਦੇ ਹੱਥ ਮਜ਼ਬੂਤ ਹੋਣਗੇ। ਕਾਲੇ ਧਨ ਤੋਂ ਪੈਦਾ ਹੋਈਆਂ ਸਮੱਸਿਆਵਾਂ ਅਤੇ ਇਸ ਧਨ ਨਾਲ ਅੱਤਵਾਦੀ ਸਰਗਰਮੀਆਂ ਵਿੱਚ ਸ਼ਾਮਲ ਸੰਗਠਨਾਂ ਦੀਆਂ ਹਿੰਸਕ ਸਰਗਰਮੀਆਂ ਤੋਂ ਅੱਕੀ ਆਮ ਜਨਤਾ ਖ਼ੁਸ਼ ਸੀ ਕਿ ਇਨ੍ਹਾਂ ਸਰਗਰਮੀਆਂ ਨੂੰ ਨੱਥ ਪਾਉਣ ਲਈ ਇਕ ਵੱਡਾ ਕਦਮ ਪੁੱਟਿਆ ਗਿਆ ਹੈ। ਸਰਕਾਰ ਦਾ ਇਕ ਦੂਜਾ ਉਦੇਸ਼ ਨਕਦੀ-ਰਹਿਤ ਅਰਥਚਾਰੇ ਦਾ ਨਿਰਮਾਣ ਕਰਨਾ ਸੀ। ਨਕਦੀ-ਰਹਿਤ ਲੈਣ-ਦੇਣ ਵਿੱਚ ਪਾਰਦਰਸ਼ਤਾ ਬਣੇ ਰਹਿਣ ਦਾ ਫਾਇਦਾ ਰਹਿੰਦਾ ਹੈ, ਮਤਲਬ ਸਾਰੇ ਹੀ ਲੈਣ-ਦੇਣ ਦਾ ਪਤਾ ਲਗਾ ਕੇ ਉਸ ਉਤੇ ਨਜ਼ਰ ਰੱਖੀ ਜਾ ਸਕਦੀ ਹੈ। ਇਸ ਨਾਲ ਸਰਕਾਰ ਨੂੰ ਅੱਤਵਾਦੀ ਸੰਗਠਨਾਂ ਅਤੇ ਦੂਜੀਆਂ ਵਿਰੋਧੀ ਸਰਗਰਮੀਆਂ ਉਤੇ ਨਜ਼ਰ ਰੱਖਣ ਵਿੱਚ ਮਦਦ ਮਿਲੇਗੀ। ਇਸੇ ਹੀ ਸਮੇਂ ਲੋਕਾਂ ਦਾ ਮੌਜੂਦਾ ਚਿੱਟਾ ਧਨ ਬੈਂਕਾਂ ਵਿੱਚ ਰਹੇਗਾ ਜਿਸ ਦੀ ਸਰਕਾਰ ਨੂੰ ਜਾਣਕਾਰੀ ਹੋਵੇਗੀ। ਇਸ ਦੇ ਪ੍ਰਣਾਲੀ ਵਿੱਚ ਦੁਬਾਰਾ ਆਉਣ ਨਾਲ ਲੋੜਵੰਦਾਂ ਨੂੰ ਕਰਜ਼ੇ ਦਿੱਤੇ ਜਾ ਸਕਣਗੇ ਅਤੇ ਵਿਕਾਸ ਮੁਖੀ ਸਰਗਰਮੀਆਂ ਲਈ ਇਸ ਧਨ ਦੀ ਵਰਤੋਂ ਕੀਤੀ ਜਾ ਸਕੇਗੀ।

ਪਰ, ਭਾਰਤ ਵਰਗੇ ਦੇਸ਼ ਵਿੱਚ, ਜਿਥੇ ਜਨਸੰਖਿਆ ਦਾ ਵੱਡਾ ਭਾਗ ਅਨਪੜ੍ਹ ਹੈ ਅਤੇ ਪੇਂਡੂ ਖੇਤਰਾਂ ਵਿੱਚ ਡਿਜੀਟਲ ਲੈਣ-ਦੇਣ ਲਈ ਢੁਕਵਾਂ ਬੁਨਿਆਦੀ ਢਾਂਚਾ ਨਹੀਂ, ਉਥੇ ਸੰਪੂਰਨ ਨਕਦੀ-ਰਹਿਤ ਆਰਥਿਕਤਾ ਦਾ ਨਿਰਮਾਣ ਕਰਨਾ ਸੰਭਵ ਨਹੀਂ ਹੈ। ਇਸ ਲਈ ਹੁਣ ਘੱਟ ਨਕਦੀ ਵਾਲੀ ਆਰਥਿਕਤਾ ਸਿਰਜਣ ਲਈ ਯਤਨ ਕੀਤੇ ਜਾ ਰਹੇ ਹਨ, ਮਤਲਬ ਆਰਥਿਕਤਾ ਦੀ ਅਜਿਹੀ ਪ੍ਰਣਾਲੀ ਜਿਸ ਵਿੱਚ ਲੈਣ-ਦੇਣ ਦਾ ਕੁੱਝ ਹਿੱਸਾ ਨਕਦੀ ਵਿੱਚ ਹੋਵੇਗਾ ਅਤੇ ਬਾਕੀ ਡਿਜੀਟਲ ਭੁਗਤਾਨ ਰਾਹੀਂ ਅਮਲ ਵਿੱਚ ਲਿਆਂਦਾ ਜਾਵੇਗਾ। ਡਿਜੀਟਲ ਭੁਗਤਾਨ ਕਰਨ ਵਾਲਿਆਂ ਅਤੇ ਡਿਜੀਟਲ ਤਰੀਕੇ ਨਾਲ ਭੁਗਤਾਨ ਕਰਨ ਵਿੱਚ ਸਹਾਈ ਹੋਣ ਵਾਲਿਆਂ ਲਈ ਪ੍ਰੋਤਸਾਹਨ ਪੇਸ਼ ਕੀਤੇ ਜਾ ਰਹੇ ਹਨ।

ਪਰ, ਘੱਟ ਨਕਦੀ ਵਾਲੀ ਆਰਥਿਕਤਾ ਵਿੱਚ ਚਿੰਤਾ ਦਾ ਮੁੱਖ ਵਿਸ਼ਾ ਸਾਈਬਰ, ਜੁਰਮ ਦਾ ਖ਼ਤਰਾ ਹੈ। ਭਾਵੇਂ ਕਿ ਡਿਜੀਟਲ ਤਰੀਕੇ ਦੇ ਲੈਣ-ਦੇਣ ਨਾਲ ਹੱਥੀਂ ਨਕਦੀ ਲੈ ਕੇ ਜਾਣ ਦਾ ਜੋਖ਼ਮ ਘੱਟ ਜਾਂਦਾ ਹੈ, ਪਰ ਇਹ ਸਾਈਬਰ ਸੁਰੱਖਿਆ ਜੋਖ਼ਮਾਂ ਦੀ ਮਾਰ ਵਿੱਚ ਰਹਿੰਦੇ ਹਨ। ਇਸੇ ਹੀ ਸਮੇਂ, ਸਾਈਬਰ ਜੁਰਮਾਂ ਨਾਲ ਨਜਿੱਠਣ ਲਈ ਹੱਲ ਵੀ ਮੌਜੂਦ ਹਨ। ਸਾਈਬਰ ਸੁਰੱਖਿਆ ਵਿੱਚ ਸੰਨ੍ਹ ਲੱਗਣ ਦਾ ਕਾਰਨ ਅਕਸਰ ਤਕਨਾਲੋਜੀ ਨਹੀਂ ਹੁੰਦੀ, ਸਗੋਂ ਵਰਤੋਂਕਾਰ ਦੀ ਲਾਪ੍ਰਵਾਹੀ ਇਸ ਲਈ ਵੱਧ ਜ਼ਿੰਮੇਵਾਰ ਹੁੰਦੀ ਹੈ। ਇਸ ਕਰਕੇ ਲੋੜ ਇਸ ਗੱਲ ਦੀ ਹੈ ਕਿ ਸਾਈਬਰ ਸੁਰੱਖਿਆ ਦੇ ਉੱਚ ਮਿਆਰ ਯਕੀਨੀ ਬਣਾਉਣ ਲਈ ਸਖ਼ਤ ਨੀਤੀਆਂ ਬਣਾਈਆਂ ਜਾਣ ਅਤੇ ਲੋਕਾਂ ਨੂੰ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਪ੍ਰਤਿ ਸਿੱਖਿਅਤ ਕੀਤਾ ਜਾਵੇ ਤਾਂ ਕਿ ਖ਼ਤਰੇ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।

ਵੱਖ-ਵੱਖ ਦੇਸ਼ਾਂ ਵਿੱਚ ਆਰਥਿਕਤਾ ਨੂੰ ਡਿਜੀਟਲ ਕੀਤਾ ਗਿਆ ਹੈ। ਕੁੱਝ ਦੇਸ਼ਾਂ ਵਿੱਚ ਇਹ ਸਫਲ ਰਿਹਾ ਹੈ ਅਤੇ ਕੁੱਝ ਵਿੱਚ ਬਹੁਤ ਸਫਲ ਨਹੀਂ ਰਿਹਾ। ਹੁਣ ਤੱਕ ਦੀ ਸਭ ਤੋਂ ਸਫਲ ਕੋਸ਼ਿਸ਼ ਸਵੀਡਨ ਵਿੱਚ ਹੋਈ ਹੈ। ਭਾਰਤ ਵਿੱਚ ਇਹ ਕਿੰਨਾ ਸਫਲ ਹੋਵੇਗਾ, ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਭਾਰਤ ਦੇ ਵਿਆਪਕ ਅਨਪੜ੍ਹ ਤੇ ਘੱਟ ਪੜ੍ਹੀ-ਲਿਖੀ ਜਨਸੰਖਿਆ ਵਿੱਚ ਕਿੰਨੀ ਜਾਗਰੂਕਤਾ ਪੈਦਾ ਕੀਤੀ ਜਾਂਦੀ ਹੈ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿੱਚ ਜਿਥੇ ਇੰਟਰਨੈੱਟ ਤੱਕ ਪਹੁੰਚ ਬਹੁਤ ਘੱਟ ਜਾਂ ਨਾ ਦੇ ਬਰਾਬਰ ਹੈ। ਸਾਈਬਰ ਸੁਰੱਖਿਆ ਦੇ ਮੁੱਦਿਆਂ ਨਾਲ ਨਜਿੱਠਣ ਲਈ ਢੁੱਕਵੀਆਂ ਸਰਕਾਰੀ ਨੀਤੀਆਂ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਆਪਕ ਅਭਿਆਨਾਂ ਨਾਲ ਆਸ ਕੀਤੀ ਜਾ ਸਕਦੀ ਹੈ ਕਿ ਡਿਜੀਟਲ ਆਰਥਿਕਤਾ ਦੇ ਖੇਤਰ ਵਿੱਚ ਭਾਰਤ ਵਿਸ਼ਵ ਪੱਧਰੀ ਧਿਰ ਵਜੋਂ ਉੱਭਰ ਸਕਦਾ ਹੈ।

– ਮੁੱਖ ਸੰਪਾਦਕ

# ਨੋਟਬੰਦੀ : ਪਿਛਲੇ ਦੋ ਮਹੀਨਿਆਂ ਉਤੇ ਇਕ ਝਾਤ

ਅਰੁਣ ਜੇਟਲੀ

ਪ੍ਰਧਾਨ ਮੰਤਰੀ ਵਲੋਂ ਐਲਾਨੇ ਇਸ ਫੈਸਲੇ ਕਿ ਵੱਡੀ ਕੀਮਤ ਵਾਲੇ ਕਰੰਸੀ ਨੋਟ ਹੁਣ ਜਾਇਜ਼ ਨਹੀਂ ਰਹਿਣਗੇ, ਨੂੰ ਦੋ ਮਹੀਨੇ ਤੋਂ ਵੱਧ ਸਮਾਂ ਹੋ ਚੁੱਕਾ ਹੈ। ਨਤੀਜੇ ਵਜੋਂ ਉਨ੍ਹਾਂ ਨੋਟਾਂ ਨੂੰ ਬੰਦ ਕਰ ਦਿੱਤਾ ਗਿਆ। ਜਦੋਂ ਦੇਸ਼ ਦੀ 86 ਪ੍ਰਤਿਸ਼ਤ ਕਰੰਸੀ, ਜੋ ਕਿ ਕੁੱਲ ਘਰੇਲੂ ਉਤਪਾਦ ਦੇ 12.2 ਪ੍ਰਤਿਸ਼ਤ ਦੇ ਬਰਾਬਰ ਸੀ, ਬਾਜ਼ਾਰ ਵਿੱਚੋਂ ਵਾਪਸ ਲੈ ਲਈ ਗਈ ਅਤੇ ਉਸ ਦੀ ਥਾਂ ਨਵੀਂ ਕਰੰਸੀ ਨੇ ਲੈਣੀ ਸੀ ਤਾਂ ਇਸ ਫੈਸਲੇ ਦੇ ਕਈ ਅਹਿਮ ਸਿੱਟੇ ਨਿਕਲਣੇ ਸਨ। ਹੁਣ ਜਦ ਕਿ ਨੋਟਬੰਦੀ ਦਾ ਕੰਮ ਮੁੱਕ ਚੁੱਕਾ ਹੈ ਤਾਂ ਇਹ ਚੰਗਾ ਹੋਵੇਗਾ ਕਿ ਇਸ ਫੈਸਲੇ ਦੇ ਪਿੱਛੇ ਦੇ ਕਾਰਨਾਂ ਅਤੇ ਇਸ ਦੇ ਪ੍ਰਭਾਵਾਂ ਦਾ ਜਾਇਜ਼ਾ ਲਿਆ ਜਾਵੇ।

## ਕਾਲੇ ਧਨ ਦੇ ਖਿਲਾਫ਼ ਕਦਮ

ਮੌਜੂਦਾ ਸਰਕਾਰ ਨੂੰ ਪਹਿਲੇ ਦਿਨ ਤੋਂ ਹੀ ਸਪੱਸ਼ਟ ਸੀ ਕਿ ਇਹ ਮੁਕਾਬਲੇ ਦੀ ਆਰਥਿਕਤਾ ਅਤੇ ਕਾਲੇ ਧਨ ਵਿਰੁੱਧ ਕਦਮ ਹੋਵੇਗਾ। ਇਸ ਦਾ ਪਹਿਲਾ ਫੈਸਲਾ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਇਕ ਐੱਸ ਆਈ ਟੀ ਕਾਇਮ ਕਰਨ ਦਾ ਸੀ। ਪ੍ਰਧਾਨ ਮੰਤਰੀ ਨੇ ਬ੍ਰਿਸਬੇਨ ਵਿਖੇ ਆਯੋਜਿਤ ਜੀ-20 ਸੰਮੇਲਨ ਵਿੱਚ ਪ੍ਰਸਤਾਵ ਰੱਖਿਆ ਸੀ ਕਿ ਆਧਾਰ ਨੂੰ ਖੋਰਾ ਲੱਗਣ ਅਤੇ ਮੁਨਾਫਾ ਤਬਦੀਲ ਹੋਣ ਬਾਰੇ ਸੂਚਨਾ ਸਾਂਝੀ ਕਰਨ ਦੇ ਕੰਮ ਵਿੱਚ ਅੰਤਰਰਾਸ਼ਟਰੀ ਸਹਿਯੋਗ ਵਿੱਚ ਤੇਜ਼ੀ ਲਿਆਂਦੀ ਜਾਣੀ ਚਾਹੀਦੀ ਹੈ। ਅਮਰੀਕਾ ਨਾਲ ਪ੍ਰਬੰਧ ਕਰਕੇ ਇਸ ਵਿੱਚ ਤੇਜ਼ੀ ਲਿਆਂਦੀ ਗਈ। ਸਰਕਾਰ ਨੇ ਸਵਿਟਜ਼ਰਲੈਂਡ ਨਾਲ ਸਮਝੌਤਾ ਕੀਤਾ ਕਿ 2019 ਤੋਂ ਸਵਿਟਜ਼ਰਲੈਂਡ ਵਿੱਚ ਮੌਜੂਦ ਸਾਰੇ ਭਾਰਤੀ ਸ਼ਹਿਰੀਆਂ ਅਤੇ ਭਾਰਤ ਵਿੱਚ ਮੌਜੂਦ ਸਾਰੇ ਸਵਿਸ ਸ਼ਹਿਰੀਆਂ ਦੀਆਂ ਜਾਇਦਾਦਾਂ ਦੇ ਵੇਰਵੇ ਇਕ ਦੂਜੇ ਨੂੰ ਦਿੱਤੇ ਜਾਣਗੇ। ਮਾਰੀਸ਼ਸ਼ ਨਾਲ 1996 ਤੋਂ ਜਾਰੀ ਦੋਹਰੇ ਟੈਕਸ ਪ੍ਰਬੰਧ ਤੋਂ ਬਚਣ ਦੀ ਸੰਧੀ ਉਤੇ ਮੁੜ ਚਰਚਾ ਹੋਈ। ਸਾਈਪ੍ਰਸ ਅਤੇ ਸਿੰਗਾਪੁਰ ਨਾਲ ਅਜਿਹੀਆਂ ਸੰਧੀਆਂ ਮੁੜ ਕੀਤੀਆਂ ਗਈਆਂ ਹਨ। ਭਾਰਤ ਤੋਂ ਬਾਹਰ ਬਣੀਆਂ ਨਾਜਾਇਜ਼ ਜਾਇਦਾਦਾਂ ਨਾਲ ਨਜਿੱਠਣ ਲਈ ਕਾਲੇ ਧਨ ਸੰਬੰਧੀ ਕਾਨੂੰਨ ਨੇ ਇਕ ਨਵਾਂ ਰਾਹ ਖੋਲ੍ਹ ਦਿੱਤਾ। ਇਸ ਕਾਨੂੰਨ ਵਿੱਚ 60 ਪ੍ਰਤਿਸ਼ਤ ਟੈਕਸ ਦੇ ਕੇ ਆਮਦਨ ਦਾ ਪ੍ਰਗਟਾਵਾ ਕਰਨ ਅਤੇ 10 ਸਾਲ ਦੀ ਕੈਦ ਦਾ ਪ੍ਰਬੰਧ ਹੈ।

ਆਮਦਨ ਐਲਾਨਣ ਦੀ ਸਕੀਮ (ਆਈ ਡੀ ਐੱਸ) 2016 ਨੂੰ ਭਾਰੀ ਸਫਲਤਾ ਮਿਲੀ। ਇਸ ਵਿੱਚ 45 ਪ੍ਰਤਿਸ਼ਤ ਟੈਕਸ ਅਦਾ ਕਰਕੇ ਕਾਲਾ ਧਨ ਐਲਾਨਣ ਦਾ ਪ੍ਰਬੰਧ ਸੀ। ਦੋ ਲੱਖ ਤੋਂ ਵੱਧ ਦੇ ਨਕਦ ਲੈਣ-ਦੇਣ ਵਿੱਚ ਪੈਨ ਕਾਰਡ ਵਿਖਾਉਣਾ ਜ਼ਰੂਰੀ ਕੀਤੇ ਜਾਣ ਨਾਲ ਕਾਲੇ ਧਨਰਾਹੀ ਅਦਾਇਗੀਆਂ ਦੇ ਰਾਹ ਵਿੱਚ ਰੁਕਾਵਟ ਖੜ੍ਹੀ ਕਰ ਦਿੱਤੀ ਗਈ। ਬੇਨਾਮੀ ਜਾਇਦਾਦ ਬਾਰੇ ਕਾਨੂੰਨ 1988 ਵਿੱਚ ਬਣਾਇਆ ਗਿਆ ਸੀ ਪਰ ਇਸ ਨੂੰ ਲਾਗੂ ਨਹੀਂ ਕੀਤਾ ਗਿਆ ਸੀ। ਇਸ ਵਿੱਚ ਸੋਧ ਕਰਕੇ ਇਸ ਨੂੰ ਲਾਗੂ ਕੀਤਾ ਗਿਆ। ਜੀ ਐੱਸ ਟੀ, ਜੋ ਕਿ ਇਸ ਸਾਲ ਲਾਗੂ ਹੋਣਾ ਹੈ, ਨਾਲ ਅਸਿੱਧੇ ਟੈਕਸ ਪ੍ਰਸ਼ਾਸਨ ਵਿੱਚ ਮਦਦ ਮਿਲੇਗੀ ਅਤੇ ਵਧੇਰੇ ਨਿਪੁੰਨ ਕਾਨੂੰਨ ਹੋਣ ਕਾਰਨ ਟੈਕਸ ਚੋਰੀ ਰੁਕ ਸਕੇਗੀ। ਵੱਡੇ ਨੋਟਾਂ ਦੀ ਨੋਟਬੰਦੀ ਹੋਣ ਕਾਰਨ ਇਸ ਦਿਸ਼ਾ ਵਿੱਚ ਇਕ ਵੱਡਾ ਕਦਮ ਹੈ।

## ਨਵੇਂ ਆਮ ਆਦਮੀ

125 ਕਰੋੜ ਦੀ ਆਬਾਦੀ ਵਾਲੇ ਦੇਸ਼ ਵਿੱਚ 2015-16 ਦੇ ਸਾਲ ਵਿੱਚ 3.7 ਕਰੋੜ ਲੋਕਾਂ ਨੇ ਇਨਕਮ ਟੈਕਸ ਰਿਟਰਨਾਂ ਭਰੀਆਂ। ਇਨ੍ਹਾਂ ਵਿੱਚੋਂ 99 ਲੱਖ ਤੋਂ ਵੱਧ ਨੇ ਐਲਾਨਿਆ ਕਿ ਉਨ੍ਹਾਂ ਦੀ ਆਮਦਨ 2.5 ਲੱਖ ਰੁਪਏ ਪ੍ਰਤਿ ਸਾਲ ਤੋਂ ਘੱਟ ਹੈ ਅਤੇ ਉਨ੍ਹਾਂ ਨੇ ਕੋਈ ਟੈਕਸ ਅਦਾ ਨਹੀਂ ਕੀਤਾ। 1.95 ਕਰੋੜ ਨੇ ਐਲਾਨਿਆ ਕਿ ਉਨ੍ਹਾਂ ਦੀ ਆਮਦਨ 5 ਲੱਖ ਤੋਂ ਘੱਟ ਹੈ ਅਤੇ 52 ਲੱਖ ਨੇ ਐਲਾਨਿਆ ਕਿ ਉਨ੍ਹਾਂ ਦੀ ਆਮਦਨ 5 ਲੱਖ ਤੋਂ 10 ਲੱਖ ਦਰਮਿਆਨ ਹੈ ਅਤੇ ਸਿਰਫ 24 ਲੱਖ ਨੇ ਹੀ ਦੱਸਿਆ ਕਿ ਉਨ੍ਹਾਂ ਦੀ ਆਮਦਨ 10 ਲੱਖ ਰੁਪਏ ਤੋਂ ਉਪਰ ਹੈ। ਇਸ ਨੂੰ ਦਰਸਾਉਣ ਲਈ ਇਸ ਤੋਂ ਵਧੀਆ ਕੋਈ ਵੀ ਸਬੂਤ ਨਹੀਂ ਹੋ ਸਕਦਾ ਕਿ ਸਿੱਧੇ ਅਤੇ ਅਸਿੱਧੇ ਟੈਕਸਾਂ ਦੇ ਮਾਮਲੇ ਵਿੱਚ ਭਾਰਤ ਨੂੰ ਸਹੀ ਟੈਕਸ ਨਾ ਅਦਾ ਹੋਣ ਉੱਤੇ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਗਰੀਬੀ ਦੇ ਖਾਤਮੇ, ਰਾਸ਼ਟਰੀ ਸੁਰੱਖਿਆ ਅਤੇ ਆਰਥਿਕ ਵਿਕਾਸ ਲਈ ਜੋ-ਜੋ ਖਰਚਾ ਚਾਹੀਦਾ ਹੈ, ਟੈਕਸਾਂ ਦੀ ਆਮਦਨ ਨਾ ਆਉਣ ਕਾਰਨ ਉਸ ਨਾਲ ਸਮਝੌਤਾ ਕਰਨਾ ਪੈ ਰਿਹਾ ਹੈ। ਸੱਤ ਦਹਾਕਿਆਂ ਤੋਂ 'ਆਮ' ਭਾਰਤੀਆਂ ਨੂੰ ਅੱਧਾ ਲੈਣ-ਦੇਣ ਨਕਦ ਅਤੇ ਚੈੱਕਾਂ ਰਾਹੀਂ ਕਰਨਾ ਪੈ ਰਿਹਾ ਹੈ। 'ਕੱਚੇ' ਅਤੇ 'ਪੱਕੇ' ਖਾਤੇ ਵਪਾਰਕ ਲੈਣ-ਦੇਣ ਦਾ ਇਕ ਹਿੱਸਾ ਬਣੇ ਹੋਏ ਹਨ। ਟੈਕਸ ਚੋਰੀ ਨੂੰ ਨਾ ਤਾਂ ਅਨੈਤਿਕ ਤੇ ਨਾ ਹੀ ਗਲਤ ਮੰਨਿਆ ਜਾ ਰਿਹਾ ਹੈ। ਇਹ ਜ਼ਿੰਦਗੀ ਦਾ ਹਿੱਸਾ ਬਣ ਚੁੱਕਾ ਹੈ। ਪ੍ਰਧਾਨ ਮੰਤਰੀ ਵਲੋਂ ਲਿਆ ਗਿਆ ਫੈਸਲਾ ਇਕ ਨਵਾਂ 'ਆਮ' ਬਣਾਉਣ ਲਈ ਹੈ। ਇਹ ਭਾਰਤ ਅਤੇ ਭਾਰਤੀਆਂ ਦੇ ਖਰਚਾ ਢਾਂਚੇ ਨੂੰ ਤਬਦੀਲ ਕਰਨ ਲਈ ਹੈ। ਇਹ ਤਾਂ ਫਿਰ ਤਬਾਹਕੁੰਨ ਹੀ ਗਿਣਿਆ ਜਾਂਦਾ

ਹੈ। ਸਾਰੇ ਸੁਧਾਰ ਤਬਾਹਕੁੰਨ ਹੀ ਹੁੰਦੇ ਹਨ। ਉਹ ਮੌਜੂਦਾ ਸਥਿਤੀ ਵਿੱਚ ਉਥਲ-ਪੁਥਲ ਜੋ ਮਚਾ ਦਿੰਦੇ ਹਨ। ਨੋਟਬੰਦੀ ਨੇ ਇਮਾਨਦਾਰਾਂ ਨੂੰ ਨਵਾਜ਼ਿਆ ਹੈ ਅਤੇ ਬੇਈਮਾਨਾਂ ਨੂੰ ਸਜ਼ਾ ਦਿੱਤੀ ਹੈ।

## ਨਕਦੀ ਦੇ ਮਾੜੇ ਨਤੀਜੇ

ਕਾਗ਼ਜ਼ੀ ਕਰੰਸੀ ਜ਼ੀਰੋ ਵਿਆਜ ਵਾਲਾ ਇਕ ਗੁੰਮਨਾਮ ਬੇਅਰਰ ਬਾਂਡ ਹੁੰਦਾ ਹੈ। ਇਸ ਨਾਲ ਜੁੜਿਆ ਕੋਈ ਵੀ ਇਤਿਹਾਸ ਜਾਂ ਨਾਂ ਨਹੀਂ ਹੁੰਦਾ। ਜੁਰਮ ਤਾਂ ਨਕਦੀ ਨਾਲ ਜਾਂ ਨਕਦੀ ਤੋਂ ਬਿਨਾਂ ਵੀ ਹੋ ਸਕਦਾ ਹੈ ਪਰ ਵਾਧੂ ਨਕਦੀ ਰੂਪੋਸ਼ ਆਰਥਿਕਤਾ ਵਿੱਚ ਵਟਾਂਦਰੇ ਦੇ ਇਕ ਮਾਧਿਅਮ ਵਜੋਂ ਪਸੰਦ ਕੀਤੀ ਜਾਂਦੀ ਹੈ। ਪਰ ਟੈਕਸ ਭੁਗਤਾਨਾਂ ਦੀ ਅਦਾਇਗੀ ਨਾ ਹੋਣ ਦੇ ਨਤੀਜੇ ਵਜੋਂ ਇਹ ਸਾਹਮਣੇ ਆਉਂਦੀ ਹੈ ਜਿਸ ਨਾਲ ਗਰੀਬਾਂ ਅਤੇ ਵਾਂਝਿਆਂ ਦੇ ਮੁਕਾਬਲੇ ਟੈਕਸ ਚੋਰਾਂ ਦੇ ਅਮੀਰ ਹੋਣ ਦੀ ਗੱਲ ਬਣਦੀ ਹੈ। ਅਸਲੀ ਕਾਗਜ਼ੀ ਕਰੰਸੀ ਰਾਹੀਂ ਨਕਦੀ ਦਾ ਪਹਾੜ ਹਵਾਲਾ ਦੇ ਰਸਤੇ ਇਨ੍ਹਾਂ ਲੋਕਾਂ ਕੋਲ ਪਹੁੰਚਦਾ ਹੈ। ਨਕਦੀ ਅਸਲ ਗੁੰਮਨਾਮ ਭੁਗਤਾਨਾਂ ਨੂੰ ਸੁਖਾਲਾ ਬਣਾਉਂਦੀ ਹੈ। ਨਕਦੀ ਹੀ ਉਹ ਮਾਧਿਅਮ ਹੈ ਜੋ ਕਿ ਰਿਸ਼ਵਤ ਦੇਣ, ਜਾਅਲੀ ਕਰੰਸੀ ਅਤੇ ਦਹਿਸ਼ਤਵਾਦ ਦੇ ਵਧਣ ਫੁਲਣ ਵਿੱਚ ਸਹਾਈ ਹੁੰਦਾ ਹੈ। ਨੈਤਿਕਤਾ ਵਾਲੇ ਅਤੇ ਵਿਕਸਤ ਸਮਾਜ ਨਕਦੀ ਦੀ ਵਧੇਰੇ ਵਰਤੋਂ ਕਰਨ ਦੀ ਬਜਾਏ ਤਕਨਾਲੋਜੀ ਦੀ ਮਦਦ ਨਾਲ ਨਿਰੰਤਰ ਬੈਂਕਿੰਗ ਅਤੇ ਡਿਜੀਟਲ ਲੈਣ-ਦੇਣ ਵੱਲ ਵੱਧਦੇ ਹਨ। ਕਾਗ਼ਜ਼ੀ ਕਰੰਸੀ ਕਈ ਬੁਰਾਈਆਂ ਨੂੰ ਜਨਮ ਦਿੰਦੀ ਹੈ। ਜਦੋਂ ਸਰਕਾਰਾਂ ਟੈਕਸ ਚੋਰਾਂ ਤੋਂ ਵਧੇਰੇ ਟੈਕਸ ਇਕੱਠਾ ਕਰਨ ਵਿੱਚ ਸਫਲ ਹੋ ਜਾਂਦੀਆਂ ਹਨ ਤਾਂ ਉਹ ਹਰ ਇਕ ਤੋਂ ਘੱਟ ਟੈਕਸ ਲੈਣ ਦੀ ਸਥਿਤੀ ਵਿੱਚ ਹੁੰਦੀਆਂ ਹਨ। ਨਕਦੀ ਦੇ ਘਟਣ ਨਾਲ ਸ਼ਾਇਦ ਜੁਰਮ ਜਾਂ ਦਹਿਸ਼ਤਵਾਦ ਖਤਮ ਨਾ ਹੋਵੇ। ਪਰ ਇਹ ਇਨ੍ਹਾਂ ਬੁਰਾਈਆਂ ਨੂੰ ਢਾਹ ਜ਼ਰੂਰ ਲਗਾ ਸਕਦਾ ਹੈ। ਸੂਬਿਆਂ ਨੇ ਦਰਸਾਇਆ ਹੈ ਕਿ ਨਕਦੀ ਦੇ ਭੰਡਾਰ ਤਦ ਤੱਕ ਗਾਇਬ ਨਹੀਂ ਹੋ ਜਾਂਦੇ ਜਦ ਤੱਕ ਕਿ ਸਰਕਾਰਾਂ ਪੇਪਰ ਕਰੰਸੀ ਦੇ ਖਾਤਮੇ ਲਈ ਕੋਈ ਸਰਗਰਮ ਕਦਮ ਨਹੀਂ ਚੁੱਕਦੀਆਂ।

## ਫੈਸਲੇ ਦੀ ਵਿਸ਼ਾਲਤਾ

ਪ੍ਰਧਾਨ ਮੰਤਰੀ ਦੇ ਉੱਚ ਕਰੰਸੀ ਨੂੰ ਬਦਲਣ ਅਤੇ ਇਸ ਦੀ ਕਦਰ ਘਟਾਉਣ ਦੇ ਫੈਸਲੇ ਲਈ ਦਲੇਰੀ ਅਤੇ ਹਿੰਮਤ ਦੀ ਲੋੜ ਸੀ। ਇਸ ਫੈਸਲੇ ਨੂੰ ਲਾਗੂ ਕਰਨ ਵਿੱਚ ਦੁੱਖ ਪਹੁੰਚਣਾ ਸੀ। ਇਸ ਨਾਲ ਥੋੜ੍ਹੇ ਸਮੇਂ ਲਈ ਆਲੋਚਨਾ ਅਤੇ ਪ੍ਰੇਸ਼ਾਨੀ ਹੋਣੀ ਸੀ। ਕਰੰਸੀ ਨੂੰ ਜਾਮ ਕਰਨ ਨਾਲ ਆਰਥਿਕਤਾ ਉੱਤੇ ਪ੍ਰਭਾਵ ਪੈਣਾ ਹੈ। ਇਸ ਫੈਸਲੇ ਵਿੱਚ ਉੱਚ ਪੱਧਰੀ ਗੁਪਤਤਾ ਅਤੇ ਵੱਡੀ ਮਾਤਰਾ ਵਿੱਚ ਪੇਪਰ ਕਰੰਸੀ ਦੀ ਛਪਾਈ ਬੈਂਕਾਂ, ਡਾਕਖ਼ਾਨਿਆਂ, ਬੈਂਕਿੰਗ ਮਿੱਤਰਾਂ ਅਤੇ ਏ ਟੀ ਐੱਮਜ਼ ਰਾਹੀਂ ਵੰਡ ਹੋਣੀ ਸੀ।

ਇਹ ਤੱਥ ਹੈ ਕਿ ਉੱਚ ਕੀਮਤ ਵਾਲੀ ਕਰੰਸੀ ਵੱਡੀ ਮਾਤਰਾ ਵਿੱਚ ਬੈਂਕਾਂ ਵਿੱਚ ਜਮ੍ਹਾਂ ਹੋ ਗਈ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਹ ਸਾਰੀ ਨਕਦੀ ਜਾਇਜ਼ ਹੋ ਗਈ ਹੈ। ਕਾਲਾ ਧਨ ਨੇ ਸਿਰਫ ਇਸ ਲਈ ਹੀ ਆਪਣਾ ਰੰਗ ਨਹੀਂ ਬਦਲਿਆ ਕਿ ਉਸ ਨੂੰ ਬੈਂਕਾਂ ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ ਹੈ। ਇਸ ਦੇ ਉਲਟ ਇਹ ਆਪਣਾ ਗੁੰਮਨਾਮਪੁਣਾ ਗਵਾ ਚੁੱਕਾ ਹੈ ਅਤੇ ਇਸ ਦੇ ਮਾਲਕ ਦੀ ਹੁਣ ਪਛਾਣ ਹੋ ਚੁੱਕੀ ਹੈ। ਇਸ ਲਈ ਮਾਲ ਵਿਭਾਗ ਹੁਣ ਇਸ ਰਕਮ ਉੱਤੇ ਟੈਕਸ ਲਗਾ ਸਕਦਾ ਹੈ। ਕਿਸੇ ਵੀ ਹਾਲਤ ਵਿੱਚ ਆਮਦਨ ਕਰ ਵਿੱਚ ਕੀਤੀ ਗਈ ਸੋਧ ਵਿੱਚ ਪ੍ਰਬੰਧ ਹੈ ਕਿ ਜੇ ਰਕਮ ਆਪਣੀ ਇੱਛਾ ਨਾਲ ਪ੍ਰਗਟ ਕੀਤੀ ਜਾਵੇ ਜਾਂ ਉਸ ਦਾ ਕਿਸੇ ਹੋਰ ਢੰਗ ਨਾਲ ਪਤਾ ਲੱਗੇ ਤਾਂ ਉਸ ਉੱਤੇ ਵੱਖੋ-ਵੱਖਰੇ ਢੰਗ ਨਾਲ ਟੈਕਸ ਲਗਣਗੇ ਅਤੇ ਸਜ਼ਾ ਹੋਵੇਗੀ।

**ਲੱਕੀ ਗਾਹਕ ਯੋਜਨਾ ਅਤੇ ਡਿਜੀ-ਧਨ ਵਪਾਰ ਯੋਜਨਾ**

**ਸਰਕਾਰ ਉਪਭੋਗਤਾਵਾਂ ਅਤੇ ਵਪਾਰੀਆਂ ਵਿੱਚ ਡਿਜੀਟਲ ਭੁਗਤਾਨ ਨੂੰ ਉਤਸ਼ਾਹਤ ਕਰਨਾ ਚਾਹੁੰਦੀ ਹੈ। ਇਸ ਲਈ ਹਾਲ ਹੀ ਵਿੱਚ ਉਪਭੋਗਤਾਵਾਂ ਵਾਸਤੇ ਲੱਕੀ ਗਾਹਕ ਯੋਜਨਾ ਅਤੇ ਵਪਾਰੀਆਂ ਲਈ ਡਿਜੀ-ਧਨ ਵਪਾਰ ਯੋਜਨਾ ਸ਼ੁਰੂ ਕੀਤੀ ਗਈ। ਇਨ੍ਹਾਂ ਯੋਜਨਾਵਾਂ ਦਾ ਉਦੇਸ਼ ਫ਼ਾਇਦੇ ਦੀ ਪੇਸ਼ਕਸ਼ ਦੇ ਜ਼ਰੀਏ ਨਾਲ ਡਿਜੀਟਲ ਲੈਣ-ਦੇਣ ਦੇ ਵਧੇਰੇ ਇਸਤੇਮਾਲ ਦੀ ਦਿਸ਼ਾ ਵੱਲ ਅਗੇ ਵਧਣ ਲਈ ਲੋਕਾਂ ਨੂੰ ਉਤਸ਼ਾਹਿਤ ਕਰਨਾ ਹੈ। ਭਾਰਤੀ ਰਾਸ਼ਟਰੀ ਭੁਗਤਾਨ ਨਿਗਮ (ਐੱਨ ਪੀ ਸੀ ਆਈ) ਦੁਆਰਾ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕੀਤਾ ਜਾਵੇਗਾ। ਇਨ੍ਹਾਂ ਯੋਜਨਾਵਾਂ ਦੇ ਅਧੀਨ ਕੇਵਲ ਉਸ ਲੈਣ-ਦੇਣ ਨੂੰ ਸ਼ਾਮਿਲ ਕੀਤਾ ਜਾਵੇਗਾ, ਜੋ ਰੁਪਏ ਕਾਰਡ, ਯੂ ਐੱਸ ਐੱਸ ਡੀ, ਯੂ ਪੀ ਆਈ ਅਤੇ ਆਧਾਰ ਇਨੇਬਲਡ ਪੇਮੈਂਟ ਸਿਸਟਮ ਨਾਲ ਕੀਤੇ ਗਏ ਹਨ।**

## ਅੱਜ ਦੀ ਸਥਿਤੀ

ਦੁੱਖ ਅਤੇ ਪ੍ਰੇਸ਼ਾਨੀਆਂ ਦਾ ਸਮਾਂ ਬੀਤਣ ਵਾਲਾ ਹੈ। ਆਰਥਿਕ ਸਰਗਰਮੀਆਂ ਮੁੜ ਬਹਾਲ ਹੋ ਰਹੀਆਂ ਹਨ। ਬੈਂਕਾਂ ਕੋਲ ਹੁਣ ਬਹੁਤ ਸਾਰਾ ਪੈਸਾ ਪਹੁੰਚ ਗਿਆ ਹੈ ਜੋ ਕਿ ਵਿਕਾਸ ਲਈ ਉਧਾਰ ਦਿੱਤਾ ਜਾ ਸਕਦਾ ਹੈ। ਕਿਉਂਕਿ ਇਹ ਰਕਮ ਘੱਟ ਲਾਗਤ ਵਾਲੇ ਡਿਪਾਜ਼ਿਟਾਂ ਦੇ ਰੂਪ ਵਿੱਚ ਬੈਂਕਾਂ ਵਿੱਚ ਜਮ੍ਹਾਂ ਹੋਈ ਹੈ ਇਸ ਲਈ ਇਸ ਕਾਰਨ ਵਿਆਜ ਦੀ ਦਰ ਘਟਣੀ ਹੈ ਅਤੇ ਅਜਿਹਾ ਹੋ ਵੀ ਚੁੱਕਾ ਹੈ। ਲੱਖਾਂ ਕਰੋੜਾਂ ਰੁਪਏ, ਜੋ ਕਿ ਬਾਜ਼ਾਰ ਵਿੱਚ ਖੁੱਲ੍ਹੀ ਕਰੰਸੀ ਵਿੱਚ ਘੁੰਮ ਰਹੇ ਸਨ ਹੁਣ ਬੈਂਕਿੰਗ ਪ੍ਰਣਾਲੀ ਵਿੱਚ ਆ ਗਏ ਹਨ। ਹੁਣ ਇਸ ਰਕਮ ਨੇ ਨਾ ਸਿਰਫ ਆਪਣੀ ਗੁੰਮਨਾਮੀ ਗਵਾਈ ਹੈ, ਸਗੋਂ ਹੁਣ ਇਸ ਦੇ ਮਾਲਕ ਟੈਕਸ ਅਦਾ ਕਰਨ ਤੋਂ ਬਾਅਦ ਇਸ ਦੀ ਪ੍ਰਭਾਵੀ ਵਰਤੋਂ ਕਰ ਸਕਦੇ ਹਨ। ਬੈਂਕਿੰਗ ਲੈਣ-ਦੇਣ ਦੇ ਆਕਾਰ ਦੇ ਨਤੀਜੇ ਵਜੋਂ ਆਰਥਿਕਤਾ ਦੇ ਆਕਾਰ ਵਿੱਚ ਵਾਧਾ ਹੋਣਾ ਲਾਜ਼ਮੀ ਹੈ। ਦਰਮਿਆਨੀ ਅਤੇ ਲੰਮੀ ਮਿਆਦ ਵਿੱਚ ਕੁੱਲ ਘਰੇਲੂ ਉਤਪਾਦ ਵੱਡਾ ਅਤੇ ਸਾਫ ਹੋਵੇਗਾ। ਬੈਂਕਿੰਗ ਢਾਂਚੇ ਵਿੱਚ ਪੈਸੇ ਦੇ ਆਗਮਨ ਅਤੇ ਉਸ ਦੇ ਲੈਣ-ਦੇਣ ਨਾਲ ਟੈਕਸ ਦਾਇਰਾ ਸਿੱਧੇ ਅਤੇ ਅਸਿੱਧੇ ਟੈਕਸਾਂ ਦਾ ਵਾਧਾ ਹੋਵੇਗਾ। ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਨੂੰ ਇਸ ਤੋਂ ਲਾਭ ਪਹੁੰਚੇਗਾ। ਆਰਥਿਕਤਾ ਦੀ ਨਕਦੀ ਅਤੇ ਉੱਚ ਪੱਧਰੀ ਡਿਜੀਟਲ ਲੈਣ-ਦੇਣ ਨਾਲ ਚੰਗੀ ਸੇਵਾ ਹੋਵੇਗੀ।

*(ਲੇਖਕ ਕੇਂਦਰੀ ਖਜ਼ਾਨਾ ਅਤੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰੀ ਹਨ)*

# ਨਕਦ ਅਰਥਚਾਰੇ ਤੋਂ ਘੱਟ ਨਕਦ ਅਰਥਵਿਵਸਥਾ ਵੱਲ

**ਪਰਵਾਕਰ ਸਾਹੂ, ਅਮੋਘ ਅਰੋੜਾ**

**ਜਾ**ਣ ਪਛਾਣ

8 ਨਵੰਬਰ, 2016 ਨੂੰ ਸਰਕਾਰ ਵਲੋਂ 500 ਤੇ 1000 ਰੁਪਏ ਦੇ ਨੋਟ ਬੰਦ ਕਰ ਦਿੱਤੇ ਗਏ। 500 ਤੇ 1000 ਦੇ ਨੋਟ ਪ੍ਰਚਲਣ ਵਿੱਚ ਮੁੱਦਰਾ ਦਾ 85 ਪ੍ਰਤਿਸ਼ਤ ਬਣਦੇ ਸਨ। ਨੋਟਬੰਦੀ ਕਾਰਨ ਨਕਦੀ ਦੀ ਕਮੀ ਪੈਦਾ ਹੋਈ ਜਿਸ ਨੇ ਸਰਕਾਰ ਨੂੰ ਇਲੈਕਟ੍ਰਾਨਿਕ ਭੁਗਤਾਨ ਅਤੇ ਤਬਾਦਲੇ ਉਤੇ ਜ਼ੋਰ ਦੇਣ ਲਈ ਮਜਬੂਰ ਕੀਤਾ। ਭਾਵੇਂ ਕਿ ਨੋਟਬੰਦੀ ਦਾ ਮੁੱਖ ਨਿਸ਼ਾਨਾ ਅੱਤਵਾਦ ਲਈ ਵਰਤੇ ਜਾਂਦੇ ਧਨ ਉਤੇ ਲਗਾਮ ਕੱਸਣਾ ਅਤੇ ਕਾਲੇ ਧਨ ਦਾ ਖਾਤਮਾ ਕਰਨਾ ਸੀ, ਪਰ ਇਸ ਵਿੱਚੋਂ ਨਕਦੀ-ਰਹਿਤ ਅਰਥਚਾਰੇ ਵੱਲ ਮੋੜਾ ਇਕ ਜ਼ਰੂਰਤ ਵਜੋਂ ਉੱਭਰ ਕੇ ਸਾਹਮਣੇ ਆਇਆ। ਅਸਲ ਵਿੱਚ, 27 ਨਵੰਬਰ, 2016 ਨੂੰ ਪ੍ਰਧਾਨ ਮੰਤਰੀ ਨੇ ਆਪਣੀ 'ਮਨ ਕੀ ਬਾਤ' ਸੰਬੋਧਨ ਵਿੱਚ ਐਲਾਨ ਕੀਤਾ, ''ਸਾਡਾ ਸੁਪਨਾ ਹੈ ਕਿ ਨਕਦੀ-ਰਹਿਤ ਸਮਾਜ ਹੋਵੇ। ਇਹ ਠੀਕ ਹੈ ਕਿ 100 ਪ੍ਰਤਿਸ਼ਤ ਨਕਦੀ-ਰਹਿਤ ਸਮਾਜ ਕਦੇ ਵੀ ਸੰਭਵ ਨਹੀਂ ਹੈ। ਪਰ, ਅਸੀਂ ਘੱਟ ਨਕਦੀ ਵਾਲੇ ਸਮਾਜ ਨਾਲ ਸ਼ੁਰੂਆਤ ਕਰ ਸਕਦੇ ਹਾਂ ਅਤੇ ਫਿਰ ਨਕਦੀ-ਰਹਿਤ ਸਮਾਜ ਕੋਈ ਦੂਰ ਦੀ ਗੱਲ ਨਹੀਂ ਹੋਵੇਗੀ।"

ਭਾਵੇਂ ਕਿ ਨੋਟਬੰਦੀ ਦੀ ਵਾਰਤਾ ਬਦਲ ਗਈ ਹੈ, ਸਰਕਾਰ ਨਕਦੀ-ਰਹਿਤ ਅਰਥਚਾਰੇ ਦੇ ਬੀਜ ਲਗਾ ਰਹੀ ਹੈ। ਪਹਿਲਾਂ 2014 ਵਿੱਚ ਸਰਕਾਰ ਨੇ ਜਨ ਧਨ ਯੋਜਨਾ ਦੀ ਸ਼ੁਰੂਆਤ ਕੀਤੀ। 20 ਅਪ੍ਰੈਲ 2016 ਤੱਕ ਲਗਭਗ 220 ਮਿਲੀਅਨ ਖਾਤੇ ਖੋਲ੍ਹੇ ਗਏ। ਫ਼ਰਵਰੀ 2016 ਵਿੱਚ ਭਾਰਤ ਸਰਕਾਰ ਨੇ ਕਾਰਡ ਅਤੇ ਡਿਜੀਟਲ ਤਰੀਕੇ ਨਾਲ ਭੁਗਤਾਨ ਕਰਨ ਲਈ ਦਿਸ਼ਾ-ਨਿਰਦੇਸ਼ ਨੂੰ ਪ੍ਰਵਾਨਗੀ ਦਿੱਤੀ। ਗ਼ੈਰ-ਰਸਮੀ ਨਕਦੀ ਵਾਲੀ ਪ੍ਰਣਾਲੀ ਤੋਂ ਰਸਮੀ ਵਿੱਤੀ ਭੁਗਤਾਨ ਪ੍ਰਣਾਲੀ ਵੱਲ ਵੱਡਾ ਬਦਲਾਅ ਭਾਰਤ ਵਿੱਚ ਭੁਗਤਾਨ ਅਤੇ ਨਿਪਟਾਰੇ ਨੂੰ ਵੱਡਾ ਹੁਲਾਰਾ ਦੇਵੇਗਾ। ਅਰਥਚਾਰੇ ਵਿੱਚੋਂ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਨੂੰ ਘੱਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਨਕਦੀ ਅਧਾਰਤ ਅਰਥਚਾਰੇ ਤੋਂ ਇਲੈਕਟ੍ਰਾਨਿਕ ਤਬਾਦਲੇ ਵੱਲ ਮੋੜਾ ਕੱਟਣਾ ਹੈ, ਜਿਸ ਲਈ ਸਾਰਿਆਂ ਦੀ ਬੈਂਕ ਤੱਕ ਪਹੁੰਚ ਅਤੇ ਸਹੂਲਤ ਦੀ ਜ਼ਰੂਰਤ ਹੈ।

**ਨਕਦੀ-ਰਹਿਤ ਅਰਥਚਾਰਾ ਨਕਦ ਰਕਮ ਦੀ ਥਾਂ ਕ੍ਰੈਡਿਟ ਜਾਂ ਡੈਬਿਟ ਕਾਰਡ, ਇਲੈਕਟ੍ਰਾਨਿਕ ਫ਼ੰਡ ਤਬਾਦਲਾ ਜਾਂ ਆਨਲਾਈਨ ਖਰੀਦਦਾਰੀ ਉਤੇ ਚੱਲਦਾ ਹੈ। ਨਕਦੀ-ਰਹਿਤ ਅਰਥਚਾਰੇ ਦਾ ਵਿਚਾਰ ਅਸਲ ਵਿੱਚ ਕਾਗ਼ਜ਼ੀ ਮੁੱਦਰਾ ਤੋਂ ਡਿਜੀਟਲ ਮੁੱਦਰਾ ਵੱਲ ਜਾਣ ਰੂਪੀ ਇਕ ਇਨਕਲਾਬ ਹੈ, ਜਿਸ ਨੂੰ ਆਮ ਤੌਰ ਤੇ ਕਾਲੇ ਧਨ ਉਤੇ ਕਾਬੂ ਪਾਉਣ ਅਤੇ ਨਕਦੀ ਦੇ ਪ੍ਰਵਾਹ ਵਿੱਚ ਪਾਰਦਰਸ਼ਤਾ ਲਿਆਉਣ ਲਈ ਅਪਣਾਇਆ ਜਾਂਦਾ ਹੈ। ਸਾਰਾ ਲੈਣ-ਦੇਣ ਕਾਰਡ ਜਾਂ ਡਿਜੀਟਲ ਤਰੀਕੇ ਨਾਲ ਕੀਤਾ ਜਾਂਦਾ ਹੈ - ਭਾਵੇਂ ਕਿਸੇ ਨੇ ਬਿੱਲਾਂ ਦਾ ਭੁਗਤਾਨ ਕਰਨਾ ਹੋਵੇ, ਫਲ ਖਰੀਦਣੇ ਹੋਣ ਜਾਂ ਬੱਸ ਤੇ ਟੈਕਸੀ ਉਤੇ ਸਫਰ ਕਰਨਾ ਹੋਵੇ।**

ਰਵਾਇਤੀ ਬਟੂਏ ਵਾਂਗ ਹੀ, ਈ-ਬਟੂਏ ਵਿੱਚ ਸੱਚਮੁੱਚ ਨਕਦੀ ਰੱਖਣ ਦੀ ਜ਼ਰੂਰਤ ਨਹੀਂ ਹੁੰਦੀ, ਇਹ ਸਾਡੇ ਬੈਂਕ ਖਾਤਿਆਂ ਨਾਲ ਜੁੜੇ ਹੁੰਦੇ ਹਨ ਅਤੇ ਅਦਾਇਗੀ ਸਿੱਧੇ ਖਾਤਿਆਂ ਵਿੱਚੋਂ ਕੀਤੀ ਜਾਂਦੀ ਹੈ। ਇੰਟਰਨੈੱਟ ਬੈਂਕਿੰਗ ਅਤੇ ਹਾਲ ਹੀ ਵਿੱਚ ਸ਼ੁਰੂ ਕੀਤਾ ਯੂਨੀਫਾਈਡ ਪੇਮੈਂਟ ਇੰਟਰਫੇਸ (ਯੂ ਪੀ ਆਈ) ਤਕਨਾਲੋਜੀ ਦੇ ਦੂਜੇ ਉਤਪਾਦ ਹਨ ਜੋ ਨਕਦੀ-ਰਹਿਤ ਹੋਣ ਵੱਲ ਸੇਧਿਤ ਹਨ, ਪਰ ਈ-ਵੈਲਟ (ਬਟੂਆ) ਦਾ ਪ੍ਰਚਲਣ ਬਹੁਤ ਜ਼ਿਆਦਾ ਹੈ ਜਿਨ੍ਹਾਂ ਦਾ ਵੱਡੇ ਪੱਧਰ ਉਤੇ ਵਰਤੋਂ ਕੀਤੀ ਜਾਂਦੀ ਹੈ। ਅਸਲ ਵਿੱਚ, ਇਹ ਵਿਚਾਰ ਪ੍ਰਗਟ ਕੀਤਾ ਜਾਂਦਾ ਹੈ ਕਿ ਨੇੜ-ਭਵਿੱਖ ਵਿੱਚ ਕ੍ਰੈਡਿਟ ਤੇ ਡੈਬਿਟ ਕਾਰਡ ਬੇਅਰਥ ਹੋ ਕੇ ਰਹਿ ਜਾਣਗੇ ਅਤੇ ਸਾਰੇ ਭੁਗਤਾਨ ਇਕ ਸਮਾਰਟ ਫ਼ੋਨ ਰਾਹੀਂ ਸੰਭਵ ਹੋਣਗੇ। ਮੋਬਾਈਲ ਫ਼ੋਨ ਦਾ ਇਕ ਕੋਡ ਏ ਟੀ ਐੱਮ ਤੋਂ ਨਕਦੀ ਕਢਵਾਉਣ ਲਈ ਕਾਫੀ ਹੋਵੇਗਾ ਅਤੇ ਕਾਰਡ ਦੀ ਕੋਈ ਲੋੜ ਨਹੀਂ ਰਹੇਗੀ।

## ਨਕਦੀ-ਰਹਿਤ ਅਰਥਚਾਰੇ ਦਾ ਲਾਭ

ਭਾਰਤ ਦੀ ਆਰਥਿਕਤਾ ਦਾ ਦੁਨੀਆਂ ਵਿੱਚ ਸਭ ਤੋਂ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ, ਪਰ ਇਸ ਸਾਹਮਣੇ ਕਾਲਾ ਧਨ, ਭ੍ਰਿਸ਼ਟਾਚਾਰ, ਅੱਤਵਾਦ, ਗ਼ੈਰ-ਕਾਨੂੰਨੀ ਦੌਲਤ ਆਦਿ ਦੇ ਮੁੱਦੇ ਮੂੰਹ ਅੱਡੀ ਖੜ੍ਹੇ ਹਨ। ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੀ ਜਕੜ ਤੋੜਨ ਲਈ ਆਡਿਟ ਅਤੇ ਪਰਿਵਰਤਨ ਏਜੰਸੀਆਂ ਵਰਗੇ ਤਰੀਕੇ ਸਦਾ ਵਰਤੇ ਜਾਂਦੇ ਰਹੇ ਹਨ, ਪਰ ਨਕਦੀ-ਰਹਿਤ ਅਰਥਚਾਰੇ ਦਾ ਵਿਚਾਰ ਜ਼ਿਆਦਾ ਆਕਰਸ਼ਕ ਹੈ, ਕਿਉਂਕਿ ਜ਼ਿਆਦਾਦਰ ਆਰਥਿਕ ਲੈਣ-ਦੇਣ ਰਸਮੀ ਪ੍ਰਣਾਲੀ ਦਾ ਭਾਗ ਹੋਵੇਗਾ ਜਿਸ ਉਤੇ ਨਜ਼ਰ ਰੱਖਣੀ ਅਸਾਨ ਹੋਵੇਗੀ। ਭਾਰਤ ਵਿੱਚ ਕੁੱਝ ਹੀ ਲੋਕ ਭੁਗਤਾਨ ਦੇ ਗ਼ੈਰ-ਨਕਦੀ ਵਾਲੇ ਤਰੀਕੇ ਦਾ ਇਸਤੇਮਾਲ ਕਰਦੇ ਹਨ; ਸਿਰਫ 10-15 ਪ੍ਰਤਿਸ਼ਤ ਵਸੋਂ ਵਲੋਂ ਹੀ ਇਕ ਜਾਂ ਦੂਜੀ ਕਿਸਮ ਦੇ ਗ਼ੈਰ-ਨਕਦੀ

ਭੁਗਤਾਨ ਤਰੀਕੇ ਦੀ ਵਰਤੋਂ ਕਰਨ ਦਾ ਅਨੁਮਾਨ ਹੈ, ਜਦ ਕਿ ਬ੍ਰਾਜ਼ੀਲ ਅਤੇ ਚੀਨ ਵਰਗੇ ਦੇਸ਼ਾਂ ਦੇ 40 ਪ੍ਰਤਿਸ਼ਤ ਲੋਕ ਨਕਦੀ-ਰਹਿਤ ਭੁਗਤਾਨ ਦੇ ਤਰੀਕੇ ਇਸਤੇਮਾਲ ਕਰਦੇ ਹਨ। ਇਸ ਦੌਰਾਨ, 2014 ਤੱਕ, ਬੈਂਕਾਂ ਤੋਂ ਬਾਹਰ ਭਾਰਤ ਦੀ ਨਕਦੀ ਪ੍ਰਚਲਣ ਦਾ ਅਨੁਪਾਤ ਕੁੱਲ ਘਰੇਲੂ ਉਤਪਾਦ ਦਾ 11.1 ਪ੍ਰਤਿਸ਼ਤ ਹੈ, ਜੋ ਰੂਸ, ਮੈਕਸੀਕੋ ਅਤੇ ਬ੍ਰਾਜ਼ੀਲ ਜਿਹੇ ਉੱਭਰ ਰਹੇ ਅਰਥਚਾਰਿਆਂ ਨਾਲੋਂ ਵੱਧ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਦਾਇਰੇ ਤੋਂ ਬਾਹਰਲੀ ਗ਼ੈਰ-ਨਕਦੀ ਬਾਜ਼ਾਰ ਨੂੰ ਮਜਬੂਤ ਕਰਨ ਦੀ ਵੱਡੀ ਸੰਭਾਵਨਾ ਮੌਜੂਦ ਹੈ। ਅਰਾਮਦਾਇਕ, ਭਰੋਸੇਯੋਗ, ਸੁਰੱਖਿਅਤ ਅਤੇ ਵਾਜਬ ਭੁਗਤਾਨ ਪ੍ਰਣਾਲੀਆਂ ਦੇ ਨਾਲ-ਨਾਲ ਗ਼ੈਰ-ਨਕਦੀ ਵਰਤੋਂਕਾਰਾਂ ਦਾ ਦਾਇਰਾ ਵਧਾਉਣ ਨਾਲ ਦੂਜੀਆਂ ਵਿੱਤੀ ਸੇਵਾਵਾਂ ਜਿਵੇਂ ਕਰਜ਼ੇ ਅਤੇ ਬੈਂਕਾਂ ਤੋਂ ਸੱਖਣੇ ਵਰਗ ਲਈ ਬੀਮੇ ਤੱਕ ਰਸਾਈ ਕਰਨ ਉਤੇ ਵੀ ਅਸਰ ਪਵੇਗਾ, ਖ਼ਾਸ ਕਰਕੇ ਵਿੱਤੀ ਸਮਾਵੇਸ਼ ਦੇ ਮੱਦੇਨਜ਼ਰ। ਪਰ, ਚੁਨੌਤੀ ਬੈਂਕਾਂ ਦੇ ਡਿਜੀਟਲ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਅਤੇ ਭੁਗਤਾਨ ਸੁਰੱਖਿਅਤ ਬਣਾਉਣ ਦੀ ਹੈ।

ਨਕਦੀ-ਰਹਿਤ ਸਮਾਜ ਦੇ ਸਰਕਾਰ ਅਤੇ ਆਮ ਜਨਤਾ ਲਈ ਬਹੁਤ ਸਾਰੇ ਲਾਭ ਹਨ :

- **ਭੁਗਤਾਨ ਦਾ ਅਸਾਨ ਤਰੀਕਾ** : ਲੈਣ-ਦੇਣ ਕਰਨ ਦੀ ਸੌਖ ਯਕੀਨੀ ਤੌਰ ਤੇ ਨਕਦੀ-ਰਹਿਤ ਹੋਣ ਵੱਲ ਇਕ ਯਤਨ ਹੋਵੇਗਾ। ਨਕਦੀ-ਰਹਿਤ ਅਰਥਚਾਰਾ ਸਾਰਿਆਂ ਲਈ (ਘੱਟ ਆਮਦਨ ਵਾਲੇ ਸਮੂਹਾਂ ਨੂੰ ਛੱਡ ਕੇ) ਬੇਅੰਤ ਲਾਭ ਮੁਹੱਈਆ ਕਰਵਾਉਂਦਾ ਹੈ, ਜਿਸ ਵਿੱਚ ਨਕਦੀ ਨਾਲ ਵਪਾਰ/ ਲੈਣ-ਦੇਣ ਕਰਨ ਦੀ ਕੀਮਤ ਵਿੱਚ ਕਟੌਤੀ ਵੀ ਸ਼ਾਮਲ ਹੈ।

- **ਘੱਟ ਜੋਖ਼ਮ** : ਢੁਕਵੀਂ ਸਾਈਬਰ ਸੁਰੱਖਿਆ ਨਾਲ ਆਨਲਾਈਨ ਭੁਗਤਾਨ ਮੁਕਾਬਲਤਨ ਜੋਖ਼ਮ ਰਹਿਤ ਹੁੰਦਾ ਹੈ, ਜਦ ਕਿ ਹੱਥ ਵਿੱਚ ਨਕਦੀ ਹੋਣ ਨਾਲ ਸੁਰੱਖਿਆ ਦੇ ਮੁੱਦੇ ਹਮੇਸ਼ਾ ਜੁੜੇ ਰਹਿੰਦੇ ਹਨ।

- **ਮੁਦਰਾ ਛਪਾਈ ਦੇ ਖਰਚੇ ਵਿੱਚ ਕਟੌਤੀ** : ਨਵੇਂ ਨੋਟਾਂ ਦੀ ਛਪਾਈ ਅਤੇ ਗੰਦੇ ਤੇ ਫਟੇ ਨੋਟਾਂ ਨੂੰ ਬਦਲਣ ਉਤੇ ਖਰਚ ਆਉਂਦਾ ਹੈ। 2015 ਵਿੱਚ ਮੁਦਰਾ ਦੀ ਛਪਾਈ ਭਾਰਤ ਦੇ ਰਿਜ਼ਰਵ ਬੈਂਕ ਨੂੰ 27 ਬਿਲੀਅਨ ਰੁਪਏ ਵਿੱਚ ਪਈ। ਇਸ ਖਰਚ ਨੂੰ ਘਟਾਇਆ ਜਾ ਸਕਦਾ ਹੈ ਜੇ ਆਰਥਿਕਤਾ ਨਕਦੀ-ਰਹਿਤ ਵੱਲ ਨੂੰ ਮੋੜ ਕੱਟ ਲਵੇ।

- **ਜੁਰਮ ਦੀ ਦਰ ਵਿੱਚ ਕਮੀ** : ਬਹੁਤ ਸਾਰੀਆਂ ਸਮਾਜ ਵਿਰੋਧੀ ਅਤੇ ਗ਼ੈਰ-ਕਾਨੂੰਨੀ ਸਰਗਰਮੀਆਂ ਜਿਵੇਂ ਨਸ਼ਾ ਤਸਕਰੀ, ਵੇਸਵਾਗਮਨੀ, ਅੱਤਵਾਦ ਨੂੰ ਸ਼ਹਿ ਅਤੇ ਹਵਾਲਾ ਕਾਰੋਬਾਰ ਸਿਰਫ ਨਕਦ ਪੈਸੇ ਨਾਲ ਹੀ ਚੱਲਦੇ ਹਨ। ਨਕਦੀ-ਰਹਿਤ ਅਰਥਚਾਰਾ ਅਜਿਹੇ ਕੰਮਾਂ ਨੂੰ ਕਰਨਾ ਮੁਸ਼ਕਿਲ ਬਣਾ ਦੇਵੇਗਾ।

- **ਬੈਂਕਿੰਗ ਖੇਤਰ ਲਈ ਵਰਦਾਨ** : ਡਿਜੀਟਲ ਅਰਥਚਾਰਾ ਬੈਂਕਿੰਗ ਪ੍ਰਣਾਲੀ ਲਈ ਮਦਦਗਾਰ ਹੋਵੇਗਾ। ਇਕ ਵਾਰ ਲੋਕ ਜਦੋਂ ਡਿਜੀਟਲ ਭੁਗਤਾਨ ਤੇ ਤਬਾਦਲੇ ਦੇ ਆਦੀ ਹੋ ਗਏ ਤਾਂ ਨਕਦੀ ਦੀ ਮੰਗ ਘੱਟ ਹੋਵੇਗੀ ਅਤੇ ਨਕਦੀ ਦਾ ਭੰਡਾਰ ਕਰਨ ਵਿੱਚ ਵੀ ਕਮੀ ਆਵੇਗੀ, ਇਸ ਨਾਲ ਬੈਂਕਿੰਗ ਪ੍ਰਣਾਲੀ ਵਿੱਚ ਨਕਦੀ ਜ਼ਿਆਦਾ ਰਹੇਗੀ ਅਤੇ ਬੱਚਤਾਂ ਵੀ ਵੱਧ ਹੋਣਗੀਆਂ।

- **ਪਾਰਦਰਸ਼ਤਾ ਤੇ ਨਿਗਰਾਨੀ** : ਨਕਦੀ-ਰਹਿਤ ਲੈਣ-ਦੇਣ ਉਤੇ ਸਰਕਾਰ ਅਸਾਨੀ ਨਾਲ ਨਜ਼ਰ ਰੱਖ ਸਕਦੀ ਹੈ। ਇਸ ਕਰਕੇ ਕਰ ਚੋਰੀ ਕਰਨੀ ਔਖੀ ਹੋਵੇਗੀ ਅਤੇ ਮਾਲੀਏ ਵਿੱਚ ਵਾਧਾ ਹੋਵੇਗਾ।

ਪਿਛਲੇ ਦੋ ਮਹੀਨਿਆਂ ਦੌਰਾਨ ਭਾਰਤ ਵਿੱਚ ਭੁਗਤਾਨ ਦੇ ਡਿਜੀਟਲੀਕਰਨ ਅਤੇ ਸਵਾਈਪ ਮਸ਼ੀਨਾਂ ਲਾਉਣ ਵਿੱਚ ਵੱਡਾ ਵਾਧਾ ਹੋਇਆ ਹੈ, ਭਾਵੇਂ ਇਹ ਛੋਟੀਆਂ ਦੁਕਾਨਾਂ ਹੋਣ ਜਾਂ ਗਲੀਆਂ ਵਿੱਚ ਸਮਾਨ ਵੇਚਣ ਵਾਲੇ। ਇਲੈਕਟ੍ਰਾਨਿਕ ਲੈਣ-ਦੇਣ ਦੀ ਸੰਖਿਆ ਵਿੱਚ ਵੱਡਾ ਵਾਧਾ ਹੋਇਆ ਹੈ, ਜਿਸ ਨਾਲ ਭੁਗਤਾਨ ਵਿੱਚ ਤੇਜ਼ੀ ਆਈ ਹੈ, ਜੋ ਆਰਥਿਕਤਾ ਲਈ ਚੰਗੀ ਖ਼ਬਰ ਹੈ। ਮੋਬਾਈਲ ਵਾਲੇਟ ਵਿੱਚ ਵਿਆਪਕ ਵਾਧਾ ਹੋਇਆ ਹੈ ਅਤੇ ਇਹ ਬਹੁਤ ਸੰਭਵ ਹੈ ਕਿ ਵੱਡੀ ਗਿਣਤੀ ਭਾਰਤਵਾਸੀ ਸਿੱਧੇ ਨਕਦ ਤੋਂ ਮੋਬਾਈਲ ਬਟੂਏ ਵੱਲ ਰੁੱਖ ਕਰ ਜਾਣਗੇ। ਮੋਬੀਕਵਿੱਕ ਦਾ ਦਾਅਵਾ ਹੈ ਕਿ 2017 ਤੱਕ ਇਹ ਅਰਾਮ ਨਾਲ 10 ਬਿਲੀਅਨ ਡਾਲਰ ਭੁਗਤਾਨ ਦਾ ਟੀਚਾ ਪ੍ਰਾਪਤ ਕਰ ਲਵੇਗਾ ਅਤੇ ਛੇਤੀ ਹੀ ਇਕ ਮਿਲੀਅਨ ਤੋਂ ਵੱਧ ਵਪਾਰੀਆਂ ਵਲੋਂ ਇਸ ਨੂੰ ਪ੍ਰਵਾਨ ਕੀਤਾ ਜਾਵੇਗਾ।

ਨਕਦੀ-ਰਹਿਤ ਅਰਥਚਾਰੇ ਜਾਂ ਇਲੈਕਟ੍ਰਾਨਿਕ ਲੈਣ-ਦੇਣ ਵੱਲ ਇਸ ਕਦਮ ਨਾਲ ਟੈਕਸ ਚੋਰੀ ਘੱਟ ਕਰਨ, ਆਰਥਿਕਤਾ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਸਹਾਇਤਾ ਮਿਲੇਗੀ। ਆਖ਼ਰ ਨੂੰ ਨਕਦੀ ਲੈ ਕੇ ਜਾਣ ਦਾ ਖ਼ਤਰਾ ਖਤਮ ਹੋ ਜਾਵੇਗਾ ਅਤੇ ਪੈਸੇ ਤੱਕ ਪਹੁੰਚ ਅਤੇ ਵਿੱਤੀ ਸਮਾਵੇਸ਼ ਦਾ ਇਕ ਜ਼ਿਆਦਾ ਯੋਜਨਾਬੱਧ ਢਾਂਚਾ ਸਾਹਮਣੇ ਆਵੇਗਾ। ਵਿਕਾਸ ਪ੍ਰਕਿਰਿਆ ਦੀ ਦਿਸ਼ਾ ਵਿੱਚ ਸਰਕਾਰੀ ਖਰਚ ਵਧੇਗਾ, ਕਿਉਂਕਿ ਮਾਲੀਏ ਦੀ ਪਾਰਦਰਸ਼ਤਾ ਅਤੇ ਪ੍ਰਵਾਹ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ।

ਪਰ, ਭਾਰਤ ਵਰਗੇ ਵਿਕਾਸਸ਼ੀਲ ਅਰਥਚਾਰੇ ਵਿੱਚ ਨਕਦੀ-ਰਹਿਤ ਆਰਥਿਕਤਾ ਵੱਲ ਜਾਣ ਦਾ ਦੂਜਾ ਪਾਸਾ ਇਹ ਹੈ ਕਿ ਗਰੀਬ ਲੋਕਾਂ ਲਈ ਨਕਦੀ-ਰਹਿਤ ਲੈਣ-ਦੇਣ ਕੋਈ ਅਰਥ ਨਹੀਂ ਰੱਖਦਾ। ਨੋਟਬੰਦੀ ਨੇ ਖ਼ਾਸ ਕਰਕੇ ਗ਼ੈਰ-ਰਸਮੀ ਸਮਾਜ ਅਤੇ ਬੈਂਕਿੰਗ ਸਹੂਲਤਾਂ ਤੋਂ ਸੱਖਣੇ ਲੋਕਾਂ ਉਤੇ ਸੱਟ ਮਾਰੀ ਹੈ। ਸਮਾਜ ਦੇ ਇਸ ਵਰਗ ਨੂੰ ਨਕਦੀ-ਰਹਿਤ ਸਮਾਜ ਵੱਲ ਮੋੜਾ ਕੱਟਣ ਲਈ ਸਮਾਂ ਚਾਹੀਦਾ ਹੈ। ਸ਼ੁਰੂਆਤ ਵਿੱਚ ਲੈਣ-ਦੇਣ ਦਾ ਢੰਗ ਔਖਾ ਲਗ ਸਕਦਾ ਹੈ ਪਰ ਇਹ ਯਕੀਨੀ ਬਣਾਏਗਾ ਕਿ ਦੇਸ਼ ਪਾਰਦਰਸ਼ੀ ਆਰਥਿਕਤਾ ਵੱਲ ਪਹਿਲਾ ਕਦਮ ਪੁੱਟੇ। ਨਕਦੀ ਦਾ ਖਾਤਮਾ ਇਕ ਸੁਪਨਮਈ ਸੋਚ ਲੱਗ ਸਕਦੀ ਹੈ, ਪਰ ਯਕੀਨਨ ਹੀ, ਨਕਦੀ ਖਾਤਮੇ ਵੱਲ ਜਾ ਰਹੀ ਹੈ।

## ਨਕਦੀ-ਰਹਿਤ ਸਮਾਜ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵਲੋਂ ਚੁੱਕੇ ਕਦਮ

ਨੋਟਬੰਦੀ ਤੋਂ ਛੇਤੀ ਮਗਰੋਂ ਸਰਕਾਰ ਵਲੋਂ ਲੋਕਾਂ ਨੂੰ ਪ੍ਰੇਰਨ ਅਤੇ ਉਨ੍ਹਾਂ ਦਾ ਧਿਆਨ ਵੱਖ-ਵੱਖ ਡਿਜੀਟਲ ਤਰੀਕਿਆਂ ਵੱਲ ਖਿੱਚਣ ਲਈ ਕਈ ਕਦਮ ਚੁੱਕੇ ਗਏ ਤਾਂ ਕਿ ਲੋਕਾਂ ਨੂੰ ਬੈਂਕਾਂ ਜਾਂ ਏ ਟੀ ਐੱਮ ਦੇ ਬਾਹਰ ਲੰਮੀਆਂ ਕਤਾਰਾਂ ਵਿੱਚ ਨਾ ਲੱਗਣਾ ਪਵੇ ਜਿਥੇ ਨਕਦੀ ਦੀ ਘਾਟ ਸੀ।

- ਗਾਹਕਾਂ ਲਈ ਲੱਕੀ ਗਾਹਕ ਯੋਜਨਾ ਅਤੇ ਵਪਾਰੀਆਂ ਲਈ ਡਿਜੀ ਧਨ ਵਪਾਰ ਯੋਜਨਾ।

- ਡਿਜੀਟਲ ਭੁਗਤਾਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸਰਕਾਰ ਵਲੋਂ 25 ਦਸੰਬਰ 2016 ਨੂੰ ਡਿਜੀਟਲ ਲਾਟਰੀ ਸਕੀਮ

ਦੀ ਸ਼ੁਰੂਆਤ ਕੀਤੀ ਗਈ – ਗਾਹਕਾਂ ਲਈ ਲੱਕੀ ਗਾਹਕ ਯੋਜਨਾ ਅਤੇ ਵਪਾਰੀਆਂ ਲਈ ਡਿਜੀ ਧਨ ਵਪਾਰ ਯੋਜਨਾ। ਅਜਿਹੀਆਂ ਉਤਸ਼ਾਹਿਤ ਸਕੀਮਾਂ ਨਾਲ ਡਿਜੀਟਲ ਇੰਡੀਆ ਅੰਦੋਲਨ ਯਕੀਨੀ ਤੌਰ ਤੇ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਨੂੰ ਮਜਬੂਤੀ ਬਖਸ਼ੇਗਾ। ਸਿਰਫ ਰੁਪਏ ਕਾਰਡ, ਯੂ ਐੱਸ ਐੱਸ ਡੀ, ਯੂ ਪੀ ਆਈ ਅਤੇ ਅਧਾਰ ਕਾਰਡ ਉਤੇ ਅਧਾਰਤ ਭੁਗਤਾਨ ਪ੍ਰਣਾਲੀਆਂ ਰਾਹੀਂ ਕੀਤਾ ਲੈਣ-ਦੇਣ ਹੀ ਇਨ੍ਹਾਂ ਸਕੀਮਾਂ ਦਾ ਹਿੱਸਾ ਹੋਵੇਗਾ।

- ਵਿੱਤੀ ਸਕਸ਼ਰਤਾ ਅਭਿਆਨ – ਵਿੱਤੀ ਸਕਸ਼ਰਤਾ ਅਭਿਆਨ ਲੋਕਾਂ ਨੂੰ ਡਿਜੀਟਲ ਅਰਥਚਾਰਾ ਲੈਣ-ਦੇਣ ਦੇ ਨਕਦੀ-ਰਹਿਤ ਤਰੀਕੇ ਅਪਣਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਸ਼ੁਰੂ ਕੀਤਾ ਗਿਆ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਜਾਗਰੂਕਤਾ ਪੈਦਾ ਕਰਨਾ ਅਤੇ ਲੋਕਾਂ ਨੂੰ ਡਿਜੀਟਲ ਹੋਣ ਲਈ ਪ੍ਰੇਰਿਤ ਕਰਨਾ ਹੈ।

**ਮਨੁੱਖੀ ਸਰੋਤ ਵਿਕਾਸ ਮੰਤਰਾਲੇ ਵਲੋਂ ਫ਼ੰਡਾਂ ਦੇ ਤਬਾਦਲੇ ਲਈ ਲੋਕਾਂ ਨੂੰ ਡਿਜੀਟਲ ਅਧਾਰਤ ਨਕਦੀ-ਰਹਿਤ ਆਰਥਿਕ ਪ੍ਰਣਾਲੀ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਮੰਤਰਾਲੇ ਵਲੋਂ ਉਚੇਰੀ ਸਿੱਖਿਆ ਦੇ ਨਿੱਜੀ ਤੇ ਸਰਕਾਰੀ ਸੰਸਥਾਨਾਂ ਨੂੰ ਕੋਈ ਵੀ ਲੈਣ-ਦੇਣ ਸਿਰਫ ਡਿਜੀਟਲ ਤਰੀਕੇ ਨਾਲ ਹੀ ਕਰਨ ਦੀ ਅਪੀਲ ਵੀ ਕੀਤੀ ਗਈ ਹੈ ਤਾਂ ਕਿ ਨਕਦੀ-ਰਹਿਤ ਕੈਂਪਸ ਵਿਕਸਤ ਕੀਤਾ ਜਾ ਸਕੇ (ਦੁਕਾਨਾਂ, ਕੈਨਟੀਨ ਤੇ ਸੇਵਾਵਾਂ)। ਇਸ ਅਪੀਲ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਬਹੁਤ ਸਾਰੇ ਸਿੱਖਿਆ ਸੰਸਥਾਨਾਂ ਦੇ ਅਮਲੇ ਨੂੰ ਇਹ ਚੁਨੌਤੀ ਪੂਰਨ ਕਾਰਜ ਪੂਰਾ ਕਰਨ ਲਈ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਬਹੁਤ ਸਾਰੇ ਲੋਕਾਂ ਨੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਵੈੱਬ ਪੇਜ ਉਤੇ ਵੀ ਆਪਣਾ ਨਾਮ ਦਰਜ ਕਰਵਾਇਆ ਹੈ ਅਤੇ ਪ੍ਰਾਪਤ ਹਾਂ ਪੱਖੀ ਹੁੰਗਾਰੇ ਅਤੇ ਸੁਝਾਅ ਲੋਕਾਂ ਦੀ ਦਿਲਚਸਪੀ ਨੂੰ ਦਰਸਾਉਂਦੇ ਹਨ।**

- **ਬੀ ਐੱਚ ਆਈ ਐੱਮ (ਭਾਰਤ ਇੰਟਰਫੇਸ ਫਾਰ ਮਨੀ):** 30 ਦਸੰਬਰ, 2016 ਨੂੰ ਪ੍ਰਧਾਨ ਮੰਤਰੀ ਵਲੋਂ ਭੀਮ (ਬੀ ਐੱਚ ਆਈ ਐਮ) ਨਾਮਕ ਇਕ ਨਵਾਂ ਈ-ਬਟੂਆ ਐਪ ਜਾਰੀ ਕੀਤਾ ਗਿਆ ਤਾਂ ਕਿ ਜੋ ਆਨ-ਲਾਈਨ ਲੈਣ-ਦੇਣ ਨੂੰ ਸੁਖਾਲਾ ਬਣਾਇਆ ਜਾ ਸਕੇ। ਅਧਾਰ ਨਾਲ ਜੁੜੀ ਮੋਬਾਈਲ ਭੁਗਤਾਨ ਐਪਲੀਕੇਸ਼ਨ ਨਾਲ ਵੀ ਲੋਕ ਸਿੱਧੇ ਆਪਣੇ ਬੈਂਕ ਖਾਤਿਆਂ ਤੋਂ ਡਿਜੀਟਲ ਅਦਾਇਗੀ ਕਰ ਸਕਣਗੇ। ਜੇ ਕਿਸੇ ਦਾ ਫ਼ੋਨ ਨੰਬਰ ਬੈਂਕ ਖਾਤੇ ਨਾਲ ਜੁੜਿਆ ਹੋਇਆ ਹੈ ਤਾਂ ਉਹ ਇਕ ਬਟਨ ਦਬਾ ਕੇ ਪੈਸੇ ਦਾ ਤਬਾਦਲਾ ਕਰ ਸਕਦਾ ਹੈ, ਪਰ, ਭਾਵੇਂ ਕਿ ਇਸ ਐਪ ਨੂੰ ਯੂ ਪੀ ਆਈ – ਅਧਾਰਤ ਬੈਂਕ ਖਾਤੇ ਨਾਲ ਜੋੜਿਆ ਜਾ ਸਕਦਾ ਹੈ, ਪਰ ਯੂ ਪੀ ਆਈ-ਅਧਾਰਤ ਸਿਰਫ ਇਕ ਖਾਤਾ ਹੀ ਭੀਮ (ਬੀ ਐੱਚ ਆਈ ਐੱਮ) ਵਿੱਚ ਜੋੜਿਆ ਜਾ ਸਕਦਾ ਹੈ। ਦੋ ਬੈਂਕ ਖਾਤੇ ਰੱਖਣ ਵਾਲੇ ਵਿਅਕਤੀ ਨੂੰ, ਦੋਵਾਂ ਖਾਤਿਆਂ ਵਿੱਚੋਂ ਯੂ ਪੀ ਆਈ ਲੈਣ-ਦੇਣ ਕਰਨ ਲਈ ਇਧਰੋਂ ਉਧਰ ਜਾਣ ਦੀ ਲੋੜ ਪਿਆ ਕਰੇਗੀ।

- **ਰੁਪਏ** : ਰੁਪਏ (ਆਰ ਯੂ ਪੀ ਏ ਵਾਈ) ਕ੍ਰੈਡਿਟ ਜਾਂ ਡੈਬਿਟ ਕਾਰਡ ਦਾ ਭਾਰਤੀ ਰੂਪ ਹੈ ਜੋ ਵੀਜ਼ਾ ਜਾਂ ਮਾਸਟਰ ਕਾਰਡ ਵਰਗੇ ਅੰਤਰ-ਰਾਸ਼ਟਰੀ ਕਾਰਡਾਂ ਵਰਗਾ ਹੀ ਹੈ। ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ ਇੰਡੀਆ (ਐੱਨ ਪੀ ਸੀ ਆਈ) ਵਲੋਂ ਜਨ ਧਨ ਯੋਜਨਾ ਤਹਿਤ ਰੁਪਏ ਕਾਰਡ ਦੀ ਸ਼ੁਰੂਆਤ ਕੀਤੀ ਗਈ। ਬੈਂਕ ਵਲੋਂ ਹਰੇਕ ਖਾਤਾਧਾਰਕ ਨੂੰ ਰੁਪਏ ਡੈਬਿਟ ਕਾਰਡ ਦਿੱਤਾ ਜਾਂਦਾ ਹੈ ਜਿਸ ਨਾਲ 1 ਲੱਖ ਰੁਪਏ ਦਾ ਦੁਰਘਟਨਾ ਬੀਮਾ ਮੁਫਤ ਪ੍ਰਦਾਨ ਕੀਤਾ ਜਾਂਦਾ ਹੈ। ਰੁਪਏ ਤਿੰਨ ਚੈਨਲਾਂ ਤੋਂ ਕੰਮ ਕਰਦਾ ਹੈ (ਏ ਟੀ ਐੱਮ, ਵਿਕਰੀ ਦਾ ਸਥਾਨ (ਪੀ ਓ ਐੱਸ) ਅਤੇ ਆਨਲਾਈਨ ਵਿਕਰੀ) ਅਤੇ ਦੁਨੀਆਂ ਵਿੱਚ ਭੁਗਤਾਨ ਕਰਨ ਦਾ ਇਹ ਸੱਤਵਾਂ ਰਸਤਾ ਹੈ। ਕਿਉਂਕਿ ਕਰੋੜਾਂ ਗਰੀਬ ਲੋਕਾਂ ਕੋਲ ਰੁਪਏ ਡੈਬਿਟ ਕਾਰਡ ਹੈ, ਸੋ ਇਹ ਘੱਟ ਆਮਦਨ ਵਾਲੇ ਵਰਗਾਂ ਨੂੰ ਨਕਦੀ-ਰਹਿਤ ਅਰਥਚਾਰੇ ਵਿੱਚ ਸ਼ਾਮਲ ਕਰਨ ਦਾ ਇਕ ਯਤਨ ਹੈ। ਪਰ ਰੁਪਏ ਦਾ ਮੁੱਢਲਾ ਧਿਆਨ ਵਿੱਤੀ ਸਮਾਵੇਸ਼ ਹੈ ਅਤੇ ਇਸ ਵਾਸਤੇ ਰੁਪਏ ਕਾਰਡ ਨੂੰ ਵਿਸ਼ਵ ਪੱਧਰੀ ਵਿੱਤੀ ਉਤਪਾਦ ਬਣਨ ਲਈ ਕ੍ਰੈਡਿਟ/ਡੈਬਿਟ ਕਾਰਡਾਂ ਦੀਆਂ ਸਾਰੀਆਂ ਨੀਤੀਆਂ ਅਤੇ ਮਿਆਰਾਂ ਦਾ ਹਾਣੀ ਬਣਨ ਦੀ ਲੋੜ ਹੈ।

- **ਅਧਾਰ ਭੁਗਤਾਨ ਐਪ** : 25 ਦਸੰਬਰ 2016 ਨੂੰ ਸਰਕਾਰ ਵਲੋਂ ਅਧਾਰ ਭੁਗਤਾਨ ਐਪ ਜਾਰੀ ਕੀਤਾ ਗਿਆ : ਇਹ ਵਿਅਕਤੀ ਦੇ ਅਧਾਰ ਕਾਰਡ ਨੂੰ ਉਸ ਦੇ ਬੈਂਕ ਖਾਤੇ ਨਾਲ ਜੋੜ ਦਿੰਦਾ ਹੈ। ਇਹ ਐਪਲੀਕੇਸ਼ਨ ਇਕ ਬਾਇਓ-ਮੀਟਰਿਕ ਰੀਡਰ ਨਾਲ ਜੋੜ ਦਿੱਤੀ ਜਾਵੇਗੀ ਅਤੇ ਗਾਹਕ ਆਪਣਾ ਵਿਲੱਖਣ ਅਧਾਰ ਨੰਬਰ ਦਰਜ ਕਰਕੇ ਲੈਣ-ਦੇਣ ਲਈ ਇਕ ਬੈਂਕ ਦੀ ਚੋਣ ਕਰੇਗਾ। ਇਸ ਐਪ ਦੀ ਇਕ ਵਿਸ਼ੇਸ਼ਤਾ ਹੈ ਕਿ ਕੋਈ ਵਿਅਕਤੀ ਬਿਨਾਂ ਫ਼ੋਨ ਦੇ ਵੀ ਇਸ ਰਾਹੀਂ ਅਦਾਇਗੀ ਕਰ ਸਕਦਾ ਹੈ।

## ਅੰਤਰਰਾਸ਼ਟਰੀ ਅਨੁਭਵ

**ਸਵੀਡਨ ਦਾ ਮਾਮਲਾ** : ਸਵੀਡਨ ਦੁਨੀਆਂ ਦੇ ਪੰਜ ਸਭ ਤੋਂ ਵੱਡੇ ਨਕਦੀ-ਰਹਿਤ ਅਰਥਚਾਰਿਆਂ ਵਿੱਚੋਂ ਇਕ ਹੈ। ਡਿਜੀਟਲ ਬੁਨਿਆਦੀ ਢਾਂਚੇ ਰਾਹੀਂ ਮੋਬਾਈਲ ਜਾਂ ਪਲਾਸਟਿਕ ਭੁਗਤਾਨ ਦੀ ਵਰਤੋਂ ਕਰਕੇ ਲੈਣ-ਦੇਣ ਦੀ ਸਹੂਲਤ ਦੇਣ ਲਈ ਇਹ ਪਹਿਲਾਂ ਹੀ ਪ੍ਰਭਾਵੀ ਨੀਤੀਆਂ ਅਮਲ ਵਿੱਚ ਲਿਆ ਚੁੱਕਾ ਹੈ। ਸਵੀਡਨ ਅਜਿਹਾ ਪਹਿਲਾ ਦੇਸ਼ ਹੈ ਜਿਸ ਨੇ 2020 ਤੱਕ 100 ਪ੍ਰਤਿਸ਼ਤ ਨਕਦੀ-ਰਹਿਤ ਹੋਣ ਦਾ ਵਾਅਦਾ ਕੀਤਾ ਹੈ। ਨਕਦੀ-ਰਹਿਤ ਸਮਾਜ ਸਿਰਜਣ ਦੀ ਦੌੜ ਵਿੱਚ ਇਹ ਦੇਸ਼ ਸਭ ਤੋਂ ਅਗਾਂਹ ਹੈ। ਇਥੇ ਬੈਂਕ, ਬੱਸਾਂ, ਸੜਕਾਂ 'ਤੇ ਸਮਾਨ ਵੇਚਣ ਵਾਲੇ ਅਤੇ ਇਥੋਂ ਤੱਕ ਕਿ ਚਰਚ ਵੀ ਪਲਾਸਟਿਕ ਜਾਂ ਡਿਜੀਟਲ ਭੁਗਤਾਨ ਦੀ ਆਸ ਕਰਦੇ ਹਨ। ਕੇਂਦਰੀ ਬੈਂਕ (ਰਿਕਸਬੈਂਕ) ਮੁਤਾਬਕ, 2016 ਵਿੱਚ ਸਵੀਡਨ ਅੰਦਰ ਨਗਦ ਲੈਣ-ਦੇਣ ਕੁੱਲ ਭੁਗਤਾਨ ਕੀਮਤ ਦਾ ਮਸਾਂ 2 ਪ੍ਰਤਿਸ਼ਤ ਸੀ ਅਤੇ 2020 ਤੱਕ ਇਹ ਅੰਕੜਾ ਡਿਗ ਕੇ 0.5 ਪ੍ਰਤਿਸ਼ਤ ਹੋਣ ਦੀ ਉਮੀਦ ਹੈ। ਸਵੀਡਨ ਦੀਆਂ 1600 ਬੈਂਕ ਸ਼ਾਖਾਵਾਂ ਵਿੱਚੋਂ ਲਗਭਗ 900 ਨਾ ਤਾਂ ਆਪਣੇ ਕੋਲ ਨਕਦੀ ਰੱਖਦੇ ਹਨ ਅਤੇ ਨਾ ਹੀ ਨਕਦੀ ਜਮ੍ਹਾਂ ਸਵੀਕਾਰ ਕਰਦੇ ਹਨ। ਬਹੁਤ ਸਾਰੇ ਬੈਂਕਾਂ, ਖ਼ਾਸ ਕਰਕੇ ਦਿਹਾਤੀ ਖੇਤਰਾਂ ਵਿੱਚ, ਕੋਈ ਏ ਟੀ ਐੱਮ ਨਹੀ ਹੈ। ਸਵੀਡਨ ਦੀ ਮੁੱਦਰਾ ਕਰੋਨਾ ਦਾ ਪ੍ਰਚਲਨ 2009 ਵਿੱਚ 106 ਬਿਲੀਅਨ ਸੀ ਜੋ 2016 ਵਿੱਚ ਘਟ ਕੇ 80 ਬਿਲੀਅਨ ਰਹਿ ਗਿਆ ਹੈ।

ਜਦੋਂ ਅਸੀਂ ਨਕਦ ਤੋਂ ਨਕਦੀ-ਰਹਿਤ ਨੀਤੀਗਤ ਬਦਲਾਅ ਦੀ ਗੱਲ ਕਰਦੇ ਹਾਂ ਤਾਂ ਤਕਨਾਲੋਜੀ ਇਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਸਵਿੱਸ਼ (ਐੱਸ ਡਬਲਯੂ ਆਈ ਐੱਸ ਐੱਚ) ਜੋ 6 ਸਵੀਡਨ ਬੈਂਕਾਂ ਦੀ ਮਾਲਕੀ ਵਾਲਾ ਇਕ ਮੋਬਾਈਲ ਐਪ ਹੈ ਅਤੇ ਜੋ ਪ੍ਰਮੁੱਖ ਸਵੀਡਿਸ਼ ਅਤੇ ਡੈਨਮਾਰਕ ਦੀਆਂ ਬੈਂਕਾਂ ਦਰਮਿਆਨ ਭਾਈਵਾਲੀ ਦਾ ਨਤੀਜਾ ਹੈ, ਦਾ ਸਵੀਡਨ ਵਿੱਚ ਵਿਆਪਕ ਇਸਤੇਮਾਲ ਹੋ ਰਿਹਾ ਹੈ। ਇਸ ਐਪ ਰਾਹੀਂ ਵਰਤੋਂਕਾਰ ਆਪਣੇ ਬੈਂਕ ਖਾਤੇ ਤੋਂ ਕਿਸੇ ਦੂਜੇ ਖਾਤੇ ਵਿੱਚ ਆਨਲਾਈਨ ਭੁਗਤਾਨ ਕਰ ਸਕਦੇ ਹਨ, ਭਾਵੇਂ ਉਹ ਕਿਸੇ ਰੈਸਤਰਾਂ, ਕਾਰ ਜਾਂ ਵਪਾਰਕ ਬਾਜ਼ਾਰ ਵਿੱਚ ਹੋਣ। ਸਵਿੱਸ਼ ਦੀ ਵਰਤੋਂਕਾਰਾਂ ਦੀ ਸੰਖਿਆ 1,20,000 ਵਰਤੋਂਕਾਰ ਪ੍ਰਤਿ ਮਹੀਨਾ ਦੀ ਦਰ ਨਾਲ ਵਧੀ ਹੈ। ਦਸੰਬਰ 2014 ਵਿੱਚ ਸਵਿੱਸ਼ ਐਪ ਦੀ ਵਰਤੋਂ ਕਰਕੇ 1.69 ਬਿਲੀਅਨ ਕਰੋਨਾ ਦਾ ਤਬਾਦਲਾ ਕੀਤਾ ਗਿਆ। ਦੇਸ਼ ਨੂੰ ਆਸ ਹੈ ਕਿ 2017 ਦੇ ਅਖੀਰ ਤੱਕ 3 ਮਿਲੀਅਨ ਤੋਂ ਵੱਧ ਵਰਤੋਂਕਾਰ ਇਸ ਦਾ ਇਸਤੇਮਾਲ ਕਰਨਗੇ। ਪਰ, ਅਧਾਰ ਅਤੇ ਦੂਜੇ ਅਹਿਮ ਆਯਾਮਾਂ ਦੇ ਮਾਮਲੇ ਵਿੱਚ ਵੱਡੇ ਫਰਕ ਹਨ। 31 ਦਸੰਬਰ, 2015 ਤੱਕ, ਸਵੀਡਨ ਦੀ ਕੁੱਲ ਅਨੁਮਾਨਿਤ ਵਸੋਂ 9.85 ਮਿਲੀਅਨ ਸੀ, ਸਾਖਰਤਾ ਲਗਭਗ 100 ਪ੍ਰਤਿਸ਼ਤ ਸੀ। ਭਾਰਤ ਦੀ ਜਨਸੰਖਿਆ, 1,260 ਮਿਲੀਅਨ ਹੈ; ਸਾਖਰਤਾ ਦਰ ਸਿਰਫ 75 ਪ੍ਰਤਿਸ਼ਤ। ਭਾਰਤ ਦੇ ਅਨਪੜ੍ਹ ਲੋਕਾਂ ਦੀ ਵਸੋਂ ਸਵੀਡਨ ਦੀ ਕੁੱਲ ਵਸੋਂ ਨਾਲੋਂ 30 ਗੁਣਾ ਜ਼ਿਆਦਾ ਹੈ। ਸਵੀਡਨ ਵਿੱਚ ਪ੍ਰਤਿ ਵਿਅਕਤੀ ਆਮਦਨ ਵਿਸ਼ਵ ਔਸਤ ਦਾ 435 ਪ੍ਰਤਿਸ਼ਤ ਹੈ ਪਰ ਭਾਰਤ ਵਿੱਚ ਇਹ 14 ਪ੍ਰਤਿਸ਼ਤ ਹੈ। ਭਾਰਤ ਦੀ 68 ਪ੍ਰਤਿਸ਼ਤ ਜਨਸੰਖਿਆ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ, ਸਵੀਡਨ ਦੀ 85.5 ਪ੍ਰਤਿਸ਼ਤ ਵਸੋਂ ਸ਼ਹਿਰੀ ਹੈ। ਸਵੀਡਨ ਦੀ ਤਰਜ਼ ਉਤੇ ਸੋਚਣਾ ਭਾਰਤ ਲਈ ਔਖੀ ਗੱਲ ਹੈ; ਫਿਰ ਵੀ ਭਾਰਤ ਵਲੋਂ ਭੀਮ (ਬੀ ਐੱਚ ਆਈ ਐੱਮ) ਨਾਮਕ ਇਕ ਐਪ ਬਣਾਇਆ ਗਿਆ ਹੈ, ਭਾਵੇਂ ਕਿ ਵੱਡੇ ਪੱਧਰ ਉਤੇ ਇਸ ਨੂੰ ਨਹੀਂ ਅਪਣਾਇਆ ਗਿਆ ਅਤੇ ਭਾਰਤ ਦੀ ਜਨਸੰਖਿਆ ਦਾ ਇਕ ਵੱਡਾ ਵਰਗ ਤਕਨਾਲੋਜੀ ਤੋਂ ਵਾਕਫ ਨਹੀਂ। ਰਿਜ਼ਰਵ ਬੈਂਕ ਆਫ ਇੰਡੀਆ ਅਤੇ ਵਪਾਰਕ ਬੈਂਕਾਂ ਨੂੰ ਨਵੀਨਤਮ ਵਿਚਾਰ ਪੈਦਾ ਕਰਨੇ ਹੋਣਗੇ ਜਿਨ੍ਹਾਂ ਨਾਲ ਨਕਦੀ-ਰਹਿਤ ਲੈਣ-ਦੇਣ ਹੋ ਸਕੇ ਅਤੇ ਇਹ ਸੁਰੱਖਿਅਤ ਅਤੇ ਕਰਨ ਵਿੱਚ ਅਸਾਨ ਵੀ ਹੋਣ।

**ਭਾਰਤ ਵਿੱਚ ਰੀਅਲ ਟਾਈਮ ਗਰਾਸ ਸੈਟਲਮੈਂਟ ਸਿਸਟਮ (ਆਰ ਟੀ ਜੀ ਐੱਸ) ਅਤੇ ਨੈਸ਼ਨਲ ਇਲੈਕਟ੍ਰਾਨਿਕ ਫੰਡ ਟ੍ਰਾਂਸਫਰ (ਐੱਨ ਈ ਐੱਫ ਟੀ) ਦੀ ਵਰਤੋਂਕਾਰਾਂ ਦੇ ਸਾਰੇ ਵਰਗਾਂ ਵਲੋਂ ਇਸਤੇਮਾਲ ਵਿੱਚ 2013-2016 ਦਰਮਿਆਨ ਲਗਭਗ ਤਿੰਨ ਗੁਣਾ ਵਾਧਾ ਹੋਇਆ ਅਤੇ ਮੋਬਾਈਲ ਬੈਂਕਿੰਗ ਲੈਣ-ਦੇਣ ਵਿੱਚ ਲਗਭਗ ਸੱਤ ਗੁਣਾ ਵਾਧਾ ਹੋਇਆ। ਏ ਟੀ ਐੱਮ ਅਤੇ ਪੀ ਓ ਐੱਸ ਕਾਰਡ ਲੈਣ-ਦੇਣ ਵਿੱਚ ਵੀ ਕਾਫੀ ਵਾਧਾ ਹੋਇਆ ਹੈ। ਪੀ ਓ ਐੱਸ ਡੈਬਿਟ ਕਾਰਡ ਦੀ ਵਰਤੋਂ ਵਿੱਚ ਵੀ ਵੱਡਾ ਵਾਧਾ ਹੋਇਆ ਹੈ। ਸਪੱਸ਼ਟ ਤੌਰ ਤੇ ਬੈਂਕਾਂ ਵਲੋਂ ਨਕਦੀ-ਰਹਿਤ ਭੁਗਤਾਨ ਦਾ ਢੰਗ ਵੱਡੇ ਪੱਧਰ ਉਤੇ ਅਪਣਾਇਆ ਗਿਆ ਹੈ ਤਾਂ ਕਿ ਭੁਗਤਾਨ ਨੂੰ ਤੁਰੰਤ ਕਰਨ, ਕੁਸ਼ਲਤਾ ਵਿੱਚ ਵਾਧੇ ਅਤੇ ਸਰਕਾਰੀ ਭਲਾਈ ਸਕੀਮਾਂ ਸੇਵਾਵਾਂ ਦੇ ਲਗਾਤਾਰ ਵਧ ਰਹੇ ਬੋਝ ਨੂੰ ਬੈਂਕ ਖਾਤਿਆਂ ਰਾਹੀਂ ਵਿਤਰਣ ਕਰਨ ਦੇ ਉਦੇਸ਼ ਨੂੰ ਹਾਸਲ ਕੀਤਾ ਜਾ ਸਕੇ (ਰਸੋਈ ਗੈਸ ਖਪਤਕਾਰਾਂ ਲਈ ਸਬਸਿਡੀ, ਮਨਰੇਗਾ ਅਦਾਇਗੀਆਂ ਆਦਿ)।**

ਬਾਵਜੂਦ ਇਸ ਦੇ, 5 ਪ੍ਰਤਿਸ਼ਤ ਤੋਂ ਵੀ ਘੱਟ ਭੁਗਤਾਨ ਇਲੈਕਟ੍ਰਾਨਿਕ ਤਰੀਕੇ ਨਾਲ ਕੀਤੇ ਜਾਂਦੇ ਹਨ, ਭਾਰਤ ਵਿੱਚ ਹਾਲੇ ਵੀ ਨਕਦੀ ਦੀ ਵੱਡੀ ਵਰਤੋਂ ਕੀਤੀ ਜਾ ਰਹੀ ਹੈ।

## ਨਕਦੀ-ਰਹਿਤ ਅਰਥਚਾਰੇ ਦੇ ਰਸਤੇ ਵਿੱਚ ਚੁਨੌਤੀਆਂ

ਨੋਟਬੰਦੀ ਨੇ ਸਾਰੀ ਆਰਥਿਕਤਾ ਨੂੰ ਘੱਟ ਨਕਦੀ ਵਰਤਣ ਲਈ ਉਤਸ਼ਾਹਿਤ ਕੀਤਾ ਹੈ ਪਰ ਲੋਕਾਂ ਅਤੇ ਸਰਕਾਰ ਸਾਹਮਣੇ ਵੀ ਕਈ ਚੁਨੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਡਿਜੀਟਲ ਹੋਣ ਦੀ ਜ਼ਰੂਰਤ ਬਾਰੇ ਸਾਰੇ ਇਤਫਾਕ ਰੱਖਦੇ ਹਨ। ਪਰ ਕੀ ਇਹ ਢੁੱਕਵੇਂ ਬੁਨਿਆਦੀ ਢਾਂਚੇ ਤੋਂ ਬਿਨਾਂ ਹਾਸਲ ਕੀਤਾ ਜਾ ਸਕਦਾ ਹੈ? ਪੇਂਡੂ ਖੇਤਰਾਂ ਵਿੱਚ ਜਨਤਕ ਖੇਤਰ ਦੀਆਂ ਬੈਂਕਾਂ ਅਤੇ ਸਟੇਟ ਬੈਂਕ ਸਮੂਹ ਦੇ ਸਿਰਫ 20.8 ਪ੍ਰਤਿਸ਼ਤ ਏ ਟੀ ਐੱਮ ਹਨ। 8.5 ਪ੍ਰਤਿਸ਼ਤ ਏ ਟੀ ਐੱਮ ਨਿੱਜੀ ਖੇਤਰ ਦੀਆਂ ਬੈਂਕਾਂ ਦੇ ਹਨ। ਪੇਂਡੂ ਖੇਤਰਾਂ ਵਿੱਚ ਏ ਟੀ ਐੱਮ ਲੱਭਣਾ ਔਖਾ ਹੋ ਜਾਂਦਾ ਹੈ। ਈ-ਵਾਲੇਟ ਅਤੇ ਮੋਬਾਈਲ ਭੁਗਤਾਨ ਪ੍ਰਣਾਲੀਆਂ ਲਈ ਇਕ ਸਮਾਰਟ ਫ਼ੋਨ ਅਤੇ ਇੰਟਰਨੈੱਟ ਕੁਨੈਕਸ਼ਨ ਲੋੜੀਂਦਾ ਹੈ, ਪਰ ਇਕ ਚੌਥਾਈ ਤੋਂ ਵੀ ਘੱਟ ਵਸੋਂ ਕੋਲ ਸਮਾਰਟ ਫ਼ੋਨ ਹੈ। ਤੇਜ਼ ਅਤੇ ਭਰੋਸੇਯੋਗ ਇੰਟਰਨੈੱਟ ਕੁਨੈਕਸ਼ਨ ਮਹਿੰਗਾ ਹੈ ਅਤੇ ਮਿਲਣਾ ਵੀ ਮੁਸ਼ਕਿਲ ਹੈ, ਜਨਤਕ ਵਾਈ-ਫਾਈ ਹਾਟਸਪਾਟ ਅਤੇ ਮੋਬਾਈਲ ਫ਼ੋਨ ਦੀ ਬੈਟਰੀ ਚਾਰਜ ਕਰਨ ਵਾਲੇ ਸਟੇਸ਼ਨ ਵੀ ਥੋੜ੍ਹੇ ਹੀ ਹਨ ਅਤੇ ਦੂਰ-ਦੂਰ ਹਨ। ਸਾਈਬਰ ਸੁਰੱਖਿਆ ਹਾਲੇ ਵੀ ਇਕ ਮੁੱਖ ਮੁੱਦਾ ਹੈ। ਇਹ ਯਕੀਨ ਨਾਲ ਕਿਵੇਂ ਕਿਹਾ ਜਾ ਸਕਦਾ ਹੈ ਕਿ ਛੋਟੀਆਂ ਦੁਕਾਨਾਂ ਅਤੇ ਵਿਕਰੇਤਾਵਾਂ ਕੋਲ ਕਾਰਡ ਦੀ ਵਰਤੋਂ ਜੋਖ਼ਮ ਰਹਿਤ ਹੈ ਅਤੇ ਵੇਰਵਿਆਂ ਦਾ ਭੇਦ ਬਣਿਆ ਰਹੇਗਾ? ਜੇ ਕਿਸੇ ਕਾਰਡ ਦੀ ਨਕਲ ਕਰ ਲਈ ਜਾਵੇ ਤਾਂ ਕਿਸੇ ਵਿਅਕਤੀ ਨੂੰ ਆਪਣੀ ਖ਼ੂਨ ਪਸੀਨੇ ਦੀ ਕਮਾਈ ਦੁਬਾਰਾ ਹਾਸਲ ਕਰਨ ਵਿੱਚ ਕਈ ਸਾਲ ਲੱਗ ਜਾਣਗੇ। ਅਕਤੂਬਰ 2016 ਵਿੱਚ 30 ਲੱਖ ਤੋਂ ਵੱਧ ਡੈਬਿਟ ਕਾਰਡ ਏ ਟੀ ਐੱਮ ਤੇ ਖ਼ਤਰੇ ਹੇਠ ਆ ਗਏ ਅਤੇ ਗਾਹਕਾਂ ਨੂੰ ਆਪਣੀ ਪਿੰਨ ਬਦਲਣ ਲਈ ਕਿਹਾ ਗਿਆ। ਮਹੀਨੇ ਬਾਅਦ ਜਦੋਂ ਨੋਟਬੰਦੀ ਕਾਰਨ ਕਾਰਡ ਰਾਹੀਂ ਲੈਣ-ਦੇਣ ਵਿੱਚ ਅਚਾਨਕ ਵਾਧਾ ਹੋਇਆ ਤਾਂ ਨੈੱਟਵਰਕ ਉਤੇ ਬੋਝ ਵਧ ਗਿਆ, ਕਾਰਡ ਮਸ਼ੀਨਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਅਤੇ ਲੋਕਾਂ ਨੂੰ ਘੰਟਿਆਂਬਧੀ ਕਤਾਰਾਂ ਵਿੱਚ ਖੜ੍ਹੇ ਹੋਣਾ ਪਿਆ। ਸਰਕਾਰ ਵਲੋਂ ਲਗਾਤਾਰ ਦਲੀਲ ਦਿੱਤੀ ਜਾ ਰਹੀ ਹੈ ਕਿ ਨੋਟਬੰਦੀ ਦਾ ਮੁੱਖ ਮਕਸਦ ਭ੍ਰਿਸ਼ਟਾਚਾਰ ਨਾਲ ਲੜਾਈ ਹੈ। ਲੋਕਤੰਤਰੀ ਸ਼ਾਸਨ ਪ੍ਰਣਾਲੀ ਵਿੱਚ ਰਾਜਨੀਤਕ ਦਲਾਂ ਨੂੰ ਦਿੱਤਾ ਜਾਣ ਵਾਲਾ ਪੈਸਾ ਭ੍ਰਿਸ਼ਟਾਚਾਰ ਦੇ ਵੱਡੇ ਸਰੋਤਾਂ ਵਿੱਚੋਂ ਇਕ ਹੈ। ਅਸਲ ਵਿੱਚ, ਉੱਚ-ਪੱਧਰੀ ਭ੍ਰਿਸ਼ਟਾਚਾਰ ਵਿੱਚ ਨਕਦੀ ਸ਼ਾਮਲ ਨਹੀਂ ਹੁੰਦੀ। ਇਸ ਕਰਕੇ ਭ੍ਰਿਸ਼ਟਾਚਾਰ ਖਿਲਾਫ ਲੜਾਈ ਲਈ ਕੀਤੀ ਕੋਈ ਵੀ ਕੋਸ਼ਿਸ਼ ਜਿਸ ਵਿੱਚ ਰਾਜਨੀਤਕ ਦਲਾਂ ਨੂੰ ਮਿਲਣ ਵਾਲੇ ਪੈਸੇ ਵਿੱਚ ਪਾਰਦਰਸ਼ਤਾ ਲਿਆਉਣਾ ਸ਼ਾਮਲ ਨਾ ਹੋਵੇ, ਉਸ ਨੂੰ ਅਰਥਪੂਰਨ ਤੇ ਸਫਲ ਨਹੀਂ ਕਿਹਾ ਜਾ ਸਕਦਾ। ਪੇਂਡੂ ਖੇਤਰਾਂ

ਵਿੱਚ ਲੋਕਾਂ ਨੂੰ ਸਿੱਖਿਅਤ ਕਰਨ ਤੋਂ ਲੈ ਕੇ ਬੁਨਿਆਦੀ ਢਾਂਚੇ ਅਤੇ ਸਾਜ਼-ਸਮਾਨ ਵਿੱਚ ਸੁਧਾਰ ਕਰਨ ਤੱਕ, ਸਰਕਾਰ ਨੂੰ ਨੀਤੀਗਤ ਫੈਸਲੇ ਲੈਣ ਲਈ ਕਾਫੀ ਸਮਾਂ ਦੇਣਾ ਪਵੇਗਾ ਤਾਂ ਕਿ ਇਨ੍ਹਾਂ ਕਮੀਆਂ ਨੂੰ ਦੂਰ ਕੀਤਾ ਜਾ ਸਕੇ। ਰਾਤੋ-ਰਾਤ ਭਾਰਤ ਨਕਦੀ-ਰਹਿਤ ਨਹੀਂ ਹੋ ਸਕਦਾ। ਸਭ ਤੋਂ ਪਹਿਲਾਂ ਸਰਕਾਰ ਨੂੰ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਉਨ੍ਹਾਂ ਦੇ ਹੱਲ ਵੱਲ ਧਿਆਨ ਕੇਂਦਰਿਤ ਕਰਨਾ ਪਵੇਗਾ।

## ਸਿੱਟਾ

100 ਪ੍ਰਤਿਸ਼ਤ ਨਕਦੀ-ਰਹਿਤ ਸਮਾਜ ਹਾਸਲ ਕਰਨਾ ਕਦੇ ਵੀ ਸੰਭਵ ਨਹੀਂ ਹੋਵੇਗਾ, ਪਰ ਘੱਟ ਨਕਦੀ ਵਾਲੇ ਸਮਾਜ ਤੋਂ ਸ਼ੁਰੂਆਤ ਕੀਤੀ ਜਾ ਸਕਦੀ ਹੈ ਅਤੇ ਫਿਰ ਜ਼ਿਆਦਾਤਰ ਨਕਦੀ-ਰਹਿਤ ਹੋਣ ਵੱਲ ਕਦਮ ਵਧਾਏ ਜਾ ਸਕਦੇ ਹਨ। ਜ਼ਿਆਦਾਤਰ ਨਕਦੀ-ਰਹਿਤ ਸਮਾਜ ਵੱਲ ਤੁਰਨਾ ਬਹੁਤ ਵਾਧੇ ਵਾਲਾ ਹੁੰਦਾ ਹੈ। ਭਾਵੇਂ ਕਿ ਕਈ ਲੈਣ-ਦੇਣ ਦੇ ਮਾਮਲਿਆਂ ਵਿੱਚ ਨਕਦੀ ਦੀ ਮਹੱਤਵਪੂਰਨ ਭੂਮਿਕਾ ਹੋਵੇਗੀ, ਖ਼ਾਸ ਕਰਕੇ ਦੂਰ-ਦਰਾਜ ਦੇ ਖੇਤਰਾਂ ਅਤੇ ਗ਼ੈਰ-ਰਸਮੀ ਖੇਤਰਾਂ ਵਿੱਚ, ਤਾਂ ਵੀ ਇਸ ਲੈਣ-ਦੇਣ ਨੂੰ ਸਵੈਚਾਲਿਤ ਕੀਤਾ ਜਾ ਸਕਦਾ ਹੈ। ਆ ਰਹੀ ਤਕਨਾਲੋਜੀ ਨਾਲ ਅਜਿਹੀਆਂ ਐਪਲੀਕੇਸ਼ਨਾਂ ਤਿਆਰ ਕਰਨਾ ਸੰਭਵ ਹੋਵੇਗਾ ਜਿਥੇ ਜ਼ਿਆਦਾਤਰ ਗ਼ੈਰ-ਰਸਮੀ ਖਰੀਦਾਰੀ ਦਾ ਭੁਗਤਾਨ ਸਿੱਧਾ ਖਰੀਦਦਾਰ ਦੇ ਬੈਂਕ ਖਾਤਿਆਂ ਵਿੱਚੋਂ ਕੀਤਾ ਜਾ ਸਕੇਗਾ। ਜੇ ਨਕਦੀ ਦਾ ਪ੍ਰਚਲਣ ਘਟ ਜਾਂਦਾ ਹੈ ਅਤੇ ਜ਼ਿਆਦਾਤਰ ਲੈਣ-ਦੇਣ ਡਿਜੀਟਲ ਹੋ ਜਾਂਦਾ ਹੈ ਤਾਂ ਲੋਕ ਨਕਦੀ ਰੱਖਣ ਦੀ ਕੋਸ਼ਿਸ਼ ਘੱਟ ਕਰਨਗੇ ਅਤੇ ਨਕਦੀ ਜਮ੍ਹਾਂ ਕਰਨ ਤੋਂ ਪਹਿਲਾਂ ਦਿੱਤਾ ਜਾਂਦਾ ਵਿਆਜ ਵੀ ਘਟ ਜਾਵੇਗਾ। ਵੱਡੀ ਲੈਣ-ਦੇਣ ਨੂੰ ਡਿਜੀਟਲ ਕਰਨਾ ਭਾਰਤ ਵਿੱਚ ਵੱਡੇ ਪੱਧਰ ਉਤੇ ਫੈਲੀ ਸਮਾਨਾਂਤਰ ਆਰਥਿਕਤਾ ਉਤੇ ਕਾਬੂ ਪਾਉਣ ਵਿੱਚ ਪ੍ਰਭਾਵੀ ਸਾਬਤ ਹੋਵੇਗਾ। ਇਸ ਨਾਲ ਹਿਸਾਬ-ਕਿਤਾਬ ਰੱਖਣਾ ਸੌਖਾ ਹੋ ਜਾਵੇਗਾ ਅਤੇ ਟੈਕਸ ਦਾ ਦਾਇਰਾ ਵਧ ਜਾਵੇਗਾ। ਸਿੱਟੇ ਵਜੋਂ ਨਕਦੀ ਲੈ ਕੇ ਜਾਣ ਦੀ ਲੋੜ ਅਤੇ ਚੋਰੀ ਹੋ ਜਾਣ ਦਾ ਖ਼ਤਰਾ ਕਾਫੀ ਘਟ ਜਾਵੇਗਾ। ਜਾਅਲੀ ਮੁਦਰਾ ਅਤੇ ਉਸ ਦੀ ਵਰਤੋਂ ਬੰਦ ਹੋ ਜਾਵੇਗੀ ਅਤੇ ਹਵਾਲਾ ਕਾਰੋਬਾਰ ਵਿੱਚ ਵੀ ਕਮੀ ਆਵੇਗੀ। ਭਾਵੇਂ ਕਿ ਡਿਜੀਟਲ ਹੋਣ ਨਾਲ ਵਿੱਤੀ ਲੈਣ-ਦੇਣ ਉਤੇ ਨਜ਼ਰ ਰੱਖਣੀ ਅਸਾਨ ਹੋ ਜਾਂਦੀ ਹੈ, ਪਰ ਇਸ ਨਾਲ ਖਰਚ ਵੀ ਵਧਦਾ ਹੈ। ਸੂਚਨਾ ਤਕਨੀਕ ਬੁਨਿਆਦੀ ਢਾਂਚੇ ਦੀ ਵੱਡੇ ਪੱਧਰ ਉਤੇ ਜ਼ਰੂਰਤ ਪਵੇਗੀ ਜਿਸ ਦੀ ਕਮੀ ਆਜ਼ਾਦੀ ਪ੍ਰਾਪਤ ਕਰਨ ਦੇ 70 ਸਾਲ ਬਾਅਦ ਵੀ ਬਣੀ ਹੋਈ ਹੈ। ਪਰ, ਘੱਟ ਨਕਦੀ ਵਾਲੇ ਅਰਥਚਾਰੇ ਵੱਲ ਮੋੜਾ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਅਸੀਂ ਸਾਈਬਰ ਸੁਰੱਖਿਆ, ਆਨਲਾਈਨ ਠੱਗੀ, ਵਿੱਤੀ ਸਮਾਵੇਸ਼ ਜਿਹੇ ਮੁੱਦਿਆਂ ਨਾਲ ਰਸਮੀ ਬੈਂਕਿੰਗ ਖੇਤਰ, ਜਾਗਰੂਕਤਾ ਮੁਹਿੰਮਾਂ ਅਤੇ ਸ਼ਿਕਾਇਤਾਂ ਦੇ ਢੁੱਕਵੇਂ ਹੱਲ ਦੇ ਮੱਦੇਨਜ਼ਰ ਕਿਸ ਤਰ੍ਹਾਂ ਨਜਿੱਠਦੇ ਹਾਂ।

*(ਲੇਖਕ ਕ੍ਰਮਵਾਰ ਆਰਥਿਕ ਵਿਕਾਸ ਬਾਰੇ ਸੰਸਥਾ, ਨਵੀਂ ਦਿੱਲੀ ਵਿੱਚ ਐਸੋਸੀਏਟ ਪ੍ਰੋਫ਼ੈਸਰ, ਅਤੇ ਆਰਥਿਕ ਵਿਕਾਸ ਬਾਰੇ ਸੰਸਥਾ ਵਿੱਚ ਖੋਜ ਇੰਟਰਨ ਹਨ)*

*e-mail :pravakarfirst@gmail.com*
*:amogh.arora04@yahoo.com*



# ਨੋਟਬੰਦੀ : ਚੋਣਾਂ ਉਤੇ ਪ੍ਰਭਾਵ

ਐੱਸ ਵਾਈ ਕੁਰੇਸ਼ੀ

ਬਹੁਤ ਲੰਮੇ ਸਮੇਂ ਤੋਂ ਭਾਰਤੀ ਰਾਜਨੀਤੀ ਵਿੱਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਅਤੇ ਚੋਣਾਂ ਜਿੱਤਣ ਲਈ ਪੈਸੇ ਦੀ ਤਾਕਤ ਦੀ ਬੇਤਹਾਸ਼ਾ ਵਰਤੋਂ ਦੇਖਣ ਵਿੱਚ ਆ ਰਹੀ ਹੈ। ਭਾਰਤ ਵਿੱਚ ਚੋਣਾਂ ਦੇ ਮਾਮਲੇ ਵਿੱਚ ਰਵਾਇਤੀ ਸਮਝ ਇਹ ਹੈ ਕਿ ਵੋਟਾਂ ਪੈਣ ਤੋਂ ਇਕ ਰਾਤ ਪਹਿਲਾਂ ਪੈਸਾ ਅਤੇ ਸ਼ਰਾਬ ਵੰਡਣ ਨਾਲ ਲੋਕਾਂ ਦੇ ਨੁਮਾਇੰਦਿਆਂ ਦਾ ਫੈਸਲਾ ਹੋ ਜਾਂਦਾ ਹੈ। ਇਸ ਗੱਲ ਦੇ ਠੋਸ ਸਬੂਤ ਹਨ ਕਿ ਸਾਲਾਂ ਤੋਂ ਨਿਰਪੱਖ ਚੋਣਾਂ ਪੈਸਿਆਂ ਦੇ ਬੋਰਿਆਂ ਵਿੱਚ ਬੰਦ ਕਰ ਦਿੱਤੀਆਂ ਗਈਆਂ ਹਨ ਜੋ ਦੇਸ਼ ਵਿੱਚ ਸਾਡੇ ਰਾਜਨੀਤਕ ਦਲਾਂ ਵਲੋਂ ਧੱਕੇ ਜਾ ਰਹੇ ਹਨ।

ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਦਾ ਇਕ ਮੁੱਲਾਂਕਣ ਦਰਸਾਉਂਦਾ ਹੈ ਕਿ ਤਾਮਿਲਨਾਡੂ, ਪੱਛਮੀ ਬੰਗਾਲ, ਕੇਰਲਾ, ਪੁੱਡੂਚੇਰੀ ਅਤੇ ਅਸਾਮ ਵਿੱਚ 2011 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ 576 ਉਮੀਦਵਾਰ (ਮੁੱਲਾਂਕਣ ਹੇਠ ਲਿਆਂਦੇ ਗਏ 3547 ਉਮੀਦਵਾਰਾਂ ਦਾ 16 ਪ੍ਰਤਿਸ਼ਤ) ਆਪਣੇ ਹਲਫਨਾਮਿਆਂ ਮੁਤਾਬਕ ਕਰੋੜਪਤੀ ਸਨ ਅਤੇ ਇਨ੍ਹਾਂ ਵਿੱਚੋਂ 50 ਪ੍ਰਤਿਸ਼ਤ ਉਮੀਦਵਾਰਾਂ ਨੇ ਕਦੇ ਵੀ ਆਮਦਨ ਕਰ ਰਿਟਰਨ ਦਾਖਲ ਨਹੀਂ ਕੀਤੀ। ਦੂਸਰੇ ਰਾਜਾਂ ਵਿੱਚ ਵੀ ਹਾਲਾਤ ਲਗਭਗ ਇਹੋ ਜਿਹੇ ਹੀ ਹਨ।

ਚੋਣਾਂ ਦੌਰਾਨ ਬੀਜੇ ਗਏ ਭ੍ਰਿਸ਼ਟਾਚਾਰ ਦਾ ਬੀਜ ਆਖਰ ਨੂੰ ਦੇਸ਼ ਅੰਦਰ ਪ੍ਰਸ਼ਾਸਨ ਵਿੱਚ ਭ੍ਰਿਸ਼ਟਾਚਾਰ ਦੇ ਰੂਪ ਵਿੱਚ ਫੁੱਟਦਾ ਹੈ। ਜਦੋਂ ਉਮੀਦਵਾਰ ਅਤੇ ਰਾਜਸੀ ਦਲ ਚੋਣ ਮੁਹਿੰਮਾਂ ਵਿੱਚ ਕਰੋੜਾਂ ਰੁਪਏ ਖਰਚਦੇ ਹਨ ਤਾਂ ਸੱਤਾ ਵਿੱਚ ਆਉਣ 'ਤੇ ਉਨ੍ਹਾਂ ਹਰ ਜਾਇਜ਼ ਨਾਜਾਇਜ਼ ਤਰੀਕੇ ਨਾਲ ਪੈਸਾ ਕਮਾਉਣਾ ਹੁੰਦਾ ਹੈ। ਸਿੱਟੇ ਵਜੋਂ ਪੈਦਾ ਹੋਣ ਵਾਲੀ 'ਵਸੂਲੀ ਮੁਹਿੰਮ' ਦਾ ਨਤੀਜਾ ਰਾਜਨੇਤਾਵਾਂ-ਨੌਕਰਸ਼ਾਹਾਂ ਦੇ ਗੱਠਜੋੜ ਦੇ ਰੂਪ ਵਿੱਚ ਨਿਕਲਦਾ ਹੈ। ਇਸ ਨਾਪਾਕ ਗੱਠਜੋੜ ਵਿੱਚ ਜਦੋਂ ਸ਼ਾਸ਼ਨ ਦੇ ਦੋ ਅਹਿਮ ਅੰਗ ਹੱਥ ਮਿਲਾ ਲੈਂਦੇ ਹਨ ਤਾਂ ਉੱਤੋਂ ਲੈ ਕੇ ਹੇਠਾਂ ਤੱਕ ਚਾਰੇ ਪਾਸੇ ਭ੍ਰਿਸ਼ਟਾਚਾਰ ਫੈਲ ਜਾਂਦਾ ਹੈ ਜੋ ਜ਼ਿੰਦਗੀ ਦੇ ਸਾਰੇ ਪਹਿਲੂਆਂ ਵਿੱਚ ਘਰ ਕਰ ਜਾਂਦਾ ਹੈ। ਹੇਠਲੇ ਪੱਧਰ ਦੇ ਅਧਿਕਾਰੀਆਂ ਜਿਵੇਂ ਸਿਪਾਹੀ ਜਾਂ ਪਟਵਾਰੀ ਨੂੰ ਜਦੋਂ ਟੋਕਿਆ ਜਾਂਦਾ ਹੈ ਤਾਂ ਉਨ੍ਹਾਂ ਦਾ ਘੜਿਆ-ਘੜਾਇਆ ਜਵਾਬ ਮਿਲਦਾ ਹੈ, 'ਉੱਪਰ ਤੱਕ ਦੇਣਾ ਹੈ'।

## ਚੋਣਾਂ ਲਈ ਸਰਕਾਰੀ ਖਰਚ

ਅਜਿਹਾ ਨਹੀਂ ਕਿ ਰਾਜਸੀ ਨੇਤਾ ਚੋਣਾਂ ਵਿੱਚ ਪੈਸੇ ਦੀ ਬੇਤਹਾਸ਼ਾ ਵਰਤੋਂ ਤੋਂ ਖ਼ੁਸ਼ ਹਨ। ਉਨ੍ਹਾਂ ਨੇ ਇਸ ਪ੍ਰਤਿ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਪਰ, ਹੱਲ ਲੱਭਣ ਲਈ ਕਿਸੇ ਗੰਭੀਰ ਚਰਚਾ ਦੀ ਅਣਹੋਂਦ ਕਾਰਨ ਉਨ੍ਹਾਂ ਵਲੋਂ ਤੌਖਲਾ ਪ੍ਰਗਟ ਕਰਨਾ ਗੱਲੀਂਬਾਤੀਂ ਸਾਰਨ ਵਾਲਾ ਕੰਮ ਹੀ ਹੈ। ਪਾਰਲੀਮਾਨੀ ਬਹਿਸਾਂ ਵਿੱਚ ਇਸ ਸਮੱਸਿਆ ਬਾਰੇ ਚਰਚਾ ਹੋਈ, ਕਮੇਟੀਆਂ ਦਾ ਗਠਨ ਕੀਤਾ ਗਿਆ। ਸਾਡੇ ਸੁਣਨ ਵਿੱਚ ਜਿਸ ਹੱਲ ਦਾ ਸੁਝਾਅ ਦਿੱਤਾ ਗਿਆ, ਉਹ ਇਹ ਹੈ ਕਿ ਸਰਕਾਰੀ ਪੈਸੇ ਨਾਲ ਚੋਣਾਂ ਕਰਵਾਉਣੀਆਂ ਇਸ ਸਮੱਸਿਆ ਦਾ ਹੱਲ ਹੈ।

ਇਸ ਵਿਸ਼ੇ 'ਤੇ ਸਭ ਤੋਂ ਪ੍ਰਸਿੱਧ ਇੰਦਰਜੀਤ ਗੁਪਤਾ ਕਮੇਟੀ ਦਾ ਗਠਨ 1999 ਵਿੱਚ ਕੀਤਾ ਗਿਆ ਜਿਸ ਦੇ ਡਾ. ਮਨਮੋਹਨ ਸਿੰਘ, ਸ਼੍ਰੀ ਸੋਮਨਾਥ ਚੈਟਰਜੀ ਅਤੇ ਹੋਰ ਕਈ ਨਾਮੀ ਗਿਰਾਮੀ ਨੇਤਾ ਮੈਂਬਰ ਸਨ। ਇਸ ਕਮੇਟੀ ਵਲੋਂ ਚੋਣਾਂ ਲਈ ਅੰਸ਼ਕ ਸਰਕਾਰੀ ਖਰਚ ਦਾ ਸੁਝਾਅ ਦਿੱਤਾ ਗਿਆ, ਉਹ ਵੀ ਇਸ ਸ਼ਰਤ ਉਤੇ ਕਿ ਪਾਰਟੀ ਵਿੱਚ ਅੰਦਰੂਨੀ ਲੋਕਤੰਤਰ ਹੋਣਾ ਚਾਹੀਦਾ ਹੈ – ਜਿਸ ਨੂੰ ਮੰਨਣ ਲਈ ਕੋਈ ਵੀ ਦਲ ਤਿਆਰ ਨਹੀਂ।

**ਭਾਰਤ ਦਾ ਚੋਣ ਕਮਿਸ਼ਨ ਵੋਟਾਂ ਤੋਂ ਪਹਿਲਾਂ ਵੋਟਰਾਂ ਨੂੰ ਰਿਸ਼ਵਤ ਦੇਣ ਲਈ ਪੈਸੇ ਦੀ ਵਰਤੋਂ ਤੋਂ ਬਹੁਤ ਚਿੰਤਤ ਹੈ। ਮੁੱਖ ਚੋਣ ਕਮਿਸ਼ਨਰ ਦਾ ਅਹੁਦਾ ਸੰਭਾਲਣ ਸਮੇਂ ਆਪਣੀਆਂ ਸ਼ੁਰੂਆਤੀ ਪ੍ਰੈੱਸ ਕਾਨਫਰੰਸਾਂ ਵਿੱਚ ਮੈਂ ਆਪਣੇ ਆਪ ਨੂੰ ਦੋ ਚੁਨੌਤੀਆਂ ਦਿੱਤੀਆਂ ਸਨ – ਪੈਸੇ ਦੀ ਦੁਰਵਰਤੋਂ ਅਤੇ ਵੋਟਰ ਦੀ ਬੇਰੁਖੀ। ਇਨ੍ਹਾਂ ਮੁੱਦਿਆਂ ਦੇ ਗੰਭੀਰ ਹੱਲ ਲੱਭਣ ਲਈ ਦੋ ਨਵੇਂ ਵਿਭਾਗਾਂ ਦਾ ਨਿਰਮਾਣ ਕੀਤਾ ਗਿਆ। ਦੋਵਾਂ ਨੇ ਕਾਫੀ ਸਫਲਤਾ ਹਾਸਲ ਕੀਤੀ, ਇਕ ਨੇ ਹੁਣ ਤੱਕ ਸਭ ਤੋਂ ਵੱਧ ਵੋਟਰਾਂ ਵਲੋਂ ਵੋਟ ਦੇ ਅਧਿਕਾਰ ਦੀ ਵਰਤੋਂ ਰੂਪੀ ਪ੍ਰਾਪਤੀ ਕੀਤੀ ਅਤੇ ਦੂਜੇ ਵਿੱਚ ਕਰੋੜਾਂ ਰੁਪਏ ਅਤੇ ਸ਼ਰਾਬ ਸਮੇਤ ਦੂਜੀਆਂ ਵਸਤਾਂ ਤੋਂ ਪਰਦਾ ਚੁੱਕਿਆ ਗਿਆ। ਸਾਡੇ ਪੂਰਵ-ਸਰਗਰਮੀ ਵਾਲੇ ਕਦਮਾਂ ਸਦਕਾ ਮਿਸਾਲੀ ਪ੍ਰਾਪਤੀਆਂ ਹੋਈਆਂ ਜਿਸ ਵਿੱਚ ਉੱਤਰ ਪ੍ਰਦੇਸ਼ ਦੇ ਮੌਜੂਦਾ ਵਿਧਾਨਕਾਰ ਨੂੰ ਆਯੋਗ ਕਰਾਰ ਦੇ ਕੇ ਸੀਟ ਖਾਲੀ ਕਰਨਾ ਅਤੇ ਝਾਰਖੰਡ ਵਿੱਚ ਦੋ ਰਾਜ ਸਭਾ ਦੀਆਂ ਚੋਣਾਂ ਨੂੰ ਰੱਦ ਕਰਨਾ ਸ਼ਾਮਲ ਹੈ।**

ਮਿਲ ਕੇ ਕੰਮ ਕਰਦਿਆਂ ਵੋਟਰ ਸਿੱਖਿਆ ਪ੍ਰੋਗਰਾਮ ਵਿੱਚ ਵੋਟਰਾਂ ਨੂੰ ਵੋਟਾਂ ਬਦਲੇ ਨੋਟ ਨਾ ਲੈਣ ਲਈ ਸਿੱਖਿਅਤ ਅਤੇ ਪ੍ਰੇਰਤ ਕਰਨ ਦਾ ਉਪਰਾਲਾ ਕੀਤਾ ਗਿਆ। 2011 ਤੋਂ ਹਰੇਕ ਸਾਲ 25 ਜਨਵਰੀ ਨੂੰ ਮਨਾਏ ਜਾਂਦੇ ਨੈਸ਼ਨਲ ਵੋਟਰਜ਼

ਡੇਅ, ਜੋ ਦੁਨੀਆਂ ਭਰ ਵਿੱਚ ਵੋਟਰਾਂ ਨੂੰ ਪੰਜੀਕ੍ਰਿਤ ਕਰਨ ਦਾ ਸਭ ਤੋਂ ਵੱਡਾ ਪ੍ਰੋਗਰਾਮ ਹੈ, ਦੌਰਾਨ ਨਵੇਂ ਵੋਟਰਾਂ, ਜੋ ਜ਼ਿਆਦਾਤਰ ਨੌਜਵਾਨ ਹੁੰਦੇ ਹਨ, ਨੂੰ ਨੈਤਿਕ ਮਤਦਾਨ ਲਈ ਸਹੁੰ ਚੁਕਾਈ ਜਾਂਦੀ ਹੈ। ਹੁਣ ਤੱਕ ਲਗਭਗ 140 ਮਿਲੀਅਨ ਵੋਟਰਾਂ ਵਲੋਂ ਇਹ ਸਹੁੰ ਚੁੱਕੀ ਗਈ ਹੈ।

ਪੂਰਵ-ਸਰਗਰਮ ਖਰਚ ਕੰਟਰੋਲ ਵਿਭਾਗ ਨਾਲ ਸਹਾਈ ਵੋਟਰ ਸਿੱਖਿਆ ਵਿਭਾਗ, ਚੌਕਸ ਮੀਡੀਆ ਅਤੇ ਸੱਭਿਆ ਸਮਾਜ ਸਦਕਾ, ਚੋਣ ਜ਼ਾਬਤੇ ਦੀ ਅੱਖੀਂ ਘੱਟਾ ਪਾ ਕੇ ਖਰਚੇ ਵਿੱਚ ਗੜਬੜੀਆਂ ਕਰਨੀਆਂ ਲਗਾਤਾਰ ਔਖਾ ਹੁੰਦਾ ਜਾ ਰਿਹਾ ਹੈ। ਤਾਂ ਵੀ, ਇਹ ਦੁਖਦਾਈ ਸੱਚ ਹੈ ਕਿ ਚੋਣਾਂ ਵਿੱਚ ਹਾਲੇ ਵੀ ਕਾਲੇ ਧਨ ਦਾ ਬੋਲਬਾਲਾ ਹੈ।

ਇਹ ਸੱਚਾਈ ਹੈ ਕਿ ਚੋਣਾਂ ਲੜਨ ਲਈ ਲੋਕਤੰਤਰ ਵਿੱਚ ਪੈਸੇ ਤੋਂ ਬਿਨਾਂ ਕੰਮ ਨਹੀਂ ਚੱਲ ਸਕਦਾ। ਪਰ ਪੈਸੇ ਦੀ ਭੂਮਿਕਾ ਏਨੀ ਭਾਰੂ ਵੀ ਨਹੀਂ ਹੋਣੀ ਚਾਹੀਦੀ ਕਿ ਅਮੀਰ ਚੋਣਾ ਲੜ ਕੇ ਰਾਜਨੀਤਕ ਪ੍ਰਣਾਲੀ ਨੂੰ ਅਗਵਾ ਕਰ ਲੈਣ। ਇਸ ਲਈ ਕਾਨੂੰਨ ਉਮੀਦਵਾਰਾਂ ਵਲੋਂ ਕੀਤੇ ਜਾਣ ਵਾਲੇ ਖਰਚੇ ਤੋਂ ਇਕ ਸੀਮਾ ਨਿਰਧਾਰਤ ਕਰਦਾ ਹੈ – ਹੈਰਾਨੀ ਵਾਲੀ ਗੱਲ ਹੈ ਕਿ ਰਾਜਸੀ ਦਲਾਂ ਦੇ ਖਰਚੇ ਉਤੇ ਇਹ ਪਾਬੰਦੀ ਲਾਗੂ ਨਹੀਂ। ਰਾਜਨੀਤਕ ਦਲਾਂ ਦੇ ਖਰਚੇ ਉਤੇ ਸੀਮਾ ਦੀ ਅਣਹੋਂਦ ਪਾਬੰਦੀ ਦੀ ਦਲੀਲ ਨੂੰ ਹੀ ਖਾਰਜ ਕਰ ਦਿੰਦੀ ਹੈ ਜਿਸ ਕਰਕੇ ਵਿੱਤੀ ਅਨੁਸ਼ਾਸਨਹੀਣਤਾ ਦੇ ਹਾਲਾਤ ਪੈਦਾ ਹੋ ਜਾਂਦੇ ਹਨ। ਆਪਣੇ ਵਿਰੋਧੀਆਂ ਨੂੰ ਮਾਤ ਦੇਣ ਲਈ ਸਾਰੀਆਂ ਪਾਰਟੀਆਂ ਹਜ਼ਾਰਾਂ ਕਰੋੜਾਂ ਰੁਪਏ ਖਰਚ ਕਰਦੀਆਂ ਹਨ। 2014 ਦੀਆਂ ਆਮ ਚੋਣਾਂ ਵਿੱਚ 30,000 ਕਰੋੜ ਰੁਪਏ ਤੋਂ ਵੀ ਵੱਧ ਚੋਣ ਪ੍ਰਚਾਰ ਉਤੇ ਖਰਚ ਕੀਤੇ ਗਏ।

ਇਹ ਪੈਸਾ ਕਿਥੋਂ ਆਉਂਦਾ ਹੈ? ਸਰੋਤ ਇਹ ਹੋ ਸਕਦੇ ਹਨ – ਕਾਰਪੋਰੇਟ ਫੰਡ, ਛੋਟੇ ਦਾਨ, ਕੂਪਨ ਦੀ ਵਿਕਰੀ ਅਤੇ ਮੈਂਬਰਸ਼ਿਪ ਫੀਸ, ਜਮ੍ਹਾਂ ਪੂੰਜੀ ਉਤੇ ਵਿਆਜ, ਕਿਰਾਇਆ ਅਤੇ ਮਾਲੀਆ ਆਮਦਨ। ਜ਼ਿਆਦਾਤਰ ਚੰਦਿਆਂ ਦੇ ਸਰੋਤ ਦੀ ਕੋਈ ਪਾਰਦਰਸ਼ਤਾ ਨਹੀਂ ਹੁੰਦੀ। 75-80 ਪ੍ਰਤਿਸ਼ਤ ਪੈਸੇ ਨੂੰ ਨਕਦ ਚੰਦੇ ਦੇ ਰੂਪ ਵਿੱਚ ਦਿਖਾਇਆ ਜਾਂਦਾ ਹੈ ਜਿਸ ਦਾ ਸਰੋਤ ਨਹੀਂ ਦੱਸਿਆ ਜਾਂਦਾ। ਇਹ ਬਹੁਤ ਗੰਭੀਰ ਮਸਲਾ ਹੈ। ਇਹ ਵਿਦੇਸ਼ੀ ਪੈਸਾ ਹੋ ਸਕਦਾ ਹੈ ਜਾਂ ਜੁਰਮ, ਨਸ਼ੇ ਜਾਂ ਜ਼ਮੀਨ ਜਾਇਦਾਦ ਦੇ ਮਾਫੀਏ ਦਾ ਪੈਸਾ ਵੀ ਹੋ ਸਕਦਾ ਹੈ। ਨੋਟ ਬਦਲੇ ਵੋਟ ਦੀ ਬਦਨਾਮੀ ਸਾਡੀਆਂ ਚੋਣਾਂ ਦਾ ਇਕ ਨਿਯਮਤ ਅੰਗ ਬਣ ਚੁੱਕੀ ਹੈ ਜਿਸ ਨੂੰ ਵਿਕੀਲੀਕਸ ਵਲੋਂ ਜਾਰੀ ਕੀਤੀਆਂ ਅਮਰੀਕੀ ਡਿਪਲੋਮੈਟਿਕ ਕੇਬਲਜ਼ ਵਿੱਚ ਨਸ਼ਰ ਕੀਤਾ ਗਿਆ ਸੀ। ਇਕ ਕੇਬਲ ਵਿੱਚ ਤਾਮਿਲਨਾਡੂ ਤੋਂ ਇਕ ਕੇਂਦਰੀ ਮੰਤਰੀ ਦੇ ਭਰੋਸੇਯੋਗ ਆਦਮੀ ਦੇ ਹਵਾਲੇ ਨਾਲ ਆਖਿਆ ਗਿਆ ਕਿ 2009 ਦੀ ਇਕ ਉਪ-ਚੋਣ ਵਿੱਚ ਪ੍ਰਤਿ ਵੋਟਰ 5000 ਰੁਪਏ ਤੱਕ ਦਿੱਤੇ ਗਏ। ਆਪਣੀ ਜਿੱਤ ਤੋਂ ਬਾਅਦ ਰਾਜਨੇਤਾ ਨੇ ਐਲਾਨ ਕੀਤਾ ਕਿ ਉਸ ਦਾ ਫਾਰਮੂਲਾ ਜਿੱਤ ਦੀ ਜ਼ਾਮਨੀ ਹੈ। ਇਹ ਬਦਨਾਮ 'ਥਿਰੂਮੰਗਲਮ ਫਾਰਮੂਲਾ' ਸਾਡੇ ਲਈ ਵੱਡੀ ਚੁਨੌਤੀ ਬਣ ਗਿਆ।

ਆਯੋਗ ਵਲੋਂ 2014 ਦੀਆਂ ਚੋਣਾਂ ਦੌਰਾਨ 300 ਕਰੋੜ ਤੋਂ ਵੱਧ ਦੀ ਅਣਐਲਾਨੀ ਨਕਦੀ ਜਬਤ ਕੀਤੀ ਗਈ ਸੀ। 2014 ਤੋਂ ਲੈ ਕੇ ਸਾਰੀਆਂ ਵਿਧਾਨ ਸਭਾਈ ਚੋਣਾਂ ਦੌਰਾਨ ਨਕਦੀ ਦੀ ਜਬਤੀ ਸਭ ਤੋਂ ਵੱਧ ਰਹੀ ਹੈ। ਮਿਸਾਲ ਦੇ ਲਈ, ਬਿਹਾਰ ਵਿੱਚ 2015 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਭ ਤੋਂ ਵੱਧ ਨਕਦੀ (19 ਕਰੋੜ) ਜਬਤ ਕੀਤੀ ਗਈ। ਤਾਮਿਲਨਾਡੂ ਵਿੱਚ ਇਹ ਅੰਕੜਾ 100 ਕਰੋੜ ਰੁਪਏ ਨੂੰ ਪਾਰ ਕਰ ਗਿਆ।

ਲੋਕਾਂ ਵਿੱਚ ਇਹ ਧਾਰਨਾ ਪੱਕੀ ਹੋ ਗਈ ਹੈ ਕਿ ਸਾਰੇ ਰਾਜਨੇਤਾ ਭ੍ਰਿਸ਼ਟ ਹੁੰਦੇ ਹਨ।

ਰਾਜਨੇਤਾਵਾਂ ਦਾ ਅਜਿਹਾ ਅਕਸ ਲੋਕਤੰਤਰ ਵਾਸਤੇ ਵਧੀਆ ਗੱਲ ਨਹੀਂ ਹੈ। ਸਾਡੇ ਦੇਸ਼ ਵਿੱਚ ਇਮਾਨਦਾਰ ਰਾਜਨੇਤਾਵਾਂ ਦੀ ਇਕ ਲੰਮੀ ਸੂਚੀ ਰਹੀ ਹੈ। ਅਸਲ ਵਿੱਚ, ਮਹਾਨ ਰਾਜਸੀ ਨੇਤਾਵਾਂ ਕਰਕੇ ਹੀ ਭਾਰਤ ਇਕ ਪ੍ਰਮੁੱਖ ਸ਼ਕਤੀ ਵਜੋਂ ਉੱਭਰ ਸਕਿਆ ਹੈ।

ਇਹ ਅਕਸਰ ਹੀ ਕਿਹਾ ਜਾਂਦਾ ਹੈ ਕਿ ਵੱਡੀ ਮਾਤਰਾ ਵਿੱਚ ਮੌਜੂਦ ਕਾਲੇ ਧਨ, ਖ਼ਾਸ ਕਰਕੇ ਰੀਅਲ ਅਸਟੇਟ ਖੇਤਰ ਵਿੱਚ, ਨੇ 2008 ਦੇ ਵਿਸ਼ਵ ਆਰਥਿਕ ਸੰਕਟ ਦੇ ਬੁਰੇ ਪ੍ਰਭਾਵਾਂ ਤੋਂ ਭਾਰਤ ਨੂੰ ਬਚਾਈ ਰੱਖਿਆ ਹੈ, ਪਰ ਚੋਣਾਂ ਵਿੱਚ ਪੈਸੇ ਦੀ ਸ਼ਕਤੀ ਦਾ ਭਾਰਤ ਵਿੱਚ ਕੋਈ ਪੁੱਠਾ ਪ੍ਰਭਾਵ ਨਹੀਂ ਪਿਆ। ਪ੍ਰਧਾਨ ਮੰਤਰੀ ਵਲੋਂ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦਾ ਫੈਸਲਾ ਬਿਲਕੁਲ ਠੀਕ ਸਮੇਂ ਉਤੇ ਕੀਤਾ ਗਿਆ ਹੈ, ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ। ਜਿਹੜੇ ਦਲ ਅਤੇ ਉਮੀਦਵਾਰ ਜਨਤਾ ਵਿੱਚ ਵੰਡਣ ਲਈ ਨੋਟਾਂ ਦੇ ਬੋਰੇ ਭਰੀ ਬੈਠੇ ਸਨ, ਉਹ ਬੁਰੇ ਫਸ ਗਏ, ਜਿਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਇਸ ਪੈਸੇ ਦਾ ਕੀ ਕੀਤਾ ਜਾਵੇ।

ਮੈਂ ਨਿੱਜੀ ਤੌਰ ਤੇ ਮਹਿਸੂਸ ਕੀਤਾ ਕਿ ਇਸ ਕਦਮ ਦਾ ਚੱਲ ਰਹੀਆਂ ਚੋਣਾਂ ਉਤੇ ਵੱਡਾ ਅਸਰ ਪਵੇਗਾ ਕਿਉਂਕਿ ਇਸੇ ਸਮੇਂ ਹੀ ਕਾਲੇ ਧਨ ਦੀ ਵੰਡ ਕੀਤੀ ਜਾਂਦੀ ਹੈ। ਇਥੋਂ ਤੱਕ ਕਿ ਸਰਹੱਦੋਂ ਪਾਰੋਂ ਆਉਣ ਵਾਲੀ ਨਕਲੀ ਮੁਦਰਾ, ਜੋ ਚੋਣਾਂ ਸਮੇਂ ਆਪਣਾ ਜਾਲ ਫੈਲਾਉਂਦੀ ਹੈ, ਉਤੇ ਵੀ ਗਹਿਰੀ ਸੱਟ ਵੱਜੇਗੀ।

ਪਹਿਲੋਂ ਵੱਖ-ਵੱਖ ਖੇਤਰਾਂ ਵਿੱਚ ਪੈਸੇ ਵੰਡਣ ਦਾ ਕੰਮ ਚੋਣਾਂ ਦੀ ਤਾਰੀਖ ਦੇ ਨੇੜੇ ਅਤੇ ਚੋਣ ਜਾਬਤਾ ਲੱਗਣ ਤੋਂ ਬਾਅਦ ਕੀਤਾ ਜਾਂਦਾ ਸੀ। ਜਦੋਂ ਭਾਰਤ ਦੇ ਚੋਣ ਕਮਿਸ਼ਨ ਨੇ ਸਖਤੀ ਕਰਨੀ ਸ਼ੁਰੂ ਕੀਤੀ ਤਾਂ ਰਾਜਨੀਤਕ ਦਲਾਂ ਨੇ ਪੈਸੇ ਵੰਡਣ ਦੀ ਤਾਰੀਖ ਪਹਿਲਾਂ ਕਰ ਲਈ। ਇਸੇ ਕਰਕੇ ਹੀ ਚੋਣਾਂ ਉਤੇ ਕੁੱਝ ਹਫ਼ਤੇ ਪਹਿਲਾਂ ਨੋਟਬੰਦੀ ਦੇ ਐਲਾਨ ਨੇ, ਢੁੱਕਵੇਂ ਸਮੇਂ ਉਤੇ ਪੈਸੇ ਵੰਡਣ ਦੀਆਂ ਯੋਜਨਾਵਾਂ ਉਤੇ ਸੱਟ ਮਾਰੀ। ਆਪਣੀ ਕਿਤਾਬ, 'ਐਨ ਅਨਡਾਕੂਮੈਂਟਿਡ ਵੰਡਰ – ਦਿ ਮੇਕਿੰਗ ਆਫ ਦਿ ਗਰੇਟ ਇੰਡੀਅਨ ਇਲੈਕਸ਼ਨ' ਵਿੱਚ ਮੈਂ 40 ਵੱਖ-ਵੱਖ ਤਰੀਕੇ ਵੇਰਵੇ ਸਹਿਤ ਬਿਆਨ ਕੀਤੇ ਹਨ ਜਿਸ ਨਾਲ ਅਸੀ ਕਾਲਾ ਧਨ ਫੜਿਆ, ਜਿਸ ਨੂੰ ਚੋਣਾਂ ਵਿੱਚ ਵੰਡਿਆ ਜਾਣਾ ਸੀ। ਮੈਨੂੰ ਕੋਈ ਸ਼ੱਕ ਨਹੀਂ ਕਿ ਅਜਿਹਾ ਕਰਨ ਦੇ ਨਵੇਂ ਢੰਗ ਫਿਰ ਤੋਂ ਲੱਭੇ ਜਾਣਗੇ, ਪਰ ਇਸ ਨੂੰ ਸਮਾਂ ਲੱਗੇਗਾ ਅਤੇ ਇਹ ਚੋਣਾਂ ਗ਼ੈਰ-ਕਾਨੂੰਨੀ ਪੈਸੇ ਦੀ ਗੰਦਗੀ ਤੋਂ ਬਚੀਆਂ ਰਹਿਣਗੀਆਂ।

ਨੋਟਬੰਦੀ ਦੀਆਂ ਪ੍ਰਾਪਤੀਆਂ ਨੂੰ ਮਜਬੂਤੀ ਦੇਣ ਵੇਲੇ ਚੋਣਾਂ ਵਿੱਚ ਸਿੱਖੇ ਸਬਕਾਂ ਨੂੰ ਯਾਦ ਰੱਖਣਾ ਪਵੇਗਾ। ਪ੍ਰਧਾਨ ਮੰਤਰੀ ਵਲੋਂ ਨੋਟਬੰਦੀ ਦੇ ਫੈਸਲੇ ਦਾ ਐਲਾਨ ਕਰਨ ਤੋਂ ਕੁੱਝ ਹੀ ਦਿਨ ਪਹਿਲਾਂ ਮੈਂ ਅਖ਼ਬਾਰ ਦੇ ਇਕ ਲੇਖ ਵਿੱਚ ਆਪਣਾ ਡਰ ਜ਼ਾਹਰ ਕੀਤਾ ਸੀ ਕਿ ਇਸ ਕਦਮ ਨੂੰ ਖੁੰਢਾ ਕਰਨ ਲਈ ਹਵਾਲਾ ਕਾਰੋਬਾਰ ਕਰਨ ਵਾਲਾ ਉਦਯੋਗ ਬੈਂਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਖੁੰਬਾਂ ਵਾਂਗ ਉੱਗੇਗਾ। ਮੇਰੀ ਭਵਿੱਖਬਾਣੀ

ਸਹੀ ਸਾਬਤ ਹੋਈ। ਮੈਂ ਸਾਵਧਾਨ ਕੀਤਾ ਸੀ ਕਿ ਸਰਕਾਰ ਨੂੰ ਹਰ ਜਗ੍ਹਾ ਮੌਜੂਦ ਦਲਾਲਾਂ ਅਤੇ ਮਿਲੀਭੁਗਤ ਕਰਨ ਵਾਲੇ ਬੈਂਕ ਅਧਿਕਾਰੀਆਂ ਉਤੇ ਨਜ਼ਰ ਰੱਖਣੀ ਪਵੇਗੀ। ਮੇਰੀ ਇਹ ਸਲਾਹ ਤਜਰਬੇ ਉਤੇ ਆਧਾਰਤ ਸੀ। ਇਕ ਵਾਰੀ ਚੋਣ ਕਮਿਸ਼ਨ ਦੇ ਖਰਚੇ ਦੀ ਨਿਗਰਾਨੀ ਕਰਨ ਵਾਲੇ ਦਲ ਨੇ ਦੋ ਕਰੋੜ ਤੋਂ ਵੱਧ ਪੈਸੇ ਲਿਜਾ ਰਹੇ ਇਕ ਵਾਹਨ ਨੂੰ ਕਾਬੂ ਕੀਤਾ। ਸਾਨੂੰ ਦੱਸਿਆ ਗਿਆ ਕਿ ਇਹ ਪੈਸਾ ਏ ਟੀ ਐੱਮ ਵਿੱਚ ਪਾਉਣ ਲਈ ਲਿਜਾਇਆ ਜਾ ਰਿਹਾ ਸੀ। ਸੋ ਮੁਆਫੀ ਮੰਗਣ ਤੋਂ ਬਾਅਦ ਅਸੀਂ ਉਨ੍ਹਾਂ ਨੂੰ ਜਾਣ ਦਿੱਤਾ। ਅਗਲੇ ਦਿਨ ਇਕ ਹੋਰ ਦਲ ਨੇ ਇਸ ਤੋਂ ਦੁੱਗਣੀ ਰਕਮ ਲੈ ਕੇ ਜਾ ਰਹੀ ਇਕ ਹੋਰ ਗੱਡੀ ਫੜੀ ਜਿਸ ਲਈ ਫਿਰ ਉਹੀ ਸਫਾਈ ਦਿੱਤੀ ਗਈ। ਜਦੋਂ 11 ਕਰੋੜ ਲਿਜਾ ਰਹੀ ਤੀਜੀ ਗੱਡੀ ਫੜੀ ਗਈ ਤਾਂ ਅਸੀਂ ਜਾਂਚ ਕਰਨ ਦਾ ਫੈਸਲਾ ਕੀਤਾ। ਅਸੀਂ ਵੇਖਿਆ ਕਿ ਗੱਡੀ ਨਾਲ ਕੋਈ ਸੁਰੱਖਿਆ ਗਾਰਡ ਨਹੀਂ ਸੀ ਅਤੇ ਸੁਰੱਖਿਆ ਨਾਲ ਸੰਬੰਧਿਤ ਦੂਜੇ ਨਿਯਮਾਂ ਦੀ ਵੀ ਪਾਲਣਾ ਨਹੀਂ ਸੀ ਕੀਤੀ ਗਈ। ਮੈਂ ਤੁਰੰਤ ਰਿਜ਼ਰਵ ਬੈਂਕ ਦੇ ਗਵਰਨਰ ਨਾਲ ਗੱਲ ਕੀਤੀ। ਡੀ ਸੁੱਬਾ ਰਾਉ, ਜੋ ਪੈਸਾ ਇਧਰ-ਉਧਰ ਕਰਨ ਦੇ ਇਸ ਢੰਗ ਬਾਰੇ ਸੁਣ ਕੇ ਸੁੰਨ ਰਹਿ ਗਏ ਸਨ, ਨੇ ਜਾਂਚ ਦਾ ਹੁਕਮ ਦਿੱਤਾ।

ਮਈ 2016 ਵਿੱਚ ਹੋਈਆਂ ਆਖਰੀ ਵਿਧਾਨ ਸਭਾ ਚੋਣਾਂ ਵਿੱਚ ਅਸੀਂ ਇਕ ਬੇਮਿਸਾਲ ਕਦਮ ਵੇਖਿਆ ਜਦੋਂ ਭਾਰਤ ਦਾ ਚੋਣ ਕਮਿਸ਼ਨ ਤਾਮਿਲਨਾਡੂ ਦੀਆਂ ਦੋ ਵਿਧਾਨ ਸਭਾ ਸੀਟਾਂ ਲਈ ਚੋਣ ਰੱਦ ਕਰਨ ਲਈ ਮਜਬੂਰ ਹੋ ਗਿਆ। ਇਹ ਸੀਟਾਂ ਅਰਾਵਾਕੁਰਿਚੀ ਅਤੇ ਥੰਜਾਵੂਰ ਸਨ ਜਿਥੇ ਪੈਸੇ ਦੀ ਬੇਹਿਸਾਬੀ ਵਰਤੋਂ ਕੀਤੀ ਗਈ। ਚੋਣ ਪੈਨਲ ਨੇ ਫਿਰ ਸਰਕਾਰ ਨੂੰ ਲਿਖਿਆ ਕਿ ਕਾਲੇ ਧਨ ਦੀ ਵਰਤੋਂ ਦੇ ਠੋਸ ਸਬੂਤ ਮਿਲਣ ਉਤੇ ਚੋਣ ਰੱਦ ਕਰਨ ਦੀ ਸਥਾਈ ਕਾਨੂੰਨੀ ਸ਼ਕਤੀ ਪ੍ਰਦਾਨ ਕੀਤੀ ਜਾਵੇ।

ਭਾਵੇਂ ਕਿ ਕਾਨੂੰਨ ਮੰਤਰਾਲੇ ਵਲੋਂ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਗਿਆ, ਪਰ ਮੈਂ ਆਸਵੰਦ ਹਾਂ ਕਿ ਕਾਲੇ ਧਨ ਖਿਲਾਫ਼ ਵਿੱਢੀ ਲੜਾਈ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਇਸ ਉਤੇ ਜ਼ਰੂਰ ਵਿਚਾਰ ਕਰਨਗੇ।

ਭਾਜਪਾ (ਬੀ ਜੇ ਪੀ) ਦੇ ਆਰਥਿਕ ਮਾਮਲਿਆਂ ਦੇ ਸੈੱਲ ਦੇ ਮੁਖੀ, ਗੋਪਾਲ ਕ੍ਰਿਸ਼ਨ ਅਗਰਵਾਲ ਨੇ ਆਖਿਆ ਕਿ ਨੋਟਬੰਦੀ ਦੀ ਮੁਹਿੰਮ ਘੱਟੋ-ਘੱਟ ਇਨ੍ਹਾਂ ਚੋਣਾਂ ਦੌਰਾਨ ਵੋਟਰਾਂ ਵਿੱਚ ਪੈਸੇ ਵੰਡਣ ਦੀ ਸਮੱਸਿਆ ਉਤੇ ਜ਼ਰੂਰ ਕਾਬੂ ਪਾਵੇਗੀ। "ਹੁਣ ਤੱਕ ਰਾਜਨੀਤਕ ਦਲਾਂ ਉਤੇ ਚੋਣਾਂ ਵਿੱਚ ਕੀਤੇ ਖਰਚੇ ਦਾ ਹਿਸਾਬ ਦੇਣ ਦਾ ਦਬਾਅ ਹੁੰਦਾ ਸੀ, ਪਰ ਇਸ ਪੈਸੇ ਦੇ ਪ੍ਰਚਲਨ ਵਿੱਚ ਆਉਣ ਉਤੇ ਕਾਨੂੰਨ ਪ੍ਰਭਾਵੀ ਨਹੀਂ ਸੀ। ਇਸ ਨਾਲ ਪੂਰਤੀ ਪੱਖ ਉਤੇ ਗਹਿਰੀ ਸੱਟ ਵੱਜੇਗੀ ਜਿਸ ਨਾਲ ਚੋਣਾ ਵਿੱਚ ਖਰਚਾ ਕਾਫੀ ਹੱਦ ਤੱਕ ਘੱਟ ਹੋ ਜਾਵੇਗਾ", ਉਨ੍ਹਾਂ ਕਿਹਾ।

**ਇਹ ਦਾਅਵੇ ਤਾਂ ਹੀ ਸੱਚ ਸਾਬਤ ਹੋਣਗੇ ਜੇ ਚਿਰਾਂ ਤੋਂ ਲਟਕਦੇ ਆ ਰਹੇ ਚੋਣ ਸੁਧਾਰਾਂ ਬਾਰੇ ਪ੍ਰਸਤਾਵਾਂ ਉਤੇ ਬਿਨਾਂ ਕਿਸੇ ਦੇਰ ਤੋਂ ਕਾਰਵਾਈ ਕੀਤੀ ਜਾਵੇ। ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਾਈਟਸ (ਏ ਡੀ ਆਰ) ਦੇ ਡਾ. ਤ੍ਰਿਲੋਚਨ ਸ਼ਾਸਤਰੀ ਨੇ ਕਿਹਾ ਕਿ ਭਾਵੇਂ ਵੰਡੇ ਜਾਣ ਵਾਲੇ ਪੈਸੇ ਉਤੇ ਕੁੱਝ ਪ੍ਰਭਾਵ ਪਵੇਗਾ, ਇਸ ਨਾਲ ਰਾਜਨੀਤਕ ਦਲਾਂ ਨੂੰ ਖਜ਼ਾਨੇ ਤੋਂ ਮੁਫਤ ਦੀਆਂ ਸਕੀਮਾਂ ਦੇ ਵਾਅਦੇ ਕਰਨ ਦਾ ਉਤਸ਼ਾਹ ਮਿਲੇਗਾ। "ਇਸ ਬਾਰੇ ਚੋਣ ਕਮਿਸ਼ਨ ਨੂੰ ਸੁਪਰੀਮ ਕੋਰਟ ਦਾ ਇਕ ਨਿਰਦੇਸ਼ ਵੀ ਦਿੱਤਾ ਗਿਆ ਹੈ, ਪਰ ਇਸ ਤੋਂ ਨੇੜਿਉਂ ਨਜ਼ਰ ਰੱਖੇ ਜਾਣ ਦੀ ਜ਼ਰੂਰਤ ਹੈ", ਉਨ੍ਹਾਂ ਆਖਿਆ।**

ਨੋਟਬੰਦੀ ਅਤੇ ਇਸ ਕਾਰਨ ਵਾਪਰੀਆਂ ਘਟਨਾਵਾਂ ਨੇ, ਪਹਿਲਾਂ ਤੋਂ ਨਾ ਸੋਚੇ ਮੁਤਾਬਕ ਵੀ, ਚੋਣ ਸੁਧਾਰਾਂ ਉਤੇ ਅਸਰ ਪਾਇਆ ਹੈ। ਜਦੋਂ ਨੋਟਬੰਦੀ ਤੋਂ ਬਾਅਦ ਵੱਡੀਆਂ ਚੁਨੌਤੀਆਂ ਪੈਦਾ ਹੋ ਗਈਆਂ ਤਾਂ ਸਰਕਾਰ ਦੀਆਂ ਈ-ਬੈਂਕਿੰਗ, ਈ-ਵਾਲੇਟ ਆਦਿ ਨੂੰ ਹੁੰਗਾਰਾ ਦੇਣ ਲਈ ਮੁਹਿੰਮਾਂ ਦੀ ਚਰਚਾ ਸਾਰਿਆਂ ਦੀ ਜ਼ੁਬਾਨ ਉਤੇ ਹੋਣ ਲੱਗੀ। ਕਾਲੀ ਆਰਥਿਕਤਾ ਨੂੰ ਖਤਮ ਕਰਨ ਲਈ ਇਹ ਇਕ ਹੋਰ ਹਾਂ ਪੱਖੀ ਘਟਨਾ ਹੈ। ਜਦੋਂ ਇਕ ਰਿਕਸ਼ਾ ਚਲਾਉਣ ਵਾਲੇ ਜਾਂ ਸਬਜ਼ੀ ਵੇਚਣ ਵਾਲੇ ਨੂੰ ਵੀ ਨਕਦ ਲੈਣ-ਦੇਣ ਕਰਨ ਤੋਂ ਰੋਕਿਆ ਜਾਵੇਗਾ, ਤਾਂ ਇਸ ਨਾਲ ਮਜਬੂਤ ਬੈਂਕਿੰਗ ਪ੍ਰਣਾਲੀ ਦੀ ਸਥਾਪਨਾ ਸੰਭਵ ਹੋਵੇਗੀ ਅਤੇ ਉੱਚ ਪੱਧਰ ਦਾ ਵਿੱਤੀ ਸਮਾਵੇਸ਼ ਹਾਸਲ ਕੀਤਾ ਜਾ ਸਕੇਗਾ। ਪਰ, ਇਸ ਨਾਲ ਲਾਜ਼ਮੀ ਮੰਗ ਵੀ ਕੀਤੀ ਜਾਣ ਲੱਗੀ ਹੈ ਕਿ ਰਾਜਨੀਤਕ ਦਲਾਂ ਨੂੰ 20,000 ਰੁਪਏ ਤੋਂ ਘੱਟ ਨਕਦ ਚੰਦੇ ਉਤੇ ਮਿਲਣ ਵਾਲੀ ਛੋਟ ਵੀ ਬੰਦ ਕੀਤੀ ਜਾਵੇ। ਇਸ ਨਾਲ ਰਾਜਨੀਤਕ ਦਲਾਂ ਦੀ 80 ਪ੍ਰਤਿਸ਼ਤ ਫੰਡਿੰਗ ਵੀ ਗ਼ੈਰ-ਪਾਰਦਰਸ਼ਤਾ ਦਾ ਮਸਲਾ ਵੀ ਹੱਲ ਹੋ ਜਾਵੇਗਾ ਜਿਸ ਨੂੰ ਇਹ ਦਲ ਨਕਦ ਚੰਦੇ ਦੇ ਰੂਪ ਵਿੱਚ ਦਿਖਾਉਂਦੇ ਹਨ। ਇਹ ਸਾਲਾਨਾ ਔਸਤਨ 1000 ਕਰੋੜ ਰੁਪਏ ਬਣਦਾ ਹੈ।

ਦੂਜੀ ਘਟਨਾ ਪ੍ਰਧਾਨ ਮੰਤਰੀ ਵਲੋਂ ਆਪਣੀ ਪਾਰਟੀ ਦੇ ਵਿਧਾਨਕਾਰਾਂ ਨੂੰ 8 ਨਵੰਬਰ ਤੋਂ ਬਾਅਦ ਸਾਰੇ ਬੈਂਕ ਲੈਣ-ਦੇਣ ਦਾ ਖੁਲਾਸਾ ਕਰਨ ਦਾ ਨਿਰਦੇਸ਼ ਦੇਣਾ ਹੈ। ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਗਏ। ਮੇਰਾ ਮੰਨਣਾ ਹੈ ਕਿ ਇਸ ਦੀ ਆਲੋਚਨਾ ਕਰਨ ਅਤੇ ਇਹ ਸੁਝਾਅ ਦੇਣ ਕਿ ਪ੍ਰਧਾਨ ਮੰਤਰੀ ਇਸ ਤੋਂ ਬੇਹਤਰ ਕੀ ਕਰ ਸਕਦੇ ਸਨ, ਕਿਉਂ ਨਾ ਰਾਜਨੀਤਕਾਂ ਦੀ ਵਿੱਤੀ ਪਾਰਦਰਸ਼ਤਾ ਵੱਲ ਇਸ ਨੂੰ ਹਾਂ-ਪੱਖੀ ਕਦਮ ਕਹਿ ਕੇ ਇਸ ਦਾ ਸਵਾਗਤ ਕੀਤਾ ਜਾਵੇ? ਸਰਕਾਰ ਦਾ ਇਕ ਹੋਰ ਵੱਡਾ ਕਦਮ ਬੇਨਾਮੀ ਜਾਇਦਾਦ ਦੇ ਸੌਦਿਆਂ ਉਤੇ ਨਕੇਲ ਕੱਸਣ ਲਈ ਐਕਟ ਪਾਸ ਕਰਨਾ ਅਤੇ ਇਸ ਵਿਰੁੱਧ ਕਾਰਵਾਈ ਕਰਨਾ ਹੈ। ਇਸ ਦਾ ਚੋਣਾਂ ਦੌਰਾਨ ਕਾਲੇ ਧਨ ਉਤੇ ਲਾਭਦਾਇਕ ਅਸਰ ਪਵੇਗਾ ਕਿਉਂਕਿ ਚੋਣਾਂ ਦੌਰਾਨ ਗ਼ੈਰ-ਕਾਨੂੰਨੀ ਧਨ ਦਾ ਇਹ ਸਭ ਤੋਂ ਵੱਡਾ ਸਰੋਤ ਹੁੰਦਾ ਹੈ।

ਆਸ ਹੈ ਕਿ ਨੋਟਬੰਦੀ ਦਾ ਇਹ ਬੇਮਿਸਾਲ ਕਦਮ ਨਿਰਪੱਖ ਚੋਣਾਂ ਕਰਵਾਉਣ ਲਈ ਅਪ੍ਰਤੱਖ ਅਸ਼ੀਰਵਾਦ ਹੋਵੇਗਾ, ਜਿਥੇ ਨਕਦੀ-ਰਹਿਤ ਲੈਣ-ਦੇਣ ਪਾਰਦਰਸ਼ਤਾ ਅਤੇ ਪੜਤਾਲ ਦਾ ਉੱਚ ਪੱਧਰ ਯਕੀਨੀ ਬਣਾਵੇਗਾ। ਮੈਨੂੰ ਆਸ ਹੈ ਕਿ ਲੰਮੇ ਚਿਰ ਤੋਂ ਲਟਕਦੇ ਚੋਣ ਸੁਧਾਰਾਂ ਦਾ ਸਮਾਂ ਆਖਰ ਨੂੰ ਆ ਗਿਆ ਹੈ।

*(ਲੇਖਕ ਭਾਰਤ ਦੇ ਸਾਬਕਾ ਮੁੱਖ ਚੋਣ ਕਮਿਸ਼ਨਰ ਹਨ)*

*e-mail :syquraishi@gmail.com*

# ਘੱਟ ਨਕਦੀ ਵਾਲਾ ਅਰਥਚਾਰਾ : ਕਾਲੇ ਧਨ ਉਤੇ ਪ੍ਰਭਾਵ

ਟਿਮਸੀ ਜੈਪੁਰੀਆ

ਜਦੋਂ ਭਾਰਤ ਨੇ 8 ਨਵੰਬਰ, 2016 ਨੂੰ ਸਮਾਨਾਂਤਰ ਆਰਥਿਕਤਾ ਖਿਲਾਫ਼ ਲੜਾਈ ਲੜਨ ਦਾ ਫੈਸਲਾ ਕੀਤਾ ਤਾਂ ਜਿਸ ਚੀਜ਼ ਨੇ ਲੋਕਾਂ ਨੂੰ ਰੋਜ਼ਗਾਰ ਦਾ ਲੈਣ-ਦੇਣ ਕਰਨ ਵਿੱਚ ਮਦਦ ਕੀਤੀ, ਉਹ ਸੀ ਨਕਦੀ ਦੇ ਵਿਕਲਪਾਂ ਦੀ ਵਰਤੋਂ।

ਜਦ ਕਿ ਦੇਸ਼ ਕ੍ਰੈਡਿਟ/ਡੈਬਿਟ ਕਾਰਡਾਂ, ਈ-ਵਾਲੇਟ, ਮੋਬਾਈਲ ਬੈਂਕਿੰਗ ਆਦਿ ਦੀ ਵਰਤੋਂ ਕਰਕੇ ਭੁਗਤਾਨ ਦੇ ਨਵੇਂ ਤੌਰ-ਤਰੀਕਿਆਂ ਵੱਲ ਕਦਮ ਵਧਾ ਰਿਹਾ ਹੈ, ਤਾਂ ਸਭ ਤੋਂ ਜ਼ਿਆਦਾ ਜਿਸ ਚੀਜ਼ ਉਤੇ ਸੱਟ ਵੱਜੀ ਹੈ, ਉਹ ਹੈ ਨਕਦੀ ਦੀ ਅਦਲਾ ਬਦਲੀ।

ਵਰਤਮਾਨ ਸਰਕਾਰ ਦੀ ਦ੍ਰਿਸ਼ਟੀ, ਜਿਸ ਤਹਿਤ ਉਹ ਸਾਰੇ ਜ਼ਰੂਰੀ ਕਦਮ ਉਠਾ ਕੇ ਜ਼ਿਆਦਾ ਪਾਰਦਰਸ਼ੀ ਅਤੇ ਘੱਟ ਭ੍ਰਿਸ਼ਟ ਸਮਾਜ ਦੀ ਸਿਰਜਣਾ ਕਰਨ ਦਾ ਯਤਨ ਕਰ ਰਹੀ ਹੈ, ਇਨ੍ਹਾਂ ਸਭ ਦਾ ਉਦੇਸ਼ ਕਾਲੇ ਧਨ ਨੂੰ ਜੜ੍ਹੋਂ ਖਤਮ ਕਰਕੇ ਨਕਦੀ-ਰਹਿਤ ਆਰਥਿਕਤਾ ਵੱਲ ਵਧਣਾ ਹੈ। ਜਿਸ ਵਿੱਚ ਸਾਰੇ ਲੈਣ-ਦੇਣ ਉਤੇ ਨਜ਼ਰ ਰੱਖੀ ਜਾ ਸਕੇਗੀ, ਜਿਸ ਨਾਲ ਕਰ ਵਸੂਲੀ ਵਿੱਚ ਵਾਧਾ ਹੋਵੇਗਾ ਅਤੇ ਇਹ ਯਕੀਨੀ ਹੋ ਜਾਵੇਗਾ ਕਿ ਕਮਜ਼ੋਰ ਤਬਕਿਆਂ ਤੱਕ ਪੈਸਾ ਪੁੱਜੇ। ਪ੍ਰਾਈਸਵਾਟਰ ਹਾਊਸ ਕੂਪਰਜ਼ ਦੀ 2015 ਦੀ ਇਕ ਰਿਪੋਰਟ ਮੁਤਾਬਕ ਇਸ ਵਲੋਂ ਖਪਤਕਾਰ ਲੈਣ-ਦੇਣ ਵਿੱਚ ਨਕਦੀ ਦਾ ਅੰਦਾਜ਼ਾ ਕੀਮਤ ਦੇ ਮਾਮਲੇ ਵਿੱਚ 98 ਪ੍ਰਤਿਸ਼ਤ ਅਤੇ ਸੰਖਿਆ ਦੇ ਮਾਮਲੇ ਵਿੱਚ 68 ਪ੍ਰਤਿਸ਼ਤ ਲਾਇਆ ਗਿਆ ਹੈ ਜੋ ਕਿ ਚੀਨ, ਬ੍ਰਜ਼ੀਲ ਅਤੇ ਦੱਖਣੀ ਅਫਰੀਕਾ ਦੇ ਤੁਲਨਾਤਮਕ ਅਰਥਚਾਰਿਆਂ ਨਾਲੋਂ ਕਿਤੇ ਵੱਧ ਹੈ।

ਮਾਹਰ ਅਤੇ ਕੁੱਝ ਅਰਥਸ਼ਾਸਤਰੀ ਨਕਦ ਲੈਣ-ਦੇਣ ਨੂੰ ਵਿੱਤੀ ਸਮਾਵੇਸ਼ ਦੇ ਵਿਚਾਰ ਦੇ ਖਿਲਾਫ਼ ਮੰਨਦੇ ਹਨ। ਨਕਦ ਲੈਣ-ਦੇਣ ਦੀ ਇਸ ਉੱਚ ਦਰ ਨਾਲ ਜੋ ਇਕ ਚੁਨੌਤੀ ਪੈਦਾ ਹੁੰਦੀ ਹੈ, ਉਹ ਹੈ ਨਕਦੀ ਨਾਲ ਨਜਿੱਠਣ ਲਈ ਖਰਚੇ ਜਾਂਦੇ ਪੈਸੇ ਅਤੇ ਸਰੋਤ।

ਪਰ ਡਿਜੀਟਲ ਲੈਣ-ਦੇਣ ਦੇ ਪਿੱਛੇ ਯਤਨਾਂ ਦਾ ਸਭ ਤੋਂ ਵੱਡਾ ਕਾਰਨ ਕਾਲੇ ਧਨ ਦੀ ਆਰਥਿਕਤਾ ਹੈ।

ਸਮਾਨਾਂਤਰ ਆਰਥਿਕਤਾ, ਜਿਸ ਵਿੱਚ ਕੋਈ ਪਾਰਦਰਸ਼ਤਾ ਨਹੀਂ ਅਤੇ ਜੋ ਮੁੱਦਰਾ ਦੇ ਅਣ-ਪਛਾਤੇਪਨ ਉਤੇ ਵਧਦੀ ਫੁੱਲਦੀ ਹੈ, ਹੁਣ ਪਿੱਛੇ ਛੁੱਟ ਰਹੀ ਹੈ ਕਿਉਂਕਿ ਲੋਕਾਂ ਕੋਲ ਨਕਦੀ-ਰਹਿਤ ਲੈਣ-ਦੇਣ ਤੋਂ ਇਲਾਵਾ ਦੂਜਾ ਕੋਈ ਬਦਲ ਨਹੀਂ ਹੈ। ਜੇ ਸਾਰੇ ਲੈਣ-ਦੇਣ ਇਲੈਕਟ੍ਰਾਨਿਕ ਤਰੀਕੇ ਨਾਲ ਕੀਤੇ ਜਾਣ ਤਾਂ ਉਨ੍ਹਾਂ ਉਤੇ ਨਿਗਰਾਨੀ ਰੱਖੀ ਜਾ ਸਕਦੀ ਹੈ। ਦਰਜ ਕੀਤਾ ਜਾ ਸਕਦਾ ਹੈ ਅਤੇ ਪੜਤਾਲ ਕੀਤੀ ਜਾ ਸਕਦੀ ਹੈ। ਇਸ ਪ੍ਰਕਾਰ ਕਾਲੇ ਧਨ ਦੀ ਆਰਥਿਕਤਾ ਉਤੇ ਲਗਾਮ ਕੱਸਣੀ ਸੰਭਵ ਹੋਵੇਗੀ ਜੋ ਟੈਕਸ ਅਧਾਰ ਅਤੇ ਵਸੂਲੀ ਨੂੰ ਖੋਰਾ ਲਾ ਰਹੀ ਹੈ, ਅੱਤਵਾਦ ਲਈ ਫੰਡ ਮੁਹੱਈਆ ਕਰਵਾ ਰਹੀ ਹੈ, ਨਸ਼ੇ ਫੈਲਾ ਰਹੀ ਹੈ, ਨਕਲੀ ਮੁਦਰਾ ਪੈਦਾ ਕਰ ਰਹੀ ਹੈ ਆਦਿ।

ਸਮੇਂ ਦੇ ਨਾਲ ਇਸ ਨਾਲ ਜਾਇਦਾਦ ਦੀਆਂ ਕੀਮਤਾਂ ਵਿੱਚ ਵੀ ਕਮੀ ਆਵੇਗੀ ਕਿਉਂਕਿ ਇਸ ਖੇਤਰ ਵਿੱਚ ਜ਼ਿਆਦਾਤਰ ਕਾਲੇ ਧਨ ਦਾ ਨਿਵੇਸ਼ ਕੀਤਾ ਜਾਂਦਾ ਹੈ ਜੋ ਜ਼ਮੀਨ ਜਾਇਦਾਦ ਬਾਜ਼ਾਰ ਵਿੱਚ ਕੀਮਤਾਂ ਨੂੰ ਵਧਾ ਦਿੰਦਾ ਹੈ। ਇਸ ਤੱਥ ਨੂੰ ਨੋਟ ਕਰਨਾ ਦਿਲਚਸਪ ਹੋਵੇਗਾ ਕਿ ਹਾਲੇ ਵੀ ਭਾਰਤ ਵਿੱਚ ਨਕਦੀ ਦੀ ਵਰਤੋਂ ਦਾ ਬੋਲਬਾਲਾ ਹੈ ਅਤੇ 5 ਪ੍ਰਤਿਸ਼ਤ ਤੋਂ ਵੀ ਘੱਟ ਅਦਾਇਗੀਆਂ ਇਲੈਕਟ੍ਰਾਨਿਕ ਤਰੀਕੇ ਨਾਲ ਕੀਤੀਆਂ ਜਾਂਦੀਆਂ ਹਨ। ਪਰ, 2016 ਦੇ ਬਜਟ ਭਾਸ਼ਣ ਵਿੱਚ ਵਿੱਤ ਮੰਤਰੀ ਨੇ ਭਾਰਤ ਨੂੰ ਇਕ ਨਕਦੀ-ਰਹਿਤ ਸਮਾਜ ਬਣਾਉਣ ਦੇ ਵਿਚਾਰ ਬਾਰੇ ਗੱਲ ਕੀਤੀ ਤਾਂ ਕਿ ਕਾਲੇ ਧਨ ਦੇ ਚਲਣ ਉਤੇ ਲਗਾਮ ਕੱਸਣ ਵਿੱਚ ਮਦਦ ਮਿਲ ਸਕੇ।

ਨੋਟਬੰਦੀ ਦੇ ਸਮੇਂ ਦੌਰਾਨ ਇਸ ਏਜੰਡੇ ਨੂੰ ਅੱਗੇ ਵਧਾਉਂਦਿਆਂ, ਸਿਖਰਲੇ – ਬੈਂਕ ਰਿਜ਼ਰਵ ਬੈਂਕ ਵਲੋਂ ਹਾਲ ਹੀ ਵਿੱਚ ਇਕ ਦਸਤਾਵੇਜ਼ ਦੀ ਘੁੰਡ ਚੁਕਾਈ ਕੀਤੀ ਗਈ ਹੈ – ''ਪੇਮੈਂਟਸ ਐਂਡ ਸੈਟਲਮੈਂਟ ਸਿਸਟਮਜ਼ ਇਨ ਇੰਡੀਆ : ਵਿਜ਼ਨ 2018" – ਜਿਸ ਵਿੱਚ ਇਲੈਕਟ੍ਰਾਨਿਕ ਭੁਗਤਾਨ ਨੂੰ ਹੱਲਾਸ਼ੇਰੀ ਦੇਣ ਵਾਲੀ ਯੋਜਨਾ ਅਤੇ ਮਾਹੌਲ ਬਣਾਉਣ ਦੇ ਵੇਰਵੇ ਦਿੱਤੇ ਗਏ ਹਨ ਜਿਸ ਨਾਲ ਦਰਮਿਆਨੇ ਅਤੇ ਲੰਮੇ ਸਮੇਂ ਵਿੱਚ ਭਾਰਤ ਨੂੰ ਇਕ ਨਕਦੀ-ਰਹਿਤ ਸਮਾਜ ਜਾਂ ਅਰਥਚਾਰੇ ਵੱਲ ਜਾਣ ਲਈ ਮਦਦ ਮਿਲੇਗੀ।

2015 ਦੇ ਵਿੱਤੀ ਸਾਲ ਵਿੱਚ ਰਿਜ਼ਰਵ ਬੈਂਕ ਵਲੋਂ ਮੁਦਰਾ ਜਾਰੀ ਕਰਨ ਤੇ ਪ੍ਰਬੰਧਨ ਆਦਿ ਦੀ ਗਤੀਵਿਧੀ ਉਤੇ ਹੀ 27 ਬਿਲੀਅਨ ਰੁਪਏ ਖਰਚ ਕੀਤੇ ਗਏ। ਅਰਥਸ਼ਾਸਤਰੀ ਮਹਿਸੂਸ ਕਰਦੇ ਹਨ ਕਿ ਅਜਿਹੇ ਸਮੇਂ ਜਦੋਂ ਦੁਨੀਆਂ ਡਿਜੀਟਲ ਭੁਗਤਾਨ ਤੰਤਰ ਅਤੇ ਪਲਾਸਟਿਕ ਮੁਦਰਾ ਵੱਲ ਜਾ ਰਹੀ ਹੈ, ਤਾਂ ਭਾਰਤ ਵਲੋਂ ਮੁਦਰਾ ਉਤੇ ਕੀਤਾ ਗਿਆ ਖਰਚਾ ਇਸ ਨੂੰ ਪਿੱਛੇ ਨੂੰ ਲਿਜਾ ਰਿਹਾ ਹੈ। ਜਿਵੇਂ ਕਿ ਵਿੱਤ ਮੰਤਰੀ ਦਾ ਕਹਿਣਾ ਹੈ, ਘੱਟ ਨਕਦੀ ਵਾਲਾ ਅਰਥਚਾਰਾ ਸਾਰਿਆਂ ਵਾਸਤੇ ਇਕਸਮਾਨ ਬੈਂਕਿੰਗ ਸੇਵਾਵਾਂ ਉਪਲਬਧ ਕਰਨ ਦਾ ਰਾਹ ਵੀ ਪੱਧਰਾ ਕਰੇਗਾ ਕਿਉਂਕਿ ਡਿਜੀਟਲ ਤੌਂ ਬਿਨਾਂ ਕਿਸੇ ਵੀ ਭੌਤਿਕ ਬੁਨਿਆਦੀ ਢਾਂਚੇ ਦੀ ਜ਼ਰੂਰਤ ਨਹੀਂ ਪਵੇਗੀ ਜਿਸ ਨੂੰ ਸਰਕਾਰ ਬੜੀ ਅਸਾਨੀ ਨਾਲ ਮੁਹੱਈਆ ਕਰਵਾ ਸਕਦੀ ਹੈ।

*ਬਾਕੀ ਸਫ਼ਾ 19 ਉੱਤੇ*


# ਸਾਈਬਰ ਸੁਰੱਖਿਆ : ਮੁੱਦੇ ਅਤੇ ਅਗਲੇਰੇ ਰਾਹ

ਬੀ ਐੱਮ ਮੇਹਤਰੇ

ਤਕਨੀਕੀ ਤਰੱਕੀ ਨੇ ਆਧੁਨਿਕ ਸਮਾਜ ਨੂੰ ਕਈ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਸਭ ਤੋਂ ਅਹਿਮ ਫਾਇਦਿਆਂ ਵਿੱਚੋਂ ਇਕ ਉਦਾਹਰਣ ਹੈ 'ਕਿਸੇ ਵੀ ਜਗ੍ਹਾ ਕਿਸੇ ਵੀ ਵੇਲੇ'। ਭਾਵ ਕਿ ਤੁਸੀਂ ਸਾਈਬਰ ਦੁਨੀਆਂ ਵਿੱਚ ਆਪਣਾ ਕੰਮ ਕਿਸੇ ਵੀ ਥਾਂ ਤੋਂ ਕਿਸੇ ਵੀ ਵੇਲੇ ਕਰ ਸਕਦੇ ਹੋ। ਉਦਾਹਰਣ ਵਜੋਂ ਤੁਸੀਂ ਆਪਣੇ ਕੰਮ, ਜਿਵੇਂ ਕਿ ਟਿਕਟ ਖਰੀਦਣਾ, ਬਿੱਲ ਦਾ ਭੁਗਤਾਨ, ਸਮਾਨ ਜਾਂ ਵਸਤਾਂ ਖਰੀਦਣ ਦਾ ਆਰਡਰ ਆਨਲਾਈਨ ਦੇ ਸਕਦੇ ਹੋ। ਅਜਿਹੇ ਸਭ ਵਪਾਰਕ ਲੈਣ-ਦੇਣ ਕਿਸੇ ਵੀ ਥਾਂ ਤੋਂ ਅਤੇ ਕਿਸੇ ਵੀ ਸਮੇਂ ਕੀਤੇ ਜਾ ਸਕਦੇ ਹਨ। ਅਜਿਹਾ ਸਿਸਟਮ, ਸਭ ਇਲੈਕਟ੍ਰਾਨਿਕ ਲੈਣ-ਦੇਣ, 2001 (1) ਵਿੱਚ ਹੈਦਰਾਬਾਦ ਵਿੱਚ ਪਹਿਲੀ ਵਾਰੀ ਪ੍ਰਦਰਸ਼ਿਤ ਕੀਤਾ ਗਿਆ। ਸਾਰਾ ਇਲੈਕਟ੍ਰਾਨਿਕ ਈਕੋ-ਪ੍ਰਣਾਲੀ ਸਥਾਪਤ ਕੀਤੀ ਗਈ। ਇਸ ਈਕੋ-ਪ੍ਰਣਾਲੀ ਵਿੱਚ ਆਂਧਰਾ ਬੈਂਕ, ਐੱਚ ਐੱਮ ਡਬਲਿਯੂ ਐੱਸ ਐੱਸ ਬੀ (ਵਾਟਰ ਬੋਰਡ), ਆਈ ਡੀ ਆਰ ਬੀ ਟੀ ਅਤੇ ਸੀ ਐੱਮ ਸੀ ਲਿਮਟਿਡ ਸ਼ਾਮਿਲ ਸਨ। ਇਸ ਦਾ ਭੁਗਤਾਨ ਈ-ਚੈੱਕਾਂ ਰਾਹੀਂ ਕੀਤਾ ਗਿਆ ਜੋ ਕਿ ਆਂਧਰਾ ਬੈਂਕ ਵਲੋਂ ਖਾਤੇਦਾਰ ਵਸਨੀਕਾਂ ਨੂੰ ਜਾਰੀ ਕੀਤੇ ਗਏ ਸਨ। ਵਾਟਰ ਬੋਰਡ ਨੇ ਆਪਣੇ ਬਿੱਲ ਪੇਸ਼ ਕੀਤੇ ਅਤੇ ਭੁਗਤਾਨ ਆਂਧਰਾ ਬੈਂਕ ਦੇ ਸਹਿਯੋਗ ਨਾਲ ਕੀਤਾ ਗਿਆ।

ਸੂਚਨਾ ਸੁਰੱਖਿਆ ਦਾ ਉਦੇਸ਼ ਸੂਚਨਾ ਨੂੰ ਗੁਪਤ ਰੱਖਣਾ, ਇਮਾਨਦਾਰੀ ਅਤੇ ਉਸ ਦਾ ਮੁਹੱਈਆ ਹੋਣਾ ਹੈ। ਇਹ (ਸੀ ਆਈ ਏ) ਤਿੰਨ ਮਿਆਰ ਹਨ ਜਿਨ੍ਹਾਂ ਨੂੰ ਸੁਰੱਖਿਆ ਟੀਚੇ ਜਾਂ ਸੁਰੱਖਿਆ ਸੇਵਾਵਾਂ ਵੀ ਕਿਹਾ ਜਾਂਦਾ ਹੈ। ਸੁਰੱਖਿਆ ਦੇ ਹੋਰ ਟੀਚਿਆਂ ਵਿੱਚ ਅਜਿਹੇ ਹੀ ਹੋਰ ਮਿਆਰ ਜਿਵੇਂ ਕਿ ਜਾਇਜ਼ਤਾ, ਅਧਿਕਾਰਤ ਹਿਸਾਬ-ਕਿਤਾਬ ਅਤੇ ਨਾ ਤਿਆਗਣਾ ਹਨ। ਇਸ ਦਾ ਵੇਰਵੇ ਚਿੱਤਰ-1 ਵਿੱਚ ਦਰਸਾਇਆ ਗਿਆ ਹੈ।


ਸਾਈਬਰ ਸੁਰੱਖਿਆ ਇਕ ਅਮਲ, ਤਕਨੀਕ ਜਾਂ ਪ੍ਰਣਾਲੀ ਹੈ ਜੋ ਕਿ ਸੂਚਨਾ ਸੁਰੱਖਿਆ ਟੀਚਿਆਂ ਨੂੰ ਯਕੀਨੀ ਬਣਾਉਂਦੀ ਹੈ। ਸੂਚਨਾ




ਚਿੱਤਰ-1:ਸੂਚਨਾ ਸੁਰੱਖਿਆ ਗੋਲ – ਵੱਖਰਾ ਦ੍ਰਿਸ਼ਟੀਕੋਨ

ਸੁਰੱਖਿਆ ਜਾਂ ਸਾਈਬਰ ਸੁਰੱਖਿਆ ਲਈ ਵੱਖ-ਵੱਖ ਨਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਆਈ ਟੀ ਸੁਰੱਖਿਆ, ਡਿਜੀਟਲ ਸੁਰੱਖਿਆ, ਇਲੈਕਟ੍ਰਾਨਿਕ ਸੁਰੱਖਿਆ, ਸਿਸਟਮ ਸੁਰੱਖਿਆ, ਇੰਟਰਨੈੱਟ ਸੁਰੱਖਿਆ ਆਦਿ।

ਆਓ, ਅਸੀਂ ਆਨਲਾਈਨ ਬੈਂਕਿੰਗ ਦੀ ਇਕ ਉਦਾਹਰਣ ਵੇਖੀਏ। ਗਾਹਕ ਦੇ ਖਾਤੇ ਦਾ ਵੇਰਵਾ (ਜਿਵੇਂ ਨਾਂ, ਪਤਾ, ਬੈਂਕ ਬੈਲੈਂਸ ਅਤੇ ਲੈਣ-ਦੇਣ) ਸਭ ਮਿਲ ਕੇ ਕਿਸੇ ਵੀ ਬੈਂਕ ਜਾਂ ਇਸ ਦੇ ਗਾਹਕਾਂ ਲਈ ਇਕ ਅਹਿਮ ਸੂਚਨਾ ਹੁੰਦੇ ਹਨ। ਇਹ ਜਾਣਕਾਰੀ ਹੋਰਨਾਂ ਲੋਕਾਂ ਤੋਂ ਗੁਪਤ ਰੱਖਣੀ ਹੁੰਦੀ ਹੈ ਅਤੇ ਇਸ ਦਾ ਪਤਾ ਸਿਰਫ ਗਾਹਕ ਜਾਂ ਅਧਿਕਾਰਤ ਬੈਂਕ ਅਧਿਕਾਰੀ/ਜਾਂ ਬੈਂਕ ਨਾਲ ਸੰਬੰਧਤ ਅਮਲੇ ਨੂੰ ਹੀ ਹੁੰਦਾ ਹੈ। ਇਸ ਸੂਚਨਾ ਦੀ ਲੀਕੇਜ (ਕਿਸੇ ਹੋਰ ਦੀ ਇਸ ਤੱਕ ਪਹੁੰਚ/ਕੋਈ ਹੋਰ ਇਸ ਬਾਰੇ ਜਾਣਦਾ ਹੋਵੇ) ਨੂੰ ਸੁਰੱਖਿਆ ਦੀ ਉਲੰਘਣਾ ਕਿਹਾ ਜਾਵੇਗਾ। ਇਸ ਤਰ੍ਹਾਂ ਗਾਹਕ ਅਤੇ ਬੈਂਕ ਦਰਮਿਆਨ ਹੋਈ ਗੱਲਬਾਤ ਸੁਰੱਖਿਅਤ ਰਹਿਣੀ ਚਾਹੀਦੀ ਹੈ। ਅਜਿਹਾ ਸੰਦੇਸ਼ ਬੈਂਕ ਕੋਲ ਜਾਂ ਗਾਹਕ ਕੋਲ ਪਹੁੰਚਣਾ ਚਾਹੀਦਾ ਹੈ ਅਤੇ ਸੰਦੇਸ਼ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਹੋਣੀ ਚਾਹੀਦੀ। ਇਸ ਨੂੰ ਸੰਦੇਸ਼ ਦੀ ਦਿਆਨਤਦਾਰੀ (ਜਾਂ ਗੁਣਵੱਤਾ) ਕਿਹਾ ਜਾਂਦਾ ਹੈ। ਦਿਆਨਤਦਾਰੀ ਅਤੇ ਗੁਪਤ ਰੱਖਣ ਦਾ ਇਕ ਢੰਗ ਇਨਕਰਿਪਸ਼ਨ ਹੈ। ਇਨਕਰਿਪਸ਼ਨ ਇਕ ਅਜਿਹਾ ਕ੍ਰਿਪਟੋਗ੍ਰਾਫਿਕ ਢੰਗ ਹੈ ਜਿਸ ਰਾਹੀਂ ਮੈਥੇਮੈਟੀਕਲ ਤਰੀਕੇ ਦੀ ਵਰਤੋਂ ਕਰ ਕੇ ਸਪੱਸ਼ਟ ਸੰਦੇਸ਼ ਸਕਰੈਂਬਲ ਕਰ ਦਿੱਤਾ ਜਾਂਦਾ ਹੈ। ਸਕਰੈਂਬਲ ਕੀਤਾ ਸੰਦੇਸ਼ ਹਾਸਲ ਕਰਨ ਵਾਲੇ ਵੱਲੋਂ ਅਜਿਹੇ ਹੀ ਕਿਸੇ ਢੰਗ ਦੀ ਵਰਤੋਂ ਕਰਕੇ ਕ੍ਰਿਪਟੋਗ੍ਰਾਫ ਕਰ ਦਿੱਤਾ ਜਾਂਦਾ ਹੈ। 'ਮੁਹੱਈਆ' ਹੋਣ ਦੀ ਸੇਵਾ ਕਿਸੇ ਵੇਲੇ ਵੀ ਅਤੇ ਕਿਸੇ ਵੀ ਥਾਂ ਤੋਂ ਗਾਹਕ ਦੀ ਪਹੁੰਚ




**ਚਿੱਤਰ-2: ਸੁਰੱਖਿਅਤ ਲਾਗ ਇਨ - ਚਿੰਨ੍ਹ ਨੂੰ ਹਰੇ ਰੰਗ ਵਿੱਚ ਲਾਕ ਕਰੋ**

ਕਰਵਾਉਂਦੀ ਹੈ। ਇਹ ਸੁਰੱਖਿਆ ਪ੍ਰਣਾਲੀ ਤੱਕ ਦਾ ਇਕ ਅਹਿਮ ਹਿੱਸਾ ਬਣ ਜਾਂਦਾ ਹੈ।

ਇੰਟਰਨੈੱਟ ਉੱਤੇ ਜਾਂ ਸਾਈਬਰ ਸਪੇਸ ਵਿੱਚ ਡਿਜੀਟਲ ਯੰਤਰਾਂ ਅਤੇ ਕੰਪਿਊਟਰ ਤੱਕ ਪਹੁੰਚਣ ਦਾ ਇਕ ਰਸਤਾ ਵਰਤਣ ਵਾਲੇ ਦਾ ਨਾਂ (ਕਸਟਮਰ ਆਈ ਡੀ) ਅਤੇ ਇਕ ਸਹੀ ਪਾਸਵਰਡ ਹੁੰਦਾ ਹੈ। ਇਹ ਪਾਸ ਵਰਡ ਆਮ ਤੌਰ ਤੇ ਪਹਿਲੀ ਵਾਰੀ ਹੀ ਜਾਰੀ ਕੀਤਾ ਜਾਂਦਾ ਹੈ ਅਤੇ ਇਸ ਨੂੰ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ। ਇਕ ਵਾਰੀ ਰਜਿਸਟਰ ਹੋਏ ਲੋਕ ਬਾਅਦ ਵਿੱਚ ਯੂਜ਼ਰ ਆਈ ਡੀ ਅਤੇ ਪਾਸ ਵਰਡ ਰਾਹੀਂ ਹੀ ਆਪਣਾ ਕੰਮ ਚਲਾ ਸਕਦੇ ਹਨ ਅਤੇ ਆਪਣੇ ਖਾਤੇ (ਜਾਂ ਜਾਣਕਾਰੀ) ਤੱਕ ਪਹੁੰਚ ਸਕਦੇ ਹਨ। ਇੰਟਰਨੈੱਟ ਉਤੇ ਅੱਜ ਜੋ ਐਪ ਮੁਹੱਈਆ ਹਨ ਉਹ ਵੈੱਬ ਐਪ ਹੀ ਹਨ। ਇਨ੍ਹਾਂ ਵਿੱਚ ਲਾਗ-ਇਨ ਹੋਣ ਲਈ ਇਕ ਸੁਰੱਖਿਆ (ਐਨਕ੍ਰਿਪਟਿਡ) ਢੰਗ ਹੁੰਦਾ ਹੈ। ਚਿੱਤਰ-2 ਵਿੱਚ ਸੁਰੱਖਿਅਤ ਲਾਗ-ਇਨ ਸਾਈਟ ਦਿਖਾਈ ਗਈ ਹੈ ਅਤੇ ਉਸ ਬਾਰੇ ਸਪੱਸ਼ਟ ਕੀਤਾ ਗਿਆ ਹੈ। ਕਿਰਪਾ ਕਰਕੇ ਬੈਂਕ ਦੇ ਨਾਂ ਦੇ ਨਾਲ ਇਕ ਹਰੇ ਲਾਕ ਚਿੰਨ੍ਹ ਨੂੰ ਨੋਟ ਕਰੋ। ਇਹ ਦੱਸਦਾ ਹੈ ਕਿ ਤੁਸੀ ਇਕ ਸੁਰੱਖਿਅਤ ਪ੍ਰਣਾਲੀ ਨੂੰ ਲਾਗ-ਇਨ ਕਰ ਰਹੇ ਹੋ।

ਪ੍ਰਣਾਲੀ ਵਿੱਚ ਲਾਗ-ਇਨ ਕਰਨ ਲਈ ਤੁਹਾਨੂੰ ਯੂਜ਼ਰ ਆਈ ਡੀ ਅਤੇ ਪਾਸਵਰਡ ਦੀ ਲੋੜ ਹੋਵੇਗੀ। ਪਾਸਵਰਡ ਇਕ ਤਰ੍ਹਾਂ ਦੇ ਤਾਲੇ ਅਤੇ ਚਾਬੀ ਵਾਂਗ ਹੁੰਦਾ ਹੈ। ਤੁਹਾਨੂੰ ਇਸ ਨੂੰ ਗੁਪਤ ਰੱਖਣਾ ਪੈਂਦਾ ਹੈ ਅਤੇ ਕਿਸੇ ਨੂੰ ਇਸ ਬਾਰੇ ਦੱਸਿਆ ਨਹੀਂ ਜਾ ਸਕਦਾ। ਕੰਪਿਊਟਰ ਸਿਸਟਮ ਵਿੱਚ ਕਿਉਂਕਿ ਇਕ ਯੂਜ਼ਰ ਨੇਮ ਅਤੇ ਪਾਸਵਰਡ ਹੀ ਇਸ ਨੂੰ ਵਰਤਣ ਵਾਲੇ ਦੀ ਨੁਮਾਇੰਦਗੀ ਕਰਦੇ ਹਨ। ਜਿਸ ਕੋਲ ਵੀ ਇਹ ਚਿੰਨ੍ਹ ਹੋਣਗੇ ਉਹ ਸਿਸਟਮ ਦਾ ਅਸਲ ਮਾਲਕ ਹੋਵੇਗਾ। ਸਾਈਬਰ ਮੁਜਰਮਾਂ ਵਲੋਂ ਇਨ੍ਹਾਂ ਚਿੰਨ੍ਹਾਂ ਨੂੰ ਚੋਰੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਮੁਜਰਮਾਂ ਨੂੰ ਹੈਕਰ ਕਿਹਾ ਜਾਂਦਾ ਹੈ। ਸਭ ਤੋਂ ਹਰਮਨ ਪਿਆਰਾ ਇਕ ਢੰਗ ਇਨ੍ਹਾਂ ਹੈਕਰਾਂ ਵਲੋਂ ਵਰਤਿਆ ਜਾਂਦਾ ਹੈ ਉਹ ਸੈਂਕੜੇ ਲੋਕਾਂ ਈ-ਮੇਲ ਸੰਦੇਸ਼ ਭੇਜਣ ਦਾ ਹੁੰਦਾ ਹੈ ਕਿ ਉਨ੍ਹਾਂ ਦੀ 30 ਮਿਲੀਅਨ ਡਾਲਰ ਦੀ ਲਾਟਰੀ ਨਿਕਲ ਆਈ ਹੈ (ਜਾਂ ਅਜਿਹੇ ਹੋਰ ਲੁਭਾਉਣੇ ਸੰਦੇਸ਼ ਭੇਜੇ ਜਾਂਦੇ ਹਨ)। ਇਕ ਵਾਰੀ ਤੁਸੀ ਅਜਿਹੀ ਈ-ਮੇਲ ਦਾ ਜਵਾਬ ਦਿੱਤਾ ਤਾਂ ਉਹ ਤੁਹਾਡੇ ਤੋਂ ਤੁਹਾਡਾ ਪਾਸਵਰਡ ਜਾਣਨ ਲਈ ਲਾਲਚ ਦਿੰਦੇ ਰਹਿਣਗੇ ਜਾਂ ਤੁਹਾਡੇ ਪਾਸੋਂ ਪੰਜੀਕਰਨ ਫੀਸ ਮੰਗਣਗੇ। ਤੁਹਾਡੇ ਤੋਂ ਪਾਸਵਰਡ ਵਗੈਰਾ ਹਾਸਲ ਕਰਨ ਦੇ ਅਜਿਹੇ ਯਤਨਾਂ ਨੂੰ ਫਿਸ਼ਿੰਗ ਕਿਹਾ ਜਾਂਦਾ ਹੈ। ਤੁਹਾਡੇ ਬਾਰੇ ਵੇਰਵੇ ਚੁਰਾਉਣ ਦੇ ਹੋਰ ਢੰਗਾਂ ਵਿੱਚ ਉਹ ਸਾਈਬਰ ਹਮਲੇ ਸ਼ਾਮਲ ਹਨ ਜਿਨ੍ਹਾਂ ਵਿੱਚ ਸੋਸ਼ਲ ਇੰਜੀਨੀਅਰਿੰਗ, ਸਕੈਨਿੰਗ, ਖਾਮੀਆਂ ਲੱਭਣਾ ਅਤੇ ਉਨ੍ਹਾਂ ਦਾ ਲਾਭ ਉਠਾਉਣਾ ਸ਼ਾਮਲ ਹਨ। ਵੇਰਵੇ ਚੁਰਾਉਣ ਦੇ ਅਜਿਹੇ ਯਤਨਾਂ ਅਤੇ ਸਿਸਟਮ ਤੱਕ ਪਹੁੰਚ ਕਰਨ ਦੇ ਅਜਿਹੇ ਯਤਨਾਂ ਨੂੰ ਸਾਈਬਰ ਹਮਲੇ ਕਿਹਾ ਜਾਂਦਾ ਹੈ।

ਅਹਿਮ ਅਤੇ ਮਿਸ਼ਨ ਕ੍ਰਿਟੀਕਲ ਸਿਸਟਮ ਵਿੱਚ ਇਨ੍ਹਾਂ ਸਾਈਬਰ ਹਮਲਿਆਂ ਦਾ ਟਾਕਰਾ ਕਰਨ ਲਈ ਕਈ ਕਦਮ ਚੁੱਕੇ ਜਾਂਦੇ ਹਨ। ਵੱਡੇ ਸੰਗਠਨਾਂ ਵਿੱਚ ਸਾਈਬਰ ਸੁਰੱਖਿਆ ਆਪ੍ਰੇਟਿੰਗ ਸੈਂਟਰ ਸਥਾਪਿਤ ਕਰਨ ਦੀ ਲੋੜ ਹੁੰਦੀ ਹੈ ਜੋ ਕਿ ਸੁਰੱਖਿਆ ਘਟਨਾਵਾਂ ਨੂੰ ਮਾਨੀਟਰ ਕਰਦੇ ਹਨ ਅਤੇ ਉਨ੍ਹਾਂ ਸੰਬੰਧੀ ਚੇਤਾਵਨੀਆਂ ਜਾਰੀ ਕਰਦੇ ਹਨ। ਇਹ ਚੇਤਾਵਨੀਆਂ ਸਿਸਟਮ ਦੇ ਪ੍ਰਸ਼ਾਸਕ ਲਈ ਹੁੰਦੀਆਂ ਹਨ ਕਿ ਉਹ ਮਾਮਲੇ ਨੂੰ ਦੇਖਣ ਕਿਉਂਕਿ ਆਮ ਤੌਰ ਤੇ ਕਈ ਝੂਠੀਆਂ ਚੇਤਾਵਨੀਆਂ ਵੀ ਜਾਰੀ ਹੁੰਦੀਆਂ ਹਨ। ਆਮ ਤੌਰ ਤੇ ਬਚਾਅ ਦੀਆਂ ਕਈ ਪਰਤਾਂ (ਡੂੰਘਾਈ ਤੱਕ ਬਚਾਅ) ਲਾਗੂ ਕੀਤੀਆਂ ਜਾਂਦੀਆਂ ਹਨ ਤਾਂ ਕਿ ਡਾਟਾ, ਐਪਲੀਕੇਸ਼ਨਾਂ, ਮਹਿਮਾਨਾਂ, ਨੈੱਟਵਰਕ ਅਤੇ ਢਾਂਚੇ ਦਾ ਬਚਾਅ ਹੋ ਸਕੇ ਜਿਵੇਂ ਕਿ ਚਿੱਤਰ-3 ਵਿੱਚ ਦਿਖਾਇਆ ਗਿਆ ਹੈ।

ਸਾਈਬਰ ਸੁਰੱਖਿਆ ਦਾ ਪ੍ਰਬੰਧ ਇਕ ਅਜਿਹੇ ਢਾਂਚੇ ਅਧੀਨ ਕੀਤਾ ਜਾਂਦਾ ਹੈ ਜਿਸ ਨੂੰ ਪੀਪਲ, ਪ੍ਰਸੈੱਸ ਅਤੇ ਤਕਨਾਲੋਜੀ ਕਿਹਾ ਜਾਂਦਾ ਹੈ। ਜਿਵੇਂ ਕਿ ਚਿੱਤਰ-4 ਵਿੱਚ ਦਰਸਾਇਆ ਗਿਆ ਹੈ ਕਿ ਸੁਰੱਖਿਆ ਆਮ ਤੌਰ ਤੇ ਲੋਕਾਂ ਦੀ ਸ਼ਮੂਲੀਅਤ ਅਤੇ ਤਕਨਾਲੋਜੀ ਉਤੇ ਘੱਟ ਨਿਰਭਰ ਕਰਦੀ ਹੈ। ਤਕਨਾਲੋਜੀ ਜੇ ਸਹੀ ਢੰਗ ਨਾਲ ਸਥਾਪਿਤ ਹੋਵੇ ਤਾਂ ਉਹ ਜਿਵੇਂ ਸਥਾਪਿਤ ਹੋਵੇਗੀ ਉਹ ਉਸੇ ਢੰਗ ਨਾਲ ਕੰਮ ਕਰੇਗੀ ਪਰ ਮਨੁੱਖ ਦਾ ਵਤੀਰਾ ਵੱਖ-ਵੱਖ ਸਮੇਂ ਉਤੇ ਵੱਖ-ਵੱਖ ਹੁੰਦਾ ਹੈ। ਇਸ ਦੇ ਲਈ ਇਕ ਅਹਿਮ ਸਭਿਆਚਾਰਕ ਤਬਦੀਲੀ ਦੀ ਲੋੜ ਹੁੰਦੀ ਹੈ ਅਤੇ ਪ੍ਰਸੈੱਸ ਅਤੇ ਪ੍ਰਣਾਲੀ ਦੇ ਹਿਸਾਬ ਨਾਲ ਚਲਣਾ ਪੈਂਦਾ ਹੈ ਜੋ ਕਿ ਮਨੁੱਖ ਉਤੇ ਨਿਰਭਰ ਕਰਦਾ ਹੈ।

ਸਾਈਬਰ ਸੁਰੱਖਿਆ ਇਕ ਹੁਨਰ ਅਧਾਰਿਤ ਤਕਨਾਲੋਜੀ ਹੈ ਤੇ ਢਾਂਚੇ ਦੇ ਗਿਆਨ, ਆਪ੍ਰੇਟਿੰਗ ਸਿਸਟਮ, ਕੰਪਿਊਟਰ ਨੈੱਟਵਰਕਸ ਅਤੇ ਐਪਲੀ-ਕੇਸ਼ਨਾਂ ਦੇ ਹਿਸਾਬ ਨਾਲ ਕੰਮ ਕਰਦਾ ਹੈ, ਜੋਕਿ ਪ੍ਰੋਗਰੈਮਿੰਗ ਲੈਂਗੂਏਜ ਦੀ ਵਰਤੋਂ ਕਰਕੇ ਤਿਆਰ ਕੀਤੀ ਜਾਂਦੀ ਹੈ। ਆਉਣ ਵਾਲੇ ਸਾਲਾਂ ਵਿੱਚ ਸਾਡੇ ਨੌਜਵਾਨ ਇੰਜੀਨੀਅਰਾਂ ਲਈ ਇਸ ਖੇਤਰ ਵਿੱਚ ਕੰਮ ਕਰਨ ਅਤੇ ਆਪਣਾ ਵਿਵਸਾਇਕ ਪੇਸ਼ਾ ਸਥਾਪਤ ਕਰਨ ਦੇ ਕਾਫੀ ਮੌਕੇ ਹੋਣਗੇ। ਅਸਲ ਵਿੱਚ ਅਜਿਹੇ ਮੌਕੇ ਵਿਸ਼ਵ ਪੱਧਰ ਉਤੇ ਹੀ ਮਿਲਣਗੇ ਕਿਉਂਕਿ ਪੂਰੀ ਦੁਨੀਆਂ ਸਾਈਬਰ ਸਪੇਸ ਅਤੇ ਸਾਈਬਰ ਸੁਰੱਖਿਆ ਉਤੇ ਨਿਰਭਰ

ਹੋਈ ਬੈਠੀ ਹੈ।


ਪਾਸਵਰਡ ਦੀ ਸੁਰੱਖਿਆ ਲਈ ਸੁਝਾਅ

ਇਹ 8 ਤੋਂ 10 ਅੰਕਾਂ ਦਾ ਹੋਣਾ ਚਾਹੀਦਾ ਹੈ। ਇਸ ਵਿੱਚ ਅੰਕਾਂ ਅਤੇ ਸ਼ਬਦਾਂ ਦਾ ਸੁਮੇਲ ਹੋਵੇ ਤਾਂ ਚੰਗਾ ਹੈ।


- ਇਸ ਵਿੱਚ ਲੋਅਰ ਕੇਸ ਅਤੇ ਅੱਪਰ ਕੇਸ ਦਾ ਮਿਸ਼ਰਣ ਹੋਣਾ ਚਾਹੀਦਾ ਹੈ।
- ਪਾਸਵਰਡ ਵਿੱਚ ਖ਼ਾਸ ਅੰਕਾਂ ਨੂੰ ਮਿਲਾਓ (ਜਿਨ੍ਹਾਂ ਦੀ ਇਜਾਜ਼ਤ ਹੋਵੇ)।
- ਆਪਣੇ ਪਸੰਦ ਦੇ ਬਹੁ-ਭਾਸ਼ੀ ਪਾਸਵਰਡ ਦੀ ਵਰਤੋਂ ਕਰੋ, ਜਿਸ ਦਾ ਅੰਦਾਜ਼ਾ ਅਸਾਨੀ ਨਾਲ ਨਾ ਲੱਗ ਸਕੇ।
- ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਪਾਸਵਰਡ ਬਦਲਦੇ ਰਹੋ।
- ਪਾਸਵਰਡ ਵਿੱਚ ਨਾਂ, ਪਤਾ, ਜਨਮ ਤਰੀਕ ਆਦਿ ਦੀ ਵਰਤੋਂ ਨਾ ਕਰੋ ਕਿਉਂਕਿ ਉਨ੍ਹਾਂ ਬਾਰੇ ਅਸਾਨੀ ਨਾਲ ਅੰਦਾਜ਼ਾ ਲੱਗ ਸਕਦਾ ਹੈ।
- ਡਿਕਸ਼ਨਰੀ ਸ਼ਬਦਾਂ ਦੀ ਵਰਤੋਂ ਨਾ ਕਰੋ।
- ਹੱਲ

ਨਿੱਜੀ ਵਿਅਕਤੀਆਂ ਲਈ ਸੁਰੱਖਿਆ ਸੁਝਾਅ (ਐਂਡ ਯੂਜ਼ਰਜ਼ - ਡੈਸਕਟਾਪ, ਲੈਪਟਾਪ, ਇੰਟਰਨੈੱਟ ਵਰਤਣ ਵਾਲਿਆਂ ਲਈ)।

- ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਅਪ-ਡੇਟ ਕਰਨਾ।
- ਪਾਸਵਰਡਜ਼।
- ਆਫੀਸ਼ਲ ਵੈੱਬਸਾਈਟਾਂ ਤੋਂ ਡਾਊਨਲੋਡ ਕਰਨਾ।
- ਐਡਮਨਿਸਟ੍ਰੇਟਰ
- ਬੰਦ ਕਰਨਾ
- ਐਂਨਕ੍ਰਿਪਟ ਕਰਨਾ
- ਯੂ ਐੱਸ ਬੀ ਦੀ ਡਰਾਈਵ ਵਰਤਣ ਵੇਲੇ ਚੌਕਸ ਰਹਿਣਾ
- ਸਿਰਫ ਆਪਣੇ ਕੰਪਿਊਟਰ ਤੋਂ ਹੀ ਨਾਜ਼ੁਕ ਬਰਾਊਜ਼ਿੰਗ ਕਰਨਾ (ਜਿਵੇਂ ਆਨ ਲਾਈਨ ਬੈਂਕਿੰਗ)।
- ਨਾਲ-ਨਾਲ ਬੈਕ-ਅੱਪ ਰੱਖਣਾ
- ਸੋਸ਼ਲ ਨੈੱਟਵਰਕ ਮੀਡੀਆ ਉੱਤੇ ਕੁੱਝ ਸ਼ੇਅਰ ਕਰਨ ਤੋਂ ਪਹਿਲਾਂ ਵਿਚਾਰਨਾ।




*ਚਿੱਤਰ-3: ਡੂੰਘਾਈ ਤੱਕ ਰੱਖਿਆ ਬਹੁ-ਪਰਤੀ ਸਾਈਬਰ ਸੁਰੱਖਿਆ ਵਸਤੂ ਸ਼ੈਲੀ*




*ਚਿੱਤਰ-4: ਪੀ ਪੀ ਟੀ ਰਾਹੀਂ ਸੁਰੱਖਿਆ ਦਾ ਪ੍ਰਬੰਧਨ ਅਤੇ ਸ਼ਾਸਨ*

ਸੰਗਠਨਾਂ, ਸਿਸਟਮ, ਨੈੱਟਵਰਕ ਪ੍ਰਸ਼ਾਸਕਾਂ ਲਈ ਸੁਰੱਖਿਆ ਸੁਝਾਅ :

- ਸੁਰੱਖਿਆ ਨੀਤੀ ਦੀ ਪ੍ਰਵਾਨਗੀ ਉੱਚ ਮੈਨੇਜਮੈਂਟ ਤੋਂ ਹਾਸਲ ਕਰਨ ਦੀ ਲੋੜ।
- ਇਹ ਯਕੀਨੀ ਬਣਾਇਆ ਜਾਵੇ ਕਿ ਸੁਰੱਖਿਆ ਨੀਤੀ ਨੂੰ ਹਰ ਮੁਲਾਜ਼ਮ ਨੇ ਪੜ੍ਹ ਅਤੇ ਸਮਝ ਲਿਆ ਹੋਵੇ।
- ਥੋੜ੍ਹੇ-ਥੋੜ੍ਹੇ ਸਮੇਂ ਉਤੇ ਕੰਟਰੋਲ ਮੁਕਾਬਲੇ ਦੇ ਕਦਮਾਂ ਦਾ ਜਾਇਜ਼ਾ।
- ਸੁਰੱਖਿਆ ਪਾਬੰਦੀਆਂ ਦੀ ਨਿਯਮਿਤ ਵਰਤੋਂ।
- ਡਾਟਾ ਸੈਂਟਰ ਅਤੇ ਤਬਾਹੀ ਵਾਲੀਆਂ ਸਾਈਟਾਂ ਦੇ ਚੌਗਿਰਦੇ ਵਿੱਚ ਵਿਭਿੰਨਤਾ ਦੀ ਯੋਜਨਾ ਲਿਆਉਣਾ।
- ਸਿਸਟਮ ਦੀ ਬੈਕ ਅੱਪ ਨੂੰ ਨਿਯਮਿਤ

ਢੰਗ ਨਾਲ ਵੇਖਣਾ ਅਤੇ ਬਹਾਲੀ ਲਈ ਬੈਕ ਅੱਪ ਨੂੰ ਟੈਸਟ ਕਰਨਾ।

- ਬਹੁ ਸ਼ਿਫਟ ਐਡਮਿਨ ਪਰਸੋਨਲ ਲਈ ਢੁਕਵੀਂ ਪਾਸਵਰਡ ਨੀਤੀ ਹੋਣੀ ਚਾਹੀਦੀ ਹੈ।
- ਸਾਈਬਰ ਸੁਰੱਖਿਆ ਚੈੱਕ ਲਿਸਟ ਆਈ ਡੀ ਆਰ ਬੀ ਟੀ ਜੁਲਾਈ 2016 ਡਾਕ ਐਟ www.idrbt.ac.in ਸਾਈਟ ਦਾ ਹਵਾਲਾ।

ਸੰਖੇਪ ਵਿੱਚ, ਸਾਈਬਰ ਸੁਰੱਖਿਆ ਬਾਰੇ ਇਕ ਸੰਖੇਪ ਜਾਣ-ਪਛਾਣ ਜੋ ਸਹੂਲਤ ਇਹ ਪ੍ਰਦਾਨ ਕਰਦੀ ਹੈ ਅਤੇ ਜੋ ਚੌਕਸੀਆਂ ਕਿਸੇ ਨੂੰ ਰੱਖਣੀਆਂ ਪੈਂਦੀਆਂ ਹਨ, ਦੇ ਹਿਸਾਬ ਨਾਲ ਦਿੱਤੀ ਗਈ ਹੈ। ਇਹ ਆਨਲਾਈਨ ਬੈਂਕਿੰਗ ਅਤੇ ਘੱਟ ਨਕਦੀ ਵਾਲੀ ਆਰਥਿਕਤਾ ਦੇ ਮੌਜੂਦਾ ਦੌਰ ਲਈ ਖ਼ਾਸ ਤੌਰ ਤੇ ਮਹੱਤਵਪੂਰਨ ਹੈ। ਇਹ ਸਾਡੇ ਨੌਜਵਾਨ ਇੰਜੀਨੀਅਰਾਂ ਲਈ ਸਾਈਬਰ ਸੁਰੱਖਿਆ ਦੇ ਖੇਤਰ ਵਿੱਚ ਆਪਣਾ ਪੇਸ਼ਾ ਬਣਾਉਣ ਦਾ ਖੇਤਰ ਵੀ ਹੈ।

*(ਲੇਖਕ ਭਾਰਤੀ ਰਿਜ਼ਰਵ ਬੈਂਕ ਵਲੋਂ ਸਥਾਪਤ ਬੈਂਕਿੰਗ ਤਕਨਾਲੋਜੀ ਵਿੱਚ ਵਿਕਾਸ ਅਤੇ ਖੋਜ ਬਾਰੇ ਸੰਸਥਾ ਦੇ ਸਾਈਬਰ ਸੁਰੱਖਿਆ ਲਈ ਕੇਂਦਰ ਵਿੱਚ ਪ੍ਰੋਫੈਸਰ ਹਨ।)*

*e-mail :bmmehtre@idrbt.ac.in*

ਸਫ਼ਾ 15 ਦਾ ਬਾਕੀ

ਇੰਨਾ ਹੀ ਨਹੀਂ, ਕੁੱਝ ਹੋਰ ਲਾਭ ਜੋ ਕਾਲਾ ਧਨ ਪੈਦਾ ਹੋਣ ਉਤੇ ਸੱਟ ਮਾਰਦੇ ਹਨ, ਉਹ ਸਚਾਈ ਇਹ ਹੈ ਕਿ ਡਿਜੀਟਲ ਭੁਗਤਾਨ ਨਾਲ ਭਲਾਈ ਸਕੀਮਾਂ ਵਿੱਚ ਵਧੇਰੇ ਕੁਸ਼ਲਤਾ ਆਉਂਦੀ ਹੈ ਕਿਉਂਕਿ ਪੈਸਾ ਸਿੱਧੇ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ, ਜਿਸ ਨਾਲ ਸਾਰੀ ਪ੍ਰਕਿਰਿਆ ਪਾਰਦਰਸ਼ੀ ਹੋ ਜਾਂਦੀ ਹੈ। ਭੁਗਤਾਨ ਦਾ ਅਸਾਨੀ ਨਾਲ ਪਤਾ ਲਾ ਕੇ ਵਸੂਲਿਆ ਜਾ ਸਕਦਾ ਹੈ ਅਤੇ ਭ੍ਰਿਸ਼ਟਾਚਾਰ ਵਿੱਚ ਆਪਣੇ ਆਪ ਕਮੀ ਆਵੇਗੀ। ਲੋਕਾਂ ਨੂੰ ਆਪਣਾ ਕਾਨੂੰਨੀ ਤੌਰ ਤੇ ਹੱਕੀ ਪੈਸਾ ਪ੍ਰਾਪਤ ਕਰਨ ਲਈ ਰਿਸ਼ਵਤ ਨਹੀਂ ਦੇਣੀ ਪਵੇਗੀ।

ਬਦਲਾਅ ਦੇ ਇਸ ਮਾਰਗ ਉਤੇ ਚਲਦਿਆਂ ਪ੍ਰਧਾਨ ਮੰਤਰੀ ਨੇ ਲੋਕਾਂ ਉਤੇ ਜ਼ੋਰ ਦਿੱਤਾ ਕਿ ਉਹ ਇਹ ਸਿੱਖਣ ਕਿ ਡਿਜੀਟਲ ਅਰਥਚਾਰਾ ਕਿਵੇਂ ਕੰਮ ਕਰਦਾ ਹੈ, ਜਿਸ ਵਿੱਚ ਕੋਈ ਵੀ ਆਪਣੇ ਮੋਬਾਈਲ ਫੋਨ ਨੂੰ ਬੈਂਕਿੰਗ ਯੰਤਰ ਅਤੇ ਭੁਗਤਾਨ ਕਰਨ ਲਈ ਇਸਤੇਮਾਲ ਕਰ ਸਕਦਾ ਹੈ।

"ਵੱਖ-ਵੱਖ ਤਰੀਕੇ ਸਿੱਖੋ ਜਿਸ ਨਾਲ ਤੁਸੀਂ ਆਪਣੇ ਬੈਂਕ ਖਾਤਿਆਂ ਅਤੇ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਕਰ ਸਕਦੇ ਹੋ। ਵੱਖ-ਵੱਖ ਬੈਂਕਾਂ ਦੇ ਐਪ ਆਪਣੇ ਮੋਬਾਈਲ ਉਤੇ ਪ੍ਰਭਾਵੀ ਤਰੀਕੇ ਨਾਲ ਵਰਤਣੇ ਸਿੱਖੋ। ਇਹ ਸਿੱਖਿਆ ਲਵੋ ਕਿ ਤੁਹਾਡਾ ਵਪਾਰ ਨਕਦੀ ਤੋਂ ਬਿਨਾਂ ਕਿਵੇਂ ਚਲਾਇਆ ਜਾ ਸਕਦਾ ਹੈ। ਕਾਰਡ ਅਤੇ ਇਲੈਕਟ੍ਰਾਨਿਕ ਭੁਗਤਾਨ ਦੇ ਦੂਜੇ ਢੰਗਾਂ ਬਾਰੇ ਸਿੱਖੋ", ਉਨ੍ਹਾਂ ਆਖਿਆ।

ਲੋਕਾਂ ਨੂੰ ਆਪਣੇ ਤੋਂ ਬਦਲਾਅ ਦੀ ਸ਼ੁਰੂਆਤ ਕਰਨ ਨੂੰ ਆਖਣ ਨਾਲ ਦੇਸ਼ ਵਿਚੋਂ ਕਾਲਾ ਧਨ ਖਤਮ ਕਰਨ ਵਿੱਚ ਵੀ ਮਦਦ ਮਿਲੇਗੀ।

*(ਲੇਖਕ ਸੀ ਐੱਨ ਬੀ ਸੀ ਟੀ ਵੀ 18 ਵਿੱਚ ਵਿਸ਼ੇਸ਼ ਕੋਰਸਪੌਂਡੈਂਟ ਹਨ ਅਤੇ ਉਨ੍ਹਾਂ ਕੋਲ ਆਰਥਿਕਤਾ, ਸਮਾਜਿਕ ਆਰਥਿਕ ਅਤੇ ਰਾਜਨੀਤਕ ਅਰਥਚਾਰੇ ਬਾਰੇ ਲਿਖਣ ਦਾ ਚੰਗਾ ਤਜਰਬਾ ਹੈ)*

*e-mail :timsy.jaipuria@gmail.com*

**ਯੋਜਨਾ (ਪੰਜਾਬੀ)**

**ਦਾ**

**ਅਗਲਾ**

**ਅੰਕ**

- **ਮਾਰਚ 2017 - ਇਹ ਅੰਕ *ਯੂਨੀਅਨ ਬਜਟ 2017-18* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**
**(Advertisement & Circulation )**

**Publications Division, Ministry of Information and Broadcasting**

**Room No. 48-53, Soochna Bhawan, C.G.O. Complex,**
**Lodhi Road,New Delhi-110003. (Tel.011-24367260)**

***email-pdjucir@gmail.com***

# ਘੱਟ ਨਕਦ ਅਰਥਵਿਵਸਥਾ : ਭਾਰਤ ਅਤੇ ਵਿਸ਼ਵ

ਅਰਪਿਤਾ ਮੁਖਰਜੀ ਅਤੇ ਤਨੂੰ ਐੱਮ ਗੋਇਲ

ਜੂਨ 2016 ਵਿੱਚ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ 'ਭਾਰਤ ਵਿੱਚ ਭੁਗਤਾਨ ਅਤੇ ਨਿਪਟਾਰਾ ਸਿਸਟਮ : ਦ੍ਰਿਸ਼ਟਾਂਤ 2018' ਨਾਂ ਦੀ ਇਕ ਰਿਪੋਰਟ ਜਾਰੀ ਕੀਤੀ ਜਿਸ ਵਿੱਚ ਭਾਰਤ ਨੂੰ ਸਭ ਤੋਂ ਵਧੀਆ ਭੁਗਤਾਨ ਅਤੇ ਨਿਪਟਾਰੇ ਵਾਲਾ ਸਿਸਟਮ ਬਣਾ ਕੇ ਇਸ ਨੂੰ ਇਕ 'ਘੱਟ ਨਕਦੀ' ਵਾਲੀ ਆਰਥਿਕਤਾ ਬਣਾਉਣ ਬਾਰੇ ਕਿਹਾ ਗਿਆ ਹੈ। ਇਸ ਦਾ ਉਦੇਸ਼ ਸਮਾਜ ਦੇ ਸਭ ਵਰਗਾਂ ਨੂੰ ਭੁਗਤਾਨ ਕਰਨ ਲਈ ਇਲੈਕਟ੍ਰਾਨਿਕ ਪ੍ਰਣਾਲੀ ਦੀ ਵਰਤੋਂ ਨੂੰ ਉਤਸ਼ਾਹਤ ਕਰਨਾ ਹੈ। ਇਸ ਨਾਲ ਵੱਡਾ ਗ਼ੈਰ-ਰਸਮੀ ਖੇਤਰ ਰਸਮੀ ਆਰਥਿਕਤਾ ਵਿੱਚ ਤਬਦੀਲ ਹੋਵੇਗਾ। ਇਸ ਨਾਲ ਟੈਕਸ ਦਾ ਆਧਾਰ ਵਧੇਗਾ, ਕਾਲੇ ਧਨ ਵਿੱਚ ਕਮੀ ਆਵੇਗੀ ਅਤੇ ਅੱਤਵਾਦੀਆਂ ਅਤੇ ਚੋਣਾਂ ਵਿੱਚ ਜੋ ਨਕਦੀ ਲਗਾਉਣ ਦਾ ਕੰਮ ਹੈ ਉਸ ਉਤੇ ਰੋਕ ਲਗੇਗੀ। ਭਾਰਤ ਦੇ ਪ੍ਰਧਾਨ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਨੂੰ ਇਕ 'ਘੱਟ ਨਕਦੀ' ਵਾਲੇ ਸਮਾਜ ਵੱਲ ਵਧਣਾ ਚਾਹੀਦਾ ਹੈ। ਇਹ ਚੀਜ਼ ਦੇਸ਼ ਨੂੰ ਨਕਦੀ ਰਹਿਤ ਸਮਾਜ ਵੱਲ ਲਿਜਾਉਣ ਵਿੱਚ ਇਕ ਮੀਲ ਦਾ ਪੱਥਰ ਸਿੱਧ ਹੋਵੇਗੀ। ਬਹੁਤ ਸਾਰੇ ਦੇਸ਼ਾਂ, ਜਿਨ੍ਹਾਂ ਵਿੱਚ ਸਵੀਡਨ, ਕੀਨੀਆ ਅਤੇ ਬ੍ਰਾਜ਼ੀਲ ਵੀ ਸ਼ਾਮਲ ਹਨ, ਨੇ 'ਨਕਦੀ ਰਹਿਤ' ਸਮਾਜ ਵਿੱਚ ਸਫਲਤਾ ਨਾਲ ਪ੍ਰਵੇਸ਼ ਕੀਤਾ ਹੈ। ਉਨ੍ਹਾਂ ਦਾ ਤਜਰਬਾ ਇਹ ਸਿੱਧ ਕਰਦਾ ਹੈ ਕਿ 'ਨਕਦੀ ਰਹਿਤ' ਆਰਥਿਕਤਾ ਨੂੰ ਇਸ ਦੀ ਸਹਾਇਤਾ ਲਈ ਕਾਨੂੰਨਾਂ ਦੀ ਲੋੜ ਹੈ ਤਾਂ ਕਿ ਆਨ-ਲਾਈਨ ਲੈਣ-ਦੇਣ ਦੀ ਸੁਰੱਖਿਆ ਯਕੀਨੀ ਬਣਾ ਸਕੇ, ਢਾਂਚਾ ਸਹੀ ਹੋ ਸਕੇ ਅਤੇ ਗਾਹਕਾਂ ਦੀ ਕੇਂਦਰਤਾ ਬਣੀ ਰਹਿ ਸਕੇ।

## ਭਾਰਤ ਬਨਾਮ ਹੋਰ ਦੇਸ਼


ਭਾਰਤ ਦੀ ਕੁੱਝ ਹੋਰ ਦੇਸ਼ਾਂ ਨਾਲ ਤੁਲਨਾ ਕਰਨ ਉਤੇ ਪਤਾ ਨਕਦਾ ਹੈ ਕਿ ਭਾਰਤ ਵਿੱਚ ਜੋ ਕਰੰਸੀ ਚਲ ਰਹੀ ਹੈ ਉਹ ਦੂਜੇ ਵਿਕਾਸਸ਼ੀਲ ਅਤੇ ਵਿਕਸਤ ਦੇਸ਼ਾਂ ਨਾਲੋਂ 2015 ਵਿੱਚ ਕਾਫੀ ਜ਼ਿਆਦਾ ਸੀ। ਭਾਰਤ ਦਾ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਵਿੱਚ ਹਿੱਸਾ 12.3 ਪ੍ਰਤਿਸ਼ਤ ਸੀ ਜਦ ਕਿ ਬ੍ਰਾਜ਼ੀਲ ਵਿੱਚ ਇਹ 3.8 ਪ੍ਰਤਿਸ਼ਤ, ਦੱਖਣੀ ਕੋਰੀਆ ਵਿੱਚ 5.6 ਪ੍ਰਤਿਸ਼ਤ ਤੇ ਸਵੀਡਨ ਵਿੱਚ 1.7 ਪ੍ਰਤਿਸ਼ਤ ਸੀ (ਦੇਖੋ ਚਿੱਤਰ-1)।

2016 ਵਿੱਚ, ਭਾਰਤ ਵਿੱਚ 68 ਪ੍ਰਤਿਸ਼ਤ ਤੋਂ ਵੱਧ ਲੈਣ-ਦੇਣ ਦਾ ਨਿਪਟਾਰਾ ਨਕਦੀ ਵਿੱਚ ਹੋਇਆ, ਨਿਪਟਾਰੇ ਦਾ ਇਹ ਪ੍ਰਤਿਸ਼ਤ ਇੰਡੋਨੇਸ਼ੀਆ ਅਤੇ ਰੂਸ ਤੋਂ ਬਾਅਦ ਸਭ ਤੋਂ ਵੱਧ ਹੈ। ਹੋਰ ਵਿਕਾਸਸ਼ੀਲ ਦੇਸ਼ਾਂ ਜਿਵੇਂ ਕਿ ਥਾਈਲੈਂਡ, ਬ੍ਰਾਜ਼ੀਲ ਅਤੇ ਚੀਨ ਵਿੱਚ ਭੁਗਤਾਨ ਲਈ ਨਕਦੀ ਦੀ ਵਰਤੋਂ ਭਾਰਤ ਦੇ ਮੁਕਾਬਲੇ ਕਾਫ਼ੀ ਘੱਟ ਹੈ। ਕ੍ਰੈਡਿਟ ਕਾਰਡ ਦੀ ਭਾਰਤ ਵਿੱਚ ਵਰਤੋਂ ਹੋਰ ਕਈ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਕਾਫੀ ਘੱਟ ਹੈ।

ਦੁਨੀਆਂ ਵਿੱਚ ਸਵੀਡਨ ਇਕ ਅਜਿਹਾ ਦੇਸ਼ ਹੈ ਜਿਥੇ ਕਿ ਨਕਦੀ ਦੀ ਵਰਤੋਂ ਬਹੁਤ ਹੀ ਘੱਟ ਹੈ। ਉਥੇ ਵਧੇਰੇ ਭੁਗਤਾਨ ਇਲੈਕਟ੍ਰਾਨਿਕ ਢੰਗ ਰਾਹੀਂ ਹੀ ਕੀਤਾ ਜਾਂਦਾ ਹੈ, ਜਿਸ ਵਿੱਚ ਬੱਸ ਟਿਕਟਾਂ ਅਤੇ ਦਾਨ ਲਈ ਦਿੱਤੀ ਜਾਂਦੀ ਰਕਮ ਵੀ ਸ਼ਾਮਲ ਹੈ। ਪ੍ਰਚੂਨ ਵਪਾਰੀਆਂ ਨੂੰ ਇਹ ਅਧਿਕਾਰ ਹੈ ਕਿ ਉਹ ਸਿੱਕੇ ਜਾਂ ਨੋਟ ਲੈਣ ਤੋਂ ਨਾਂਹ ਕਰ ਦੇਣ। ਇਕ ਔਸਤਨ ਯੂਰਪੀ ਵਿਅਕਤੀ ਦੇ ਮੁਕਾਬਲੇ ਸਵੀਡਨ ਦੇ ਲੋਕ ਤਿੰਨ ਗੁਣਾ ਜ਼ਿਆਦਾ ਡੈਬਿਟ ਕਾਰਡਾਂ ਦੀ ਵਰਤੋਂ ਕਰਦੇ ਹਨ। ਸਵੀਡਨ ਨੇ ਕੁਝ ਕਰੰਸੀ ਨੋਟਾਂ (20,50 ਅਤੇ 1000 ਕਰੋਨਾ) ਦੀ ਵਰਤੋਂ ਨੂੰ ਗ਼ੈਰ-ਕਾਨੂੰਨੀ ਠਹਿਰਾ ਦਿੱਤਾ ਹੈ ਅਤੇ ਇਹ ਵੀ ਐਲਾਨ ਕਰ ਦਿੱਤਾ ਹੈ ਕਿ ਜੁਲਾਈ 2017 ਤੱਕ ਕੁੱਝ ਹੋਰ ਨੋਟ ਵੀ ਗ਼ੈਰ-ਕਾਨੂੰਨੀ ਹੋ ਜਾਣਗੇ।

ਵਿਕਾਸਸ਼ੀਲ ਦੇਸ਼ਾਂ ਵਿੱਚੋਂ ਕੀਨੀਆ ਨੇ ਧੋਖਾਧੜੀ ਖਤਮ ਕਰਨ ਅਤੇ ਇਸ ਨੂੰ ਰੋਕਣ ਲਈ ਕੁਝ ਸਰਕਾਰੀ ਸੇਵਾਵਾਂ ਵਿੱਚ ਭੁਗਤਾਨ ਲਈ ਆਨ-ਲਾਈਨ ਭੁਗਤਾਨ ਪ੍ਰਣਾਲੀ ਅਪਣਾ ਲਈ ਹੈ ਜਿਵੇਂ ਕਿ ਕੌਂਸਲ, ਪਾਰਕਿੰਗ, ਉਸਾਰੀ ਪਰਮਿਟ, ਜ਼ਮੀਨੀ ਦਰਾਂ, ਡਰਾਈਵਿੰਗ ਲਾਇਸੰਸਾਂ ਅਤੇ ਪਾਸਪੋਰਟ ਫੀਸ ਆਦਿ। ਵਿਸ਼ਵ ਬੈਂਕ ਦੀ ਫਾਈਂਡੈਕਸ ਰਿਪੋਰਟ ਅਨੁਸਾਰ ਕੀਨੀਆ ਵਿੱਚ

ਚਿੱਤਰ ਕੁੱਝ ਚੋਣਵੇਂ ਦੇਸ਼ਾਂ ਵਿੱਚ 2011-15 ਦਰਮਿਆਨ ਚੱਲ ਰਹੀ ਨਕਦੀ ਦਾ ਕੁੱਲ ਘਰੇਲੂ ਉਤਪਾਦਨ ਵਿੱਚ ਪ੍ਰਤਿਸ਼ਤ



ਕੁੱਲ ਬਾਲਗ ਆਬਾਦੀ ਦੇ 58 ਪ੍ਰਤਿਸ਼ਤ ਹਿੱਸੇ ਦੇ 2014 ਵਿੱਚ ਸਰਗਰਮ ਮੋਬਾਈਲ ਖਾਤੇ ਸਨ। ਇਹ ਦਰ ਦੁਨੀਆਂ ਵਿੱਚ ਸਭ ਤੋਂ ਵੱਧ ਸੀ। ਸੈਂਟਰਲ ਬੈਂਕ ਆਫ ਕੀਨੀਆ ਨੇ ਦੱਸਿਆ ਹੈ ਕਿ 2015 ਵਿੱਚ ਮੋਬਾਈਲ ਮਨੀ ਗਾਹਕਾਂ ਦੀ ਗਿਣਤੀ 31 ਮਿਲੀਅਨ ਸੀ ਜਦ ਕਿ ਏਜੰਟਾਂ ਦੀ ਗਿਣਤੀ 144,000 ਸੀ। ਕੀਨੀਆ ਇਕ ਉਦਾਹਰਣ ਹੈ ਜਿਥੇ ਕਿ ਕਰੈਡਿਟ ਕਾਰਡ ਅਤੇ ਇੰਟਰਨੈੱਟ ਦੀ ਵਰਤੋਂ ਵਿੱਚ ਵਧੇਰੇ ਵਾਧਾ ਨਾ ਹੋਣ ਦੇ ਬਾਵਜੂਦ ਮੋਬਾਈਲ ਤਕਨਾਲੋਜੀ ਅਤੇ ਸਮਾਰਟ ਫੋਨਾਂ ਦੀ ਮਲਕੀਅਤ ਵਿੱਚ ਹੋਏ ਵਾਧੇ ਨੇ ਆਨ-ਲਾਈਨ ਭੁਗਤਾਨ ਨੂੰ ਸੁਧਾਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ।


## ਮੁਹੱਈਆ ਢਾਂਚਾ

ਭੁਗਤਾਨ ਦੇ ਇਲੈਕਟ੍ਰਾਨਿਕ ਢੰਗਾਂ ਦੀ ਪ੍ਰਵਾਨਗੀ ਦੇ ਬਾਵਜੂਦ ਇਹ ਅਹਿਮ ਹੈ ਕਿ ਇਹ ਢੰਗ ਭਾਰਤੀ ਸਮਾਜ ਵਿੱਚ ਧੁਰ ਅੰਦਰ ਤੱਕ ਪਹੁੰਚਣ। ਉਦਾਹਰਣ ਵਜੋਂ 2015 ਵਿੱਚ ਭਾਰਤੀ ਆਬਾਦੀ ਦੇ ਅੱਧੇ ਹਿੱਸੇ ਕੋਲ ਹੀ ਕਾਰਡ ਸਨ, ਜਦ ਕਿ ਸਵੀਡਨ ਵਿੱਚ ਹਰ ਵਿਅਕਤੀ ਕੋਲ ਔਸਤ 2.5, ਦੱਖਣੀ ਕੋਰੀਆ ਵਿੱਚ 5.5, ਬ੍ਰਾਜ਼ੀਲ ਵਿੱਚ 4.1 ਅਤੇ ਚੀਨ ਵਿੱਚ 4 ਕਾਰਡ ਸਨ।

ਦੱਖਣੀ ਕੋਰੀਆ ਜਿਥੇ ਕਿ ਮੁਕਾਬਲੇ ਵਾਲੇ ਦੇਸ਼ਾਂ ਵਿੱਚੋਂ ਕਾਰਡਾਂ ਦੀ ਦਰ ਸਭ ਤੋਂ ਵੱਧ ਸੀ, ਤੇਜ਼ੀ ਨਾਲ ਨਕਦੀ ਰਹਿਤ ਭੁਗਤਾਨ ਪ੍ਰਣਾਲੀ ਵੱਲ ਵਧ ਰਿਹਾ ਹੈ। ਇਸ ਨੇ ਉਨ੍ਹਾਂ ਖਪਤਕਾਰਾਂ ਲਈ ਇਕ ਵਿਸ਼ੇਸ਼ ਕੀਮਤ ਅਧਾਰਿਤ ਟੈਕਸ ਕਰ ਪ੍ਰਣਾਲੀ ਲਾਗੂ ਕੀਤੀ ਹੈ ਜੋ ਕਿ ਕਾਰਡਾਂ ਰਾਹੀਂ ਭੁਗਤਾਨ ਕਰਦੇ ਹਨ। ਇਸ ਤਰ੍ਹਾਂ ਅਸੀਂ ਭਾਰਤ ਵਿੱਚ ਪਲਾਸਟਿਕ ਦੇ ਨੋਟਾਂ ਨੂੰ ਉਤਸ਼ਾਹਤ ਕਰ ਸਕਦੇ ਹਾਂ। ਭਾਰਤ ਵਿੱਚ ਕਾਰਡ ਰਾਹੀਂ ਭੁਗਤਾਨ ਕਰਨ ਉਤੇ ਬੈਂਕ ਦਰਾਂ ਵਿੱਚ ਛੋਟ ਦਿੱਤੀ ਗਈ ਹੈ। ਇਸ ਤਰ੍ਹਾਂ ਇਹ ਢੰਗ ਨਵੇਂ ਭੁਗਤਾਨ ਕਰਨ ਵਾਲਿਆਂ ਲਈ ਲੁਭਾਉਣਾ ਸਿੱਧ ਹੋ ਰਿਹਾ ਹੈ।

ਭਾਰਤ ਦੀ ਵੱਡੀ ਅਬਾਦੀ ਦੇ ਆਕਾਰ ਨਾਲ ਤੁਲਨਾ ਕਰਨ ਉੱਤੇ ਇਸ ਵਿੱਚ ਵਿਕਰੀ ਟਰਮੀਨਲਾਂ ਦੀ ਗਿਣਤੀ (ਜਾਂ ਪੀ ਓ ਐੱਸ, ਜੋ ਕਿ ਨਕਦੀ ਰਹਿਤ ਭੁਗਤਾਨ ਦੀ ਡੈਬਿਟ ਜਾਂ ਕ੍ਰੈਡਿਟ ਕਾਰਡ ਰਾਹੀ ਭੁਗਤਾਨ ਉੱਤੇ ਅਮਲ

ਚਿੱਤਰ-2 : ਚੋਣਵੇਂ ਦੇਸ਼ਾਂ ਵਿੱਚ (2011-2015) ਪ੍ਰਤਿ ਵਿਅਕਤੀ ਕਾਰਡਾਂ ਦੀ ਗਿਣਤੀ




ਕਰਦੇ ਹਨ) ਸਭ ਤੋਂ ਘੱਟ ਹੈ। ਦੂਜੇ ਵਿਕਾਸਸ਼ੀਲ ਦੇਸ਼ਾਂ, ਜਿਨ੍ਹਾਂ ਵਿੱਚ ਬ੍ਰਾਜ਼ੀਲ ਅਤੇ ਚੀਨ ਵੀ ਸ਼ਾਮਲ ਹਨ, ਦੇ ਮੁਕਾਬਲੇ ਪ੍ਰਤੀ ਮਿਲੀਅਨ ਅਬਾਦੀ ਦੀ ਤੁਲਨਾ ਵਿੱਚ ਇਹ ਗਿਣਤੀ ਬਹੁਤ ਘੱਟ ਹੈ (ਵੇਖੋ ਤਾਲਿਕਾ-1)।

ਦੂਜੇ ਘੱਟ ਨਕਦੀ ਵਾਲੇ ਦੇਸ਼ਾਂ ਵਿੱਚ ਅਪਨਾਏ ਜਾਂਦੇ ਭੁਗਤਾਨ ਦੇ ਕਈ ਹੋਰ ਢੰਗਾਂ ਵਿੱਚ ਇਲੈਕਟ੍ਰਾਨਿਕ ਮਨੀ ਟਰਮੀਨਲਜ਼ ਅਤੇ ਮੋਬਾਈਲ ਮਨੀ ਭੁਗਤਾਨ ਤਰੀਕੇ ਸ਼ਾਮਲ ਹਨ। ਭਾਰਤ ਵਿੱਚ ਇਨ੍ਹਾਂ ਢੰਗਾਂ ਲਈ ਢਾਂਚਾ ਸੀਮਤ ਹੈ। 1.2 ਬਿਲੀਅਨ ਦੀ ਆਬਾਦੀ ਵਾਲੇ ਦੇਸ਼ ਭਾਰਤ ਵਿੱਚ 30 ਜੂਨ 2016 ਨੂੰ ਇਕ ਬਿਲੀਅਨ ਵਾਇਰਲੈੱਸ ਫੋਨ ਗਾਹਕ ਸਨ। ਪਰ ਫਿਰ ਵੀ ਕੁੱਲ ਨਕਦੀ ਰਹਿਤ ਭੁਗਤਾਨਾਂ ਦਾ ਹਿੱਸਾ ਸਿਰਫ਼ 0.05 ਪ੍ਰਤਿਸ਼ਤ ਸੀ ਕਿਉਂਕਿ ਇਹ ਭੁਗਤਾਨ ਸਿਰਫ਼ ਮੋਬਾਈਲ ਫੋਨ ਰਾਹੀਂ ਹੀ ਹੋ ਸਕਦੇ ਹਨ। ਇਨ੍ਹਾਂ ਦੇ ਕਾਰਨਾਂ ਵਿੱਚੋਂ ਇਕ ਇਹ ਹੈ ਕਿ ਭਾਰਤ ਵਿੱਚ ਸਮਾਰਟ ਫੋਨ ਮਾਲਕਾਂ ਦੀ ਗਿਣਤੀ ਅਤੇ ਇੰਟਰਨੈੱਟ ਤੱਕ ਪਹੁੰਚ ਦੂਜੇ ਦੇਸ਼ਾਂ ਦੇ ਮੁਕਾਬਲੇ ਕਾਫੀ ਘੱਟ ਹੈ। 2016 ਵਿੱਚ ਭਾਰਤ ਵਿੱਚ ਸਿਰਫ 17 ਪ੍ਰਤਿਸ਼ਤ ਬਾਲਗਾਂ ਕੋਲ ਸਮਾਰਟ ਫੋਨ ਹਨ ਜਦ ਕਿ ਦੱਖਣੀ ਕੋਰੀਆ ਵਿੱਚ 88 ਪ੍ਰਤਿਸ਼ਤ ਅਤੇ ਕੀਨੀਆ ਵਿੱਚ 26 ਪ੍ਰਤਿਸ਼ਤ ਬਾਲਗਾਂ ਕੋਲ ਸਮਾਰਟ ਫੋਨ ਹਨ।

ਭਾਰਤ ਵਿੱਚ 2015 ਵਿੱਚ ਸਿਰਫ 26 ਪ੍ਰਤਿਸ਼ਤ ਲੋਕ ਇੰਟਰਨੈੱਟ ਵਰਤਦੇ ਸਨ ਜਦ ਕਿ ਬ੍ਰਾਜ਼ੀਲ ਵਿੱਚ 59.08 ਪ੍ਰਤਿਸ਼ਤ ਲੋਕ, ਚੀਨ ਵਿੱਚ 50 ਪ੍ਰਤਿਸ਼ਤ ਅਤੇ ਦੱਖਣੀ ਕੋਰੀਆ ਅਤੇ ਸਵੀਡਨ ਵਿੱਚ ਲਗਭਗ 90 ਪ੍ਰਤਿਸ਼ਤ ਲੋਕ ਇੰਟਰਨੈੱਟ ਵਰਤ ਰਹੇ ਸਨ। ਇਸੇ ਤਰ੍ਹਾਂ ਭਾਰਤ ਵਿੱਚ ਬਰਾਡ ਬੈਂਡ ਗਾਹਕਾਂ ਦੀ ਗਿਣਤੀ 100 ਲੋਕਾਂ ਪਿੱਛੇ 1.34 ਪ੍ਰਤਿਸ਼ਤ ਸੀ ਜਦ ਕਿ ਸਵੀਡਨ ਵਿੱਚ ਇਹ 36.07 ਪ੍ਰਤਿਸ਼ਤ ਅਤੇ ਕੋਰੀਆ ਵਿੱਚ 40.25 ਪ੍ਰਤਿਸ਼ਤ ਸੀ।

ਇਸ ਤਰ੍ਹਾਂ ਭਾਰਤ ਵਿੱਚ ਮੌਜੂਦ ਢਾਂਚੇ ਦੇ ਪੱਧਰ ਨੂੰ, ਖ਼ਾਸ ਤੌਰ ਤੇ ਤਕਨੀਕੀ ਢਾਂਚੇ ਦੇ ਪੱਧਰ ਨੂੰ ਤੇਜ਼ ਗਤੀ ਨਾਲ ਅੱਪਗ੍ਰੇਡ ਕਰਨ ਦੀ ਲੋੜ ਹੈ ਤਾਂ ਕਿ ਭਾਰਤ ਸਰਕਾਰ ਦੀ ਨਕਦੀ ਰਹਿਤ ਪਹਿਲਕਦਮੀ ਨੂੰ ਮਦਦ ਦਿੱਤੀ ਜਾ ਸਕੇ। ਇਸ ਦੇ ਨਾਲ ਹੀ ਸਹੀ ਨੀਤੀਆਂ ਨਾਲ ਆਨ-ਲਾਈਨ ਲੈਣ-ਦੇਣ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਵੀ ਲੋੜ ਹੈ।

## ਵਿਸ਼ਵ ਦੇ ਤਜਰਬਿਆਂ ਤੋਂ ਸਿੱਖਣਾ ਅਤੇ ਅਗਲਾ ਰਾਹ

ਜੇ ਕੀਨੀਆ ਅਤੇ ਨੈਰੋਬੀ ਵਰਗੇ ਦੇਸ਼ 'ਘੱਟ ਨਕਦੀ ਵਾਲੀ ਆਰਥਿਕਤਾ' ਦੇ ਰਾਹ ਉੱਤੇ ਸਫਲਤਾ ਨਾਲ ਅੱਗੇ ਵਧ ਸਕਦੇ ਹਨ ਤਾਂ ਭਾਰਤ ਵੀ ਤਕਨਾਲੋਜੀ ਅਧਾਰਤ ਨਵੇਂ ਭੁਗਤਾਨ ਉਤਪਾਦਾਂ ਦੀ ਵਰਤੋਂ ਵਧਾ ਕੇ ਇਸ ਦਿਸ਼ਾ ਵਿੱਚ ਅੱਗੇ ਜਾ ਸਕਦਾ ਹੈ। ਇਸ ਸੰਬੰਧ ਵਿੱਚ ਮੋਬਾਈਲ ਭੁਗਤਾਨ ਵਾਲੈੱਟਸ ਅਤੇ ਮੋਬਾਈਲ ਐਪਲੀਕੇਸ਼ਨ ਫ਼ੰਡਾਂ ਦੇ ਤਬਾਦਲੇ ਦਾ ਇਕ ਉੱਘਾ ਬਦਲ ਬਣ ਸਕਦੇ ਹਨ। ਇਹ ਖ਼ਾਸ ਤੌਰ ਤੇ ਛੋਟੇ ਵਪਾਰੀਆਂ ਜਾਂ ਗ਼ੈਰ ਨਿਯਮਿਤ ਲੋਕਾਂ ਲਈ ਲਾਹੇਵੰਦ ਹਨ ਜੋ ਕਿ ਕਾਰਡਾਂ ਨੂੰ ਪ੍ਰਵਾਨ ਨਹੀਂ ਕਰਦੇ ਜਾਂ ਜਿਨ੍ਹਾਂ ਨੇ ਭੁਗਤਾਨ ਹਾਸਲ ਕਰਨ ਲਈ ਪੁਆਇੰਟ ਆਫ ਸੇਲਜ਼ ਟਰਮੀਨਲਜ਼ ਲਗਾਏ

**ਤਾਲਿਕਾ-1 : ਚੋਣਵੇਂ ਦੇਸ਼ਾਂ ਵਿੱਚ 2011-15 ਵਿੱਚ ਹਰ ਮਿਲੀਅਨ ਅਬਾਦੀ ਪਿੱਛੇ ਸਥਿਤ ਵਿਕਰੀ ਪੁਆਇੰਟਾਂ (ਪੀ ਓ ਐੱਸ ਦੀ ਗਿਣਤੀ)**

| ਦੇਸ਼ | 2011 | 2012 | 2013 | 2014 | 2015 |
|---|---|---|---|---|---|
| ਬ੍ਰਾਜ਼ੀਲ | 17,811 | 20,561 | 22,146 | 24,837 | 25,241 |
| ਚੀਨ | 3,592 | 5,270 | 7,814 | 11,650 | 16,602 |
| ਭਾਰਤ | 550 | 695 | 865 | 889 | 1,080 |
| ਸਵੀਡਨ | 22,167 | 20,837 | 20,380 | 20,304 | 18,660 |
| ਯੂ.ਕੇ. | 21,499 | 25,732 | 25,800 | 26,346 | 30,078 |

ਹੋਏ ਹਨ। ਉਦਾਹਰਣ ਵਜੋਂ ਸਵੀਡਨ ਵਿੱਚ ਗਲੀਆਂ, ਮੁਹੱਲਿਆਂ ਵਿੱਚ ਸਮਾਨ ਵੇਚਣ ਵਾਲਿਆਂ ਅਤੇ ਛੋਟੇ ਵਪਾਰੀਆਂ ਨੇ ਆਈ ਜੈਂਟਲ ਨਾਂ ਦੀ ਕੰਪਨੀ ਵਲੋਂ ਤਿਆਰ ਕੀਤਾ ਭੁਗਤਾਨ ਹਾਸਲ ਕਰਨ ਦਾ ਸਿਸਟਮ ਲਗਾਇਆ ਹੋਇਆ ਹੈ, ਜਿਸ ਦਾ ਕਿ ਕਾਫੀ ਚੰਗਾ ਪ੍ਰਭਾਵ ਵਿਕਰੀ ਉਤੇ ਪੈ ਰਿਹਾ ਹੈ। ਇਸੇ ਤਰ੍ਹਾਂ ਕੀਨੀਆ, ਜੋ ਕਿ ਅਫਰੀਕਾ ਵਿੱਚ ਸਭ ਤੋਂ ਵੱਡਾ ਮੋਬਾਈਲ ਮਨੀ ਯੂਜ਼ਰ ਹੈ, ਉਥੇ ਬਿਲਾਂ ਅਤੇ ਫੀਸਾਂ ਦਾ ਭੁਗਤਾਨ ਕਰਨ ਅਤੇ ਤਨਖ਼ਾਹਾਂ ਹਾਸਲ ਕਰਨ ਲਈ ਐੱਮ-ਪੇਸਾ ਨਾਂ ਦਾ ਸਿਸਟਮ ਲਗਾਇਆ ਹੋਇਆ ਹੈ। ਭਾਰਤ ਵਿੱਚ ਲੋੜ ਇਸ ਗੱਲ ਦੀ ਹੈ ਕਿ ਭੁਗਤਾਨਾਂ ਨੂੰ ਆਸਾਨ ਬਾਣਾਉਣ ਲਈ ਪੇ-ਟੀ ਐੱਮ, ਸੀ ਸੀ ਐਵੀਨਿਯੂ ਅਤੇ ਪੀ ਯੂ ਆਦਿ ਦੀ ਵਰਤੋਂ ਨੂੰ ਉਤਸ਼ਾਹਤ ਕੀਤਾ ਜਾਵੇ। ਅਜਿਹਾ ਖ਼ਾਸ ਤੌਰ ਤੇ ਨਕਦੀ ਰਹਿਤ ਲੈਣ-ਦੇਣ ਨੂੰ ਉਤਸ਼ਾਹਤ ਕਰਨ ਲਈ ਕੀਤਾ ਜਾਵੇ।

ਕੁਝ ਅਹਿਮ ਖੇਤਰ ਜਿਨ੍ਹਾਂ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ ਉਨ੍ਹਾਂ ਵਿੱਚ ਪ੍ਰਚੂਨ ਅਤੇ ਥੋਕ ਲੈਣ-ਦੇਣ ਸ਼ਾਮਲ ਹੈ। ਇਸ ਤੋਂ ਇਲਾਵਾ ਗੈਰ ਰਸਮੀ ਖੇਤਰ ਵਿੱਚ ਮੁਲਾਜ਼ਮਾਂ ਨੂੰ ਭੁਗਤਾਨ ਕਰਨ ਜਾਂ ਖੇਤੀ ਮਜ਼ਦੂਰਾਂ ਨੂੰ ਭੁਗਤਾਨ ਕਰਨ ਵੇਲੇ ਵੀ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਵਿੱਚੋਂ ਗੈਰ ਰਸਮੀ ਖੇਤਰ ਵਧੇਰੇ ਭੁਗਤਾਨ ਨਕਦੀ ਵਿੱਚ ਕੀਤਾ ਜਾਂਦਾ ਹੈ ਤਾਂ ਕਿ ਕਾਮਿਆਂ ਨੂੰ ਘੱਟੋ-ਘੱਟ ਉਜਰਤ ਤੋਂ ਵੀ ਘੱਟ ਪੈਸੇ ਦਿੱਤੇ ਜਾ ਸਕਣ ਅਤੇ ਕਰਾਂ ਤੋਂ ਬਚਿਆ ਜਾ ਸਕੇ। ਇਸ ਗੈਰ ਰਸਮੀ ਖੇਤਰ ਨੂੰ ਰਸਮੀ ਖੇਤਰ ਵਿੱਚ ਲਿਆਉਣ ਅਤੇ ਨਕਦੀ ਰਹਿਤ ਲੈਣ-ਦੇਣ ਨੂੰ ਉਤਸ਼ਾਹਤ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਅਗਸਤ 2016 ਵਿੱਚ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ (ਐੱਨ ਪੀ ਸੀ ਆਈ) ਨੇ ਇਕ ਯੂਨੀਫਾਈਡ ਪੇਮੈਂਟ ਇੰਟਰਫੇਸ ਸ਼ੁਰੂ ਕੀਤਾ ਜਿਸ ਵਿੱਚ ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਆਪਣੇ ਫੰਡ, ਇਕ ਮੋਬਾਈਲ ਐਪਲੀਕੇਸ਼ਨ ਦੀ ਮਦਦ ਨਾਲ ਦੋ ਬੈਂਕਾਂ ਵਿੱਚ ਤਬਦੀਲ ਕਰਨ ਦਾ ਮੌਕਾ ਮਿਲਦਾ ਹੈ। ਇਹ ਵਰਤੋਂਕਾਰਾਂ ਨੂੰ ਵੱਖ-ਵੱਖ ਵਪਾਰੀਆਂ ਨੂੰ ਕਾਰਡਾਂ ਦੇ ਵੇਰਵੇ ਅਤੇ ਹੋਰ ਕੋਡ ਅਤੇ ਪਾਸਵਰਡ ਵਰਤੇ ਬਿਨਾਂ ਭੁਗਤਾਨ ਦਾ ਮੌਕਾ ਪ੍ਰਦਾਨ ਕਰਦਾ ਹੈ। ਸਰਕਾਰ ਨੇ ਦਸੰਬਰ 2016 ਵਿੱਚ ਇਕ ਆਰਡੀਨੈਂਸ ਜਾਰੀ ਕੀਤਾ ਜਿਸ ਰਾਹੀਂ ਤਨਖ਼ਾਹ ਭੁਗਤਾਨ ਕਾਨੂੰਨ ਦੀ ਧਾਰਾ 6 ਵਿੱਚ ਸੋਧ ਕੀਤੀ ਗਈ ਹੈ। ਇਸ ਸੋਧ ਵਿੱਚ ਇਹ ਪ੍ਰਬੰਧ ਹੈ ਕਿ ਮੁਲਾਜ਼ਮਾਂ ਨੂੰ ਉਨ੍ਹਾਂ ਦੀ ਤਨਖ਼ਾਹ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਤਬਦੀਲ ਕੀਤੀ ਜਾਵੇਗੀ ਜਾਂ ਚੈੱਕ ਰਾਹੀਂ ਦਿੱਤੀ ਜਾਵੇਗੀ। ਇਸ ਤਰ੍ਹਾਂ ਲੈਣ-ਦੇਣ ਨਕਦੀ ਰਹਿਤ ਹੋਵੇਗਾ। ਇਥੇ ਇਹ ਵਰਨਣਯੋਗ ਹੈ ਕਿ ਸਵੀਡਨ ਨੇ 1960 ਵਿੱਚ ਤਨਖ਼ਾਹਾਂ ਦਾ ਡਿਜੀਟਲ ਭੁਗਤਾਨ ਕਰਕੇ ਨਕਦੀ ਰਹਿਤ ਦੇਸ਼ ਬਣਨ ਵੱਲ ਕਦਮ ਵਧਾਇਆ ਸੀ।

ਤੇਲੰਗਾਨਾ ਰਾਜ ਦਾ ਪਿੰਡ ਇਬਰਾਇਮਪੁਰ ਨਕਦੀ ਰਹਿਤ ਭੁਗਤਾਨ ਕਰਨ ਵਾਲਾ ਪਿੰਡ ਬਣ ਗਿਆ ਹੈ। ਇਥੇ ਬੈਂਕ ਖਾਤਿਆਂ ਰਾਹੀਂ ਜਾਂ ਕ੍ਰੈਡਿਟ ਕਾਰਡਾਂ ਰਾਹੀਂ ਭੁਗਤਾਨ ਕੀਤਾ ਜਾਂਦਾ ਹੈ। ਦੂਜੇ ਪਿੰਡ ਵੀ ਇਸ ਸਫਲਤਾ ਦੀ ਕਹਾਣੀ ਉਤੇ ਅਮਲ ਕਰ ਸਕਦੇ ਹਨ। ਕੁੱਝ ਮਾਮਲਿਆਂ ਵਿੱਚ ਬੈਂਕਾਂ ਨੇ ਕੁੱਝ ਇਲਾਕਿਆਂ ਨੂੰ ਡਿਜੀਟਲ ਬਣਾਉਣ ਦੀ ਪਹਿਲਕਦਮੀ ਕੀਤੀ ਹੈ। ਉਦਾਹਰਣ ਵਜੋਂ ਗੁਜਰਾਤ ਦਾ ਪਿੰਡ ਅਕੋਡਾਰਾ, ਜਿਸ ਨੂੰ ਕਿ ਇਕ ਨਿੱਜੀ ਖੇਤਰ ਦੇ ਬੈਂਕ ਨੇ ਡਿਜੀਟਲ ਬਣਾਇਆ ਹੈ। ਬੈਂਕ ਨੇ ਇਸ ਦੇ ਵਾਇਰਲੈੱਸ ਇੰਟਰਨੈੱਟ ਅਤੇ ਭੁਗਤਾਨ ਟਰਮੀਨਲਾਂ ਦਾ ਢਾਂਚਾ ਤਿਆਰ ਕਰਨ ਵਿੱਚ ਪੈਸਾ ਲਗਾਇਆ ਹੈ। ਇਸ ਨਾਲ ਪਿੰਡ ਵਾਸੀਆਂ ਨੂੰ ਆਧੁਨਿਕ ਬੈਂਕਿੰਗ ਸਹੂਲਤਾਂ ਤੱਕ ਪਹੁੰਚ ਕਰਨ ਵਿੱਚ ਮਦਦ ਮਿਲੀ ਹੈ।

ਭਾਰਤ ਵਿੱਚ ਜੋ ਹੋਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਉਨ੍ਹਾਂ ਵਿੱਚ ਇਲੈਕਟ੍ਰਾਨਿਕ ਭੁਗਤਾਨ ਕਰਨ ਦਾ ਢੰਗ ਜਨਤਕ ਆਵਾਜਾਈ ਸੇਵਾਵਾਂ ਜਿਵੇਂ ਕਿ ਮੈਟਰੋ ਗੱਡੀਆਂ ਵਿੱਚ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸਾਲ 2017 ਵਿੱਚ ਦਿੱਲੀ ਮੈਟਰੋ ਦੇ ਕੁੱਝ ਸਟੇਸ਼ਨ ਨਕਦੀ ਰਹਿਤ ਹੋ ਜਾਣਗੇ।

## ਨਕਦੀ ਰਹਿਤ ਆਰਥਿਕਤਾ ਵੱਲ ਵਧਦੇ ਹੋਏ ਸਰਕਾਰ ਨੂੰ ਯਕੀਨੀ ਬਣਾਉਣਾ

● ***ਭੁਗਤਾਨ ਢੰਗਾਂ ਦੀ ਨਿਰਪੱਖਤਾ :*** ਕਾਰਡਾਂ ਰਾਹੀਂ ਜਾਂ ਹੋਰ ਡਿਜੀਟਲ ਢੰਗਾਂ ਰਾਹੀਂ ਭੁਗਤਾਨ, ਭੁਗਤਾਨ ਕਰਨ ਵਾਲੇ ਨੂੰ ਨਕਦ ਭੁਗਤਾਨ ਤੋਂ ਮਹਿੰਗਾ ਨਹੀਂ ਪੈਣਾ ਚਾਹੀਦਾ। ਆਮ ਤੌਰ ਤੇ ਬੈਂਕਾਂ ਵਲੋਂ ਬੈਂਕ ਖਰਚੇ ਜਾਂ ਫੀਸ ਇਲੈਕਟ੍ਰਾਨਿਕ ਤਬਦੀਲੀ ਵਿੱਚ ਆਨ-ਲਾਈਨ ਭੁਗਤਾਨ ਸਮੇਂ ਕੱਟੀ ਜਾਂਦੀ ਹੈ। ਇਸ ਨਾਲ ਆਨ-ਲਾਈਨ ਭੁਗਤਾਨ ਢੰਗਾਂ ਦੀ ਵਰਤੋਂ ਨਿਰਉਤਸ਼ਾਹਤ ਹੁੰਦੀ ਹੈ ਅਤੇ ਨਕਦੀ ਭੁਗਤਾਨ ਕਰ ਦਿੱਤਾ ਜਾਂਦਾ ਹੈ ਜਿਸ ਉਤੇ ਕਿ ਵਾਧੂ ਖਰਚਾ ਨਹੀਂ ਪੈਂਦਾ।

● ***ਸੂਚਨਾ ਦੀ ਸੁਰੱਖਿਆ :*** ਭੁਗਤਾਨ ਕਰਨ ਲਈ ਇਲੈਕਟ੍ਰਾਨਕਿ ਢੰਗਾਂ ਦੀ ਵਰਤੋਂ ਇਹ ਯਕੀਨੀ ਬਣਾਉਂਦੀ ਹੈ ਕਿ ਸਾਰੇ ਲੈਣ-ਦੇਣ ਅਤੇ ਗਾਹਕ ਦੀ ਸੂਚਨਾ ਰਿਕਾਰਡ ਕੀਤੀ ਜਾਵੇ। ਇਸ ਨਾਲ ਨਿੱਜਤਾ ਨੂੰ ਖ਼ਤਰਾ ਪੈਦਾ ਹੁੰਦਾ ਹੈ। ਉਦਾਹਰਣ ਵਜੋਂ ਸਵੀਡਨ ਵਿੱਚ ਭੁਗਤਾਨ ਕਰਨ ਦੇ ਢੰਗ ਵਿੱਚ ਡਿਜੀਟਲ ਪ੍ਰਣਾਲੀ ਲਾਗੂ ਹੋਣ ਨਾਲ ਜਿਥੇ ਬੈਂਕ ਡਕੈਤੀਆਂ ਵਿੱਚ ਕਾਫੀ ਕਮੀ ਆਈ ਹੈ ਉਥੇ ਦੂਜੇ ਪਾਸੇ ਆਨ-ਲਾਈਨ ਭੁਗਤਾਨਾਂ ਦੀ ਧੋਖਾਧੜੀ ਵਧੀ ਹੈ। ਇਸ ਲਈ ਅੰਕੜਿਆਂ ਦੀ ਸੁਰੱਖਿਆ ਅਤੇ ਸੂਚਨਾ ਦੀ ਨਿੱਜਤਾ ਬਹੁਤ ਅਹਿਮ ਹੈ। ਆਰ ਬੀ ਆਈ ਵਲੋਂ ਪਹਿਲਾਂ ਹੀ ਪ੍ਰੀ-ਪੇਡ ਭੁਗਤਾਨ ਯੰਤਰਾਂ, ਜਿਵੇਂ ਕਿ ਸਮਾਰਟ ਕਾਰਡਾਂ ਰਾਹੀਂ ਭੁਗਤਾਨਾਂ ਦੀਆਂ ਨੀਤੀਆਂ ਦਾ ਜਾਇਜ਼ਾ ਲੈਣਾ ਸ਼ੁਰੂ ਕਰ ਦਿੱਤਾ ਗਿਆ ਹੈ। ਜੋਖ਼ਮ ਖਤਮ ਕਰਨ ਅਤੇ ਸਮੱਸਿਆਵਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਇਕ ਮਜਬੂਤ ਪ੍ਰਣਾਲੀ ਦੀ ਲੋੜ ਹੈ।

● ***ਇਕ ਮਜਬੂਤ ਭੌਤਿਕ ਅਤੇ ਤਕਨੀਕੀ ਢਾਂਚਾ ਕਾਇਮ ਕਰਨ ਦੀ ਲੋੜ :*** ਭੁਗਤਾਨ ਦਾ ਢੰਗ ਵੱਖ-ਵੱਖ ਭੁਗਤਾਨ ਟਰਮੀਨਲਾਂ ਤੱਕ ਪਹੁੰਚ, ਉਨ੍ਹਾਂ ਦੀ ਪ੍ਰਵਾਨਗੀ ਅਤੇ ਮੁਹੱਈਆ ਹੋਣ ਦੇ ਹਿਸਾਬ ਨਾਲ ਮਿਥਿਆ ਜਾਂਦਾ ਹੈ ਜਿਵੇਂ ਕਿ ਵਰਨਣ ਕੀਤਾ ਗਿਆ ਹੈ ਕਿ ਭਾਰਤ ਵਿੱਚ ਨਕਦੀ ਰਹਿਤ ਭੁਗਤਾਨਾਂ ਦਾ ਮੌਜੂਦਾ ਢਾਂਚਾ ਨਾਕਾਫੀ ਹੈ। ਲੋੜ ਹੈ ਕਿ ਸਰਕਾਰ ਢਾਂਚੇ ਨੂੰ ਇਸ ਹਿਸਾਬ ਨਾਲ ਸਥਾਪਿਤ ਕਰੇ ਕਿ ਦੇਸ਼ ਵਿੱਚ ਨਕਦੀ ਰਹਿਤ ਲੈਣ-ਦੇਣ ਆਸਾਨੀ ਨਾਲ ਹੋ ਸਕੇ। ਇਸ ਢਾਂਚੇ ਵਿੱਚ ਹੋਰਨਾਂ ਚੀਜ਼ਾਂ ਤੋਂ ਇਲਾਵਾ ਸਮਾਰਟ ਫੋਨ, ਇੰਟਰਨੈੱਟ ਅਤੇ ਬਰਾਡਬੈਂਡ ਸੰਪਰਕ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਨਕਦੀ ਰਹਿਤ ਭੁਗਤਾਨ ਢੰਗਾਂ ਵਿੱਚੋਂ ਜ਼ਿਆਦਾਤਰ ਤਕਨਾਲੋਜੀ ਉੱਤੇ ਨਿਰਭਰ ਹਨ ਕਿਉਂਕਿ ਉਨ੍ਹਾਂ ਨੂੰ ਹਰ ਕੰਮ ਲਈ ਇੰਟਰਨੈੱਟ ਸੰਪਰਕ ਜ਼ਰੂਰ ਚਾਹੀਦਾ ਹੁੰਦਾ ਹੈ।

***ਬਾਕੀ ਸਫ਼ਾ 29 ਉੱਤੇ***

# ਨਕਦੀ-ਰਹਿਤ ਪੇਂਡੂ ਅਰਥਵਿਵਸਥਾ ਹਾਸਲ ਕਰਨਾ

ਸਮੀਰਾ ਸੌਰਭ

ਵਿਸ਼ਵ ਭਰ ਦੇ ਨੀਤੀ ਘਾੜਿਆਂ ਵਿੱਚ ਨਕਦੀ-ਰਹਿਤ ਆਰਥਿਕਤਾ ਵੱਲ ਵਧਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਵਿੱਚ ਭਾਰੀ ਦਿਲਚਸਪੀ ਹੈ। ਪਰ ਅਜੇ ਵੀ ਲੈਣ-ਦੇਣ ਦਾ ਕੰਮ ਜ਼ਿਆਦਾਤਰ ਨਕਦੀ ਰਾਹੀਂ ਹੀ ਹੋ ਰਿਹਾ ਹੈ। ਵਿੱਤੀ ਲੈਣ-ਦੇਣ ਦਾ ਲੇਖਾ-ਜੋਖਾ ਰੱਖਣ ਦੇ ਕਈ ਲਾਭ ਹਨ। ਪਹਿਲਾ ਇਹ ਸਰਕਾਰ ਦੀ ਕਰ ਆਮਦਨ ਇਕੱਠਾ ਕਰਨ ਵਿੱਚ ਸਹਾਇਤਾ ਕਰਦੀ ਹੈ, ਦੂਸਰਾ ਇਹ ਗ਼ੈਰ-ਕਾਨੂੰਨੀ ਲੈਣ-ਦੇਣ ਦਾ ਪ੍ਰਭਾਵੀ ਢੰਗ ਨਾਲ ਪਤਾ ਲਗਾ ਸਕਦੀ ਹੈ ਅਤੇ ਇਸ ਵਿੱਚ ਕਮੀ ਲਿਆ ਸਕਦੀ ਹੈ, ਤੀਸਰਾ ਇਹ ਭਾਰਤ ਦੇ ਵਿਸ਼ਾਲ ਗ਼ੈਰ-ਸੰਗਠਤ ਖੇਤਰ ਬਾਰੇ ਵਧੀਆ ਅੰਦਾਜ਼ਾ ਅਤੇ ਸੂਝਬੂਝ ਲਗਾਉਣ ਵਿੱਚ ਸਹਾਈ ਹੋ ਸਕਦੀ ਹੈ ਅਤੇ ਆਖਰੀ ਇਹ ਵੱਖ-ਵੱਖ ਸਰਕਾਰੀ ਪ੍ਰੋਗਰਾਮਾਂ ਵਿੱਚ ਲੀਕੇਜਿਜ਼ ਨੂੰ ਖਤਮ ਕਰਨ ਵਿੱਚ ਸਹਾਈ ਹੋ ਸਕਦੀ ਹੈ।

ਨਕਦੀ-ਰਹਿਤ ਲੈਣ-ਦੇਣ ਨਾਲ ਲਗਭਗ ਸਾਰਾ ਲੈਣ-ਦੇਣ ਇਕ ਡਿਜੀਟਲ ਪਦ ਚਿੰਨ੍ਹ ਛੱਡੇਗਾ। ਇਕ ਅਜਿਹਾ ਸਿਸਟਮ ਜੋ ਖਰੀਦਦਾਰ ਨੂੰ ਨਕਦੀ-ਰਹਿਤ ਢੰਗ (ਬੈਂਕ ਤੋਂ ਬੈਂਕ ਲੈਣ-ਦੇਣ ਦੀ ਵਧੇਰੇ ਵਰਤੋਂ, ਜਿਸ ਵਿੱਚ ਕਿ ਕਰੰਸੀ ਦੀ ਵਰਤੋਂ ਨਹੀਂ ਹੁੰਦੀ) ਨਾਲ ਭੁਗਤਾਨ ਕਰਨ ਲਈ ਉਤਸ਼ਾਹਿਤ ਕਰਦਾ ਹੈ ਅਤੇ ਇਸ ਦਾ ਕੁਝ ਇਨਾਮ ਵੀ ਦਿੰਦਾ ਹੈ। ਇਸ ਨਾਲ ਉੱਚ ਵਿੱਤੀ ਪਾਰਦਰਸ਼ਤਾ ਬਣਦੀ ਹੈ। ਇਹ ਸ਼ਾਇਦ ਭਾਰਤ ਵਿੱਚ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਨਾਲ ਲੜਨ ਦਾ ਸਿੱਧਾ ਢੰਗ ਹੈ। ਡਿਜੀਟਲ ਪਦ ਚਿੰਨ੍ਹਾਂ ਦੇ ਹੋਰ ਕਈ ਮੁੱਖ ਫਾਇਦੇ ਹਨ। ਇਹ ਜਨਤਕ ਵੰਡ ਪ੍ਰਣਾਲੀ ਨੂੰ ਵਧੇਰੇ ਅਸਰਦਾਰ ਬਣਾਉਂਦੀ ਹੈ। 2009 ਵਿੱਚ ਯੋਜਨਾ ਕਮਿਸ਼ਨ ਨੇ ਅਨੁਮਾਨ ਲਗਾਇਆ ਸੀ ਕਿ ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ) ਖਰਚੇ ਦਾ ਸਿਰਫ 27 ਪ੍ਰਤਿਸ਼ਤ ਹਿੱਸਾ ਹੀ ਘੱਟ ਆਮਦਨ ਵਾਲੇ ਅਸਲ ਵਰਗ ਤੱਕ ਪਹੁੰਚਦਾ ਹੈ। ਲੈਣ-ਦੇਣ ਨੂੰ ਡਿਜੀਟਲ ਕਰਨਾ ਹੀ ਨਕਦੀ-ਰਹਿਤ ਆਰਥਿਕਤਾ ਵੱਲ ਵਧਣ ਦਾ ਸਭ ਤੋਂ ਵੱਧੀਆ ਢੰਗ ਹੈ। ਅਜਿਹੀ ਨਕਦ-ਰਹਿਤ ਆਰਥਿਕਤਾ ਇਲੈਕਟ੍ਰਾਨਿਕ ਪੈਸਾ ਯੰਤਰਾਂ, ਵਿੱਤੀ ਢਾਂਚੇ ਨੂੰ ਵਿਕਸਤ ਕਰਕੇ ਅਤੇ ਲੋਕਾਂ ਵਿੱਚ ਡਿਜੀਟਲ ਲੈਣ-ਦੇਣ ਦੀ ਆਦਤ ਪਾ ਕੇ ਹੀ ਹਾਸਲ ਕੀਤੀ ਜਾ ਸਕਦੀ ਹੈ। ਸਰਕਾਰ ਦੀ ਨੋਟਬੰਦੀ ਦੀ ਮੁਹਿੰਮ ਵੀ ਨਕਦੀ-ਰਹਿਤ ਆਰਥਿਕਤਾ ਨੂੰ ਲਾਭ ਪਹੁੰਚਾ ਸਕਦੀ ਹੈ। ਅਜੇ ਵੀ ਨਕਦੀ-ਰਹਿਤ ਆਰਥਿਕਤਾ ਦੇ ਰਾਹ ਵਿੱਚ ਕੁਝ ਰੁਕਾਵਟਾਂ ਹਨ ਪਰ ਨਾਲ ਹੀ ਕੁਝ ਚੰਗੀਆਂ ਸੰਭਾਵਨਾਵਾਂ ਵੀ ਹਨ।

ਸਮਕਾਲੀ ਸਥਿਤੀ ਵਿੱਚ ਸਾਡਾ ਦੇਸ਼ ਦੁਨੀਆਂ ਦੀਆਂ ਸਭ ਤੋਂ ਖ਼ੁਸ਼ਹਾਲ ਅਤੇ ਉੱਭਰ ਰਹੀਆਂ ਆਰਥਿਕਤਾਵਾਂ ਵਿੱਚੋਂ ਇਕ ਹੋਵੇਗਾ। ਭਾਰਤ ਮੁੱਖ ਤੌਰ ਤੇ ਖੇਤੀ ਅਧਾਰਿਤ ਪੇਂਡੂ ਆਰਥਿਕਤਾ ਹੈ ਜਿਸ ਵਿੱਚ ਪ੍ਰਮੁੱਖ ਹਿੱਸਾ ਗ਼ੈਰ-ਸੰਗਠਿਤ ਖੇਤਰ ਦਾ ਹੈ। ਭਾਰਤ ਦੀ 68.84 ਪ੍ਰਤਿਸ਼ਤ ਅਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਗ਼ੈਰ-ਰਸਮੀ ਖੇਤਰ ਕੁੱਲ ਘਰੇਲੂ ਉਤਪਾਦ ਦਾ 20 ਪ੍ਰਤਿਸ਼ਤ ਅਤੇ ਰੋਜ਼ਗਾਰ ਦਾ 80 ਪ੍ਰਤਿਸ਼ਤ ਹਿੱਸਾ ਹੈ। ਪੇਂਡੂ ਖੇਤਰਾਂ ਵਿੱਚ ਦੇਸ਼ ਦੀ ਦੋ-ਤਿਹਾਈ ਅਬਾਦੀ ਭਾਵ 870 ਮਿਲੀਅਨ ਜਨਤਾ ਨਿਵਾਸ ਕਰਦੀ ਹੈ। ਇਥੇ ਨਕਦੀ-ਰਹਿਤ ਆਰਥਿਕਤਾ ਹਾਸਲ ਕਰਨਾ ਆਉਣ ਵਾਲੇ ਦਹਾਕੇ ਵਿੱਚ ਸਭ ਤੋਂ ਵੱਡੀ ਚੁਨੌਤੀ ਹੋਵੇਗੀ। ਇਹ ਅੰਦਾਜ਼ਾ ਹੈ ਕਿ 2020 ਤੱਕ ਇੰਟਰਨੈੱਟ ਵਰਤਣ ਵਾਲਿਆਂ ਵਿੱਚ ਦਿਹਾਤੀ ਲੋਕਾਂ ਦੀ ਗਿਣਤੀ ਲਗਭਗ ਅੱਧੀ ਹੋਵੇਗੀ। 2015 ਵਿੱਚ ਜਿਥੇ 120 ਮਿਲੀਅਨ ਦਿਹਾਤੀ ਖਪਤਕਾਰ ਇੰਟਰਨੈੱਟ ਦੀ ਵਰਤੋਂ ਕਰਦੇ ਸਨ ਉਥੇ ਇਹ ਗਿਣਤੀ ਵਧ ਕੇ 2020 ਵਿੱਚ 315 ਮਿਲੀਅਨ ਹੋ ਜਾਵੇਗੀ। ਇਸ ਵੇਲੇ 18 ਤੋਂ 50 ਸਾਲ ਉਮਰ ਵਰਗ ਦੇ 160 ਮਿਲੀਅਨ ਲੋਕ ਹਨ ਜਿਨ੍ਹਾਂ ਵਿੱਚੋਂ ਸਿਰਫ 30 ਪ੍ਰਤਿਸ਼ਤ ਦੀ ਹੀ ਇੰਟਰਨੈੱਟ ਤੱਕ ਪਹੁੰਚ ਹੈ। ਇਹ ਵੇਖਣਾ ਦਿਲਚਸਪ ਹੈ ਕਿ ਦਿਹਾਤੀ ਖੇਤਰਾਂ 'ਚ ਇੰਟਰਨੈੱਟ ਦਾ ਪਸਾਰ ਸ਼ਹਿਰੀ ਖੇਤਰਾਂ ਨਾਲੋਂ ਕਾਫੀ ਜ਼ਿਆਦਾ ਹੋਵੇਗਾ।

ਦਿਹਾਤੀ ਭਾਰਤ ਵਿੱਚ ਲਗਭਗ 93 ਪ੍ਰਤਿਸ਼ਤ ਤੋਂ ਵੱਧ ਲੋਕਾਂ ਨੇ ਕੋਈ ਡਿਜੀਟਲ ਲੈਣ-ਦੇਣ ਨਹੀਂ ਕੀਤਾ, ਇਸ ਲਈ ਅਸਲ ਸਮਰੱਥਾ ਇਥੇ ਹੀ ਮੌਜੂਦ ਹੈ। ਸਰਕਾਰ ਨੇ ਕਈ ਕਦਮ ਚੁੱਕੇ ਹਨ ਜਿਨ੍ਹਾਂ ਵਿੱਚ ਗਰੀਬ ਲੋਕਾਂ ਦੇ ਜ਼ੀਰੋ ਬੈਲੈਂਸ ਖਾਤੇ ਖੋਲ੍ਹਣ ਦਾ ਐਲਾਨ ਸ਼ਾਮਲ ਹੈ ਪਰ ਬੈਂਕ ਬਰਾਂਚਾਂ ਵਿੱਚ ਵਾਧਾ ਕਾਫੀ ਹੌਲੀ ਹੋ ਰਿਹਾ ਹੈ ਕਿਉਂਕਿ ਵਧੇਰੇ ਕਰਜ਼ਾ ਲੈਣ ਵਾਲਿਆਂ ਲਈ ਮੁਨਾਫ਼ਾ ਕਾਫੀ ਥੋੜ੍ਹਾ ਹੁੰਦਾ ਹੈ। 2001 ਵਿੱਚ ਦਿਹਾਤੀ ਖੇਤਰਾਂ ਵਿੱਚ ਇਕ ਲੱਖ ਲੋਕਾਂ ਪਿੱਛੇ ਸਿਰਫ 5.3 ਬੈਂਕ ਬਰਾਂਚਾਂ ਸਨ। ਰਿਜ਼ਰਵ ਬੈਂਕ ਦੇ ਅੰਕੜਿਆਂ ਅਨੁਸਾਰ ਅੱਜ ਇਹ ਗਿਣਤੀ 7.8 ਤੱਕ ਪਹੁੰਚ ਗਈ ਹੈ।

## ਅਸਿੱਧੇ ਲਾਭ

ਭਾਰਤ ਵਿੱਚ ਨਕਦੀ-ਰਹਿਤ ਲੈਣ-ਦੇਣ ਨੂੰ ਉਤਸ਼ਾਹਤ ਕਰਨ ਦੇ ਤਿੰਨ ਵਿਸ਼ੇਸ਼ ਅਸਿੱਧੇ ਲਾਭ ਹਨ :-

(ੳ) ਇਹ ਵਿੱਤੀ ਸਮਾਵੇਸ਼ ਨੂੰ ਉਤਸ਼ਾਹਤ ਕਰੇਗਾ।

(ਅ) ਇਹ ਵਿੱਤੀ ਲੈਣ-ਦੇਣ ਦਾ ਰਿਕਾਰਡ ਰੱਖੇਗਾ, ਅਤੇ

(ੲ) ਇਹ ਦੋ ਧਿਰਾਂ ਵਿੱਚ ਹੋਣ ਵਾਲੇ ਮਾਲੀ ਲੈਣ-ਦੇਣ 'ਚ ਲਾਗਤ ਨੂੰ ਘੱਟ ਕਰੇਗਾ।

ਜਦ ਕਿ ਆਖਰੀ ਟਿੱਪਣੀ ਆਮ ਤੌਰ ਤੇ ਕਿਸੇ ਵੀ ਆਰਥਿਕਤਾ ਲਈ ਢੁਕਵੀਂ ਹੈ, ਪਹਿਲੀਆਂ ਦੋ ਟਿੱਪਣੀਆਂ ਵਿਸ਼ੇਸ਼ ਤੌਰ ਤੇ ਭਾਰਤ ਨਾਲ ਸੰਬੰਧਿਤ ਹਨ। ਗੰਗੋਪਾਧਿਆਏ (2009) ਨੇ ਦਿਖਾਇਆ ਸੀ ਕਿ ਭਾਰਤ ਦੀ ਅੱਧੀ ਤੋਂ ਵੱਧ ਅਬਾਦੀ ਇਸ ਵਿੱਚ ਸ਼ਾਮਲ ਨਹੀਂ ਹੈ। ਭਾਰਤ ਵਿੱਚ ਹਰ 1,00,000 ਤੱਕ ਅਬਾਦੀ ਦੇ ਪਿੱਛੇ 7.8 ਬੈਂਕ ਸ਼ਾਖਾਵਾਂ ਹਨ। ਇਹ ਪ੍ਰਤਿ 100 ਵਰਗ ਕਿਲੋਮੀਟਰ ਇਲਾਕੇ ਲਈ 3 ਸ਼ਾਖਾਵਾਂ ਤੋਂ ਵੀ ਘੱਟ ਬਣਦੀਆਂ ਹਨ। ਦਿਹਾਤੀ ਭਾਰਤ ਲਈ ਇਹ ਗਿਣਤੀ 100 ਵਰਗ ਕਿਲੋਮੀਟਰ ਖੇਤਰ ਲਈ 1 ਬਰਾਂਚ ਤੋਂ ਵੀ ਘੱਟ ਬਣਦੀ ਹੈ। ਵਿਸ਼ੇਸ਼ ਤੌਰ ਤੇ ਪਿੰਡਾਂ ਦੇ 45 ਪ੍ਰਤਿਸ਼ਤ, ਸ਼ਹਿਰਾਂ ਦੇ 28 ਪ੍ਰਤਿਸ਼ਤ ਅਤੇ ਸਾਰੇ ਦੇਸ਼ ਦੇ 38 ਪ੍ਰਤਿਸ਼ਤ ਲੋਕ ਮੰਨਦੇ ਹਨ ਕਿ ਪਹੁੰਚ ਅਤੇ ਮੁਹੱਈਆ ਹੋਣਾ ਹੀ ਉਨ੍ਹਾਂ ਦੀ ਪਸੰਦ ਦੇ ਵਿਸ਼ੇਸ਼ ਬੈਂਕ ਦਾ ਫੈਸਲਾ ਕਰਦਾ ਹੈ। ਜਦ ਕਿ ਇਹ ਜ਼ਰੂਰੀ ਹੈ ਕਿ ਵਿੱਤੀ ਸਮਾਵੇਸ਼ ਲਈ ਹਰ ਘਰ ਦੀ ਬੈਂਕ ਤੱਕ ਪਹੁੰਚ ਹੋਵੇ, ਸਿਰਫ ਬੈਂਕ ਤੱਕ ਪਹੁੰਚ ਹੀ ਕਾਫੀ ਨਹੀਂ ਸਗੋਂ ਇਹ ਵੀ ਅਹਿਮ ਹੈ ਕਿ 90 ਪ੍ਰਤਿਸ਼ਤ ਮਨੁੱਖੀ ਸ਼ਕਤੀ ਗ਼ੈਰ-ਸੰਗਠਤ ਖੇਤਰ ਵਿੱਚ ਹੈ ਅਤੇ ਬੈਂਕਾਂ ਤੱਕ ਨਿੱਜੀ ਤੌਰ ਤੇ ਪਹੁੰਚ ਕਰਨ ਦਾ ਮਤਲਬ ਉਨ੍ਹਾਂ ਲਈ ਵਧੇਰੇ ਖਰਚੇ ਵਾਲਾ ਸਿੱਧ ਹੋਵੇਗਾ (ਰੋਜ਼ਾਨਾ ਕਮਾਈ ਦੇ ਹਿਸਾਬ ਨਾਲ)।

ਗ਼ੈਰ ਸੰਗਠਤ ਖੇਤਰ ਭਾਰਤ ਵਿੱਚ ਸਭ ਤੋਂ ਵੱਡਾ ਨੌਕਰੀਦਾਤਾ ਹੈ ਅਤੇ ਇਹ ਮੁੱਖ ਤੌਰ ਤੇ ਨਕਦੀ ਨਾਲ ਚੱਲਦਾ ਹੈ। ਇਸ ਲਈ ਇਕ ਅਜਿਹਾ ਢਾਂਚਾ, ਜੋ ਕਿ ਨਕਦੀ-ਰਹਿਤ ਲੈਣ-ਦੇਣ ਨੂੰ ਉਤਸ਼ਾਹਿਤ ਕਰਦਾ ਹੋਵੇ, ਉਹ ਮੌਜੂਦਾ ਨੀਤੀਆਂ, ਜੋ ਕਿ ਵਿੱਤੀ ਸਮਾਵੇਸ਼ ਵੱਲ ਲਿਜਾਉਂਦੀਆਂ ਹੋਣ, ਲਈ ਇਕ ਕੁਦਰਤੀ ਪਸਾਰ ਹੋਵੇਗਾ। ਸਰਕਾਰ ਨੇ ਕਈ ਸਹੂਲਤਾਂ ਦਾ ਐਲਾਨ ਕੀਤਾ ਹੈ ਜਿਵੇਂ ਕਿ ਡੈਬਿਟ ਅਤੇ ਕ੍ਰੈਡਿਟ ਕਾਰਡਾਂ ਉਤੇ ਸਰਵਿਸ ਚਾਰਜ ਅਤੇ ਕਈ ਹੋਰ ਚਾਰਜ ਘਟਾਉਣੇ। ਸਰਕਾਰ ਦੀ ਪਿਛਲੇ ਇਕ ਸਾਲ ਜਾਂ ਇਸ ਤੋਂ ਵੀ ਵੱਧ ਸਮੇਂ ਤੋਂ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਦਾ ਉਦੇਸ਼ ਈ-ਭੁਗਤਾਨ ਨੂੰ ਉਤਸ਼ਾਹਿਤ ਕਰਨਾ, ਪਲਾਸਟਿਕ ਮੁਦਰਾ ਨੂੰ ਹੱਲਾਸ਼ੇਰੀ ਦੇਣਾ ਅਤੇ ਨਕਦੀ-ਰਹਿਤ ਭੁਗਤਾਨ ਨੂੰ ਉਤਸ਼ਾਹਿਤ ਕਰਨਾ ਹੀ ਹੈ। ਇਸ ਲਈ ਇਹ ਨਕਦੀ-ਰਹਿਤ ਆਰਥਿਕਤਾ ਦਾ ਭਵਿੱਖ ਹੀ ਹੈ। ਪਰ ਇਹ ਸਵਾਲ ਕਾਇਮ ਰਹਿੰਦਾ ਹੈ ਕਿ ਕੀ ਭਾਰਤ ਆਪਣੀ ਨਕਦੀ ਵਾਲੀ ਆਰਥਿਕਤਾ, ਖ਼ਾਸ ਤੌਰ ਤੇ ਦਿਹਾਤੀ ਆਰਥਿਕਤਾ ਵਿੱਚ ਏਨੀ ਵੱਡੀ ਤਬਦੀਲੀ ਲਿਆਉਣ ਲਈ ਤਿਆਰ ਹੈ। ਰਿਜ਼ਰਵ ਬੈਂਕ ਆਫ ਇੰਡੀਆ ਦੇ ਜੁਲਾਈ 2016 ਦੇ ਅੰਕੜੇ ਦਰਸਾਉਂਦੇ ਹਨ ਕਿ ਬੈਂਕਾਂ ਵਲੋਂ 97.2 ਮਿਲੀਅਨ ਡੈਬਿਟ ਕਾਰਡ ਅਤੇ 25.9 ਮਿਲੀਅਨ ਕ੍ਰੈਡਿਟ ਕਾਰਡ ਵਾਪਸ ਲਏ ਗਏ ਜਾਂ ਰੱਦ ਕੀਤੇ ਗਏ ਕਾਰਡਾਂ ਨੂੰ ਘਟਾ ਕੇ, ਆਪਣੇ ਗਾਹਕਾਂ ਨੂੰ ਜਾਰੀ ਕੀਤੇ। ਇਹ ਵੇਖਣਾ ਅਹਿਮ ਹੈ ਕਿ ਕਾਰਡਾਂ ਦੀ ਗਿਣਤੀ ਉਨ੍ਹਾਂ ਕਾਰਡਾਂ ਨੂੰ ਰੱਖਣ ਵਾਲੇ ਵਿਅਕਤੀਆਂ ਦੇ ਬਰਾਬਰ ਨਹੀਂ ਸੀ। ਆਮ ਤੌਰ ਤੇ ਸ਼ਹਿਰੀ ਵਸਨੀਕਾਂ ਕੋਲ ਇਕ ਤੋਂ ਵਧੇਰੇ ਕਾਰਡ ਹੁੰਦੇ ਹਨ ਅਤੇ ਅੱਜ ਪਿੰਡਾਂ ਵਿੱਚ ਵੀ ਇਹੋ ਰੁਝਾਨ ਵੇਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਕਾਰਡ ਤਿੰਨ ਮੁੱਖ ਉਦੇਸ਼ਾਂ ਲਈ ਵਰਤੇ ਜਾਂਦੇ ਹਨ - ਏ ਟੀ ਐੱਮ ਵਿੱਚੋਂ ਪੈਸਾ ਕਢਵਾਉਣ ਲਈ, ਆਨ ਲਾਈਨ ਭੁਗਤਾਨ ਕਰਨ ਲਈ ਅਤੇ ਦੁਕਾਨਾਂ, ਰੈਸਟੋਰੈਂਟਾਂ, ਪੈਟਰੋਲ ਪੰਪਾਂ ਆਦਿ ਦੇ ਵਿੱਕਰੀ ਕੇਂਦਰਾਂ (ਪੀ ਓ ਐੱਸ) ਉਤੇ ਅਦਾਇਗੀ ਕਰਨ ਲਈ। ਸਿਰਫ 26 ਪ੍ਰਤਿਸ਼ਤ ਭਾਰਤੀਆਂ ਦੀ ਇੰਟਰਨੈੱਟ ਤੱਕ ਪਹੁੰਚ ਹੈ ਅਤੇ ਡਿਜੀਟਲ ਭੁਗਤਾਨ ਸੇਵਾ ਦੀ ਵਰਤੋਂ ਸਿਰਫ 200 ਮਿਲੀਅਨ ਤੋਂ ਵੱਧ ਲੋਕ ਕਰ ਰਹੇ ਹਨ। ਭਾਰਤ ਦੀ ਆਧੁਨਿਕ ਬੈਂਕਿੰਗ ਪ੍ਰਣਾਲੀ ਸਮਾਜਿਕ ਅਤੇ ਸਥਾਨਕ ਗ਼ੈਰ-ਬਰਾਬਰੀਆਂ ਨਾਲ ਭਰਪੂਰ ਹੈ। ਸਿਰਫ 18 ਪ੍ਰਤਿਸ਼ਤ ਏ ਟੀ ਐੱਮ ਹੀ ਦਿਹਾਤੀ ਇਲਾਕਿਆਂ ਵਿੱਚ ਸਥਿਤ ਹਨ। ਰਿਜ਼ਰਵ ਬੈਂਕ ਆਫ ਇੰਡੀਆ ਦੀ ਆਪਣੀ ਜਾਂਚ ਵਿੱਚ ਪਤਾ ਲਗਾ ਹੈ ਕਿ ਜਿਨ੍ਹਾਂ ਰਾਜਾਂ ਵਿੱਚ ਮਹਿਲਾ ਅਬਾਦੀ ਜ਼ਿਆਦਾ ਹੈ ਅਤੇ ਪਿੰਡਾਂ ਵਿੱਚ ਜ਼ਿਆਦਾ ਲੋਕ ਰਹਿੰਦੇ ਹਨ ਉਥੇ ਵਿੱਤੀ ਸਾਪੇਖਤਾ ਦਾ ਪੱਧਰ ਨੀਵਾਂ ਹੈ। ਗੂਗਲ ਇੰਡੀਆ ਅਤੇ ਬੋਸਟਨ ਕੰਸਲਟਿੰਗ ਗਰੁੱਪ ਵਲੋਂ ਪੇਸ਼ ਕੀਤੀ ਇਕ ਰਿਪੋਰਟ ਇਹ ਦਰਸਾਉਂਦੀ ਹੈ ਕਿ ਪਿਛਲੇ ਸਾਲ ਭਾਰਤ ਵਿੱਚ ਲਗਭਗ 75 ਪ੍ਰਤਿਸ਼ਤ ਲੈਣ-ਦੇਣ ਨਕਦੀ ਉਤੇ ਅਧਾਰਿਤ ਹੋਇਆ ਹੈ ਜਦ ਕਿ ਅਮਰੀਕਾ, ਜਪਾਨ, ਫਰਾਂਸ, ਜਰਮਨੀ ਆਦਿ ਦੇਸ਼ਾਂ ਵਿੱਚ ਇਹ ਸਿਰਫ 20-25 ਪ੍ਰਤਿਸ਼ਤ ਸੀ। ਨੋਟਬੰਦੀ ਦੇ ਮਾਮਲੇ ਤੇ ਮੋਬਾਈਲ ਜਾਂ ਈ-ਵਾਲੈੱਟ ਕੰਪਨੀਆਂ ਨੇ ਆਪਣੇ ਕੰਮ-ਕਾਜ ਵਿੱਚ ਚਾਰ ਗੁਣਾ ਵਾਧਾ ਕੀਤਾ ਹੈ। ਦੇਸ਼ ਵਿੱਚ ਨਕਦੀ ਦਾ ਵਧੇਰੇ ਭੁਗਤਾਨ ਛੋਟੀਆਂ ਐਕਸਚੇਂਜਾਂ ਜਾਂ ਸੇਵਾਵਾਂ ਲਈ ਕੀਤਾ ਜਾਂਦਾ ਹੈ ਅਤੇ ਇਸ ਦੇ ਲਈ ਪੀ ਓ ਐੱਸ ਟਰਮੀਨਲਾਂ ਦੀ ਪਹੁੰਚ ਨਾਕਾਫੀ ਹੈ। ਲੱਖਾਂ ਲੋਕਾਂ ਦੇ ਨਾ ਤਾਂ ਅਜੇ ਬੈਂਕ ਖਾਤੇ ਹਨ ਅਤੇ ਨਾ ਹੀ ਉਨ੍ਹਾਂ ਦੀ ਪੀ ਓ ਐੱਸ ਵਿੱਕਰੀ ਕੇਂਦਰਾਂ, ਇੰਟਰਨੈੱਟ ਤੱਕ ਪਹੁੰਚ ਹੀ ਹੈ ਤਾਂ ਕਿ ਉਹ ਆਨਲਾਈਨ ਭੁਗਤਾਨ ਪ੍ਰਣਾਲੀ ਨੂੰ ਅਪਣਾ ਜਾਂ ਸਮਝ ਸਕਣ। ਇਸ ਲਈ ਡਿਜੀਟਲ ਸੇਵਾਵਾਂ ਅਤੇ ਪੀ ਓ ਐੱਸ ਕੇਂਦਰਾਂ ਤੱਕ ਪਹੁੰਚ ਵਧਾਉਣ ਦੀ ਲੋੜ ਹੈ ਤਾਂ ਕਿ ਛੋਟੇ ਸ਼ਹਿਰਾਂ ਅਤੇ ਦਿਹਾਤੀ ਇਲਾਕਿਆਂ ਵਿੱਚ ਡਿਜੀਟਲ ਲੈਣ-ਦੇਣ ਹੋ ਸਕੇ। ਇਸ ਸਾਲ ਜੁਲਾਈ ਵਿੱਚ 881 ਮਿਲੀਅਨ ਲੈਣ-ਦੇਣ ਏ ਟੀ ਐੱਮ ਅਤੇ ਪੀ ਓ ਐੱਸ ਵਿਖੇ ਡੈਬਿਟ ਕਾਰਡਾਂ ਦੀ ਮਦਦ ਨਾਲ ਹੋ ਸਕਿਆ ਹੈ। ਇਸ ਵਿੱਚੋਂ 92 ਪ੍ਰਤਿਸ਼ਤ ਨਕਦੀ ਏ ਟੀ ਐੱਮਜ਼ ਵਿੱਚੋਂ ਕਢਾਈ ਗਈ। ਭਾਰਤ ਵਿੱਚ ਕਾਰਡਾਂ ਦਾ ਮੁੱਖ ਉਦੇਸ਼ ਸਿਰਫ ਨਕਦੀ ਕਢਾਉਣਾ ਹੀ ਹੈ।

ਇਕ ਹੋਰ ਵੱਡੀ ਰੁਕਾਵਟ ਡਿਜੀਟਲ ਇੰਡੀਆ ਦੇ ਨਾ-ਪ੍ਰਾਪਤ ਕੀਤੇ ਜਾ ਸਕੇ ਟੀਚਿਆਂ ਦੀ ਹੈ। ਮੋਬਾਈਲ ਇੰਟਰਨੈੱਟ ਦੀ ਪਹੁੰਚ ਅੰਦਰੂਨੀ ਖੇਤਰਾਂ ਲਈ ਕਾਫੀ ਅਹਿਮ ਹੈ ਕਿਉਂਕਿ ਪੀ ਓ ਐੱਸ ਸਿਰਫ ਮੋਬਾਈਲ ਇੰਟਰਨੈੱਟ ਕੁਨੈਕਸ਼ਨ ਹੋਣ ਉਤੇ ਹੀ ਕੰਮ ਕਰਦੇ ਹਨ। ਇਸ ਤੋਂ ਪਹਿਲਾਂ ਬੈਂਕ, ਕਾਰਡ ਅਧਾਰਿਤ ਲੈਣ-ਦੇਣ ਉਤੇ ਫੀਸ ਵਸੂਲਦੇ ਸਨ ਜੋ ਕਿ ਹੁਣ ਇਕ ਰੁਕਾਵਟ ਗਿਣੀ ਜਾਂਦੀ ਹੈ। ਇਸ ਤੋਂ ਇਲਾਵਾ ਦਿਹਾਤੀ ਖੇਤਰਾਂ ਵਿੱਚ ਘੱਟ ਸਾਖਰਤਾ ਦਰ ਅਤੇ ਇੰਟਰਨੈੱਟ ਤੱਕ ਪਹੁੰਚ ਦੀ ਘਾਟ ਡਿਜੀਟਲ ਲੈਣ-ਦੇਣ ਵਿੱਚ ਰੁਕਾਵਟ ਬਣਦੀ ਹੈ।

## ਨਕਦੀ-ਰਹਿਤ ਦਿਹਾਤੀ ਆਰਥਿਕਤਾ ਸਾਹਮਣੇ ਮੌਜੂਦ ਚੁਨੌਤੀਆਂ

- ਕਰੰਸੀ ਅਧਾਰਿਤ ਆਰਥਿਕਤਾ - ਭਾਰਤ ਵਿੱਚ ਨਕਦੀ ਵੱਡੇ ਪੱਧਰ ਉਤੇ ਚੱਲ ਰਹੀ ਹੈ। ਚੱਲ ਰਹੀ ਨਕਦੀ ਦੇਸ਼ ਦੀ ਆਰਥਿਕਤਾ ਦੇ ਲਗਭਗ 13 ਪ੍ਰਤਿਸ਼ਤ ਦੇ ਬਰਾਬਰ ਹੈ।

- ਲੈਣ-ਦੇਣ ਮੁੱਖ ਤੌਰ ਤੇ ਨਕਦੀ ਵਿੱਚ - ਲਗਭਗ 95 ਪ੍ਰਤਿਸ਼ਤ ਲੈਣ-ਦੇਣ ਨਕਦੀ ਵਿੱਚ ਹੁੰਦਾ ਹੈ। ਗ਼ੈਰ-ਸੰਗਠਤ ਖੇਤਰ ਦਾ ਵੱਡਾ

ਹਿੱਸਾ ਅਤੇ ਵਰਕਰ ਲੈਣ-ਦੇਣ ਵਿੱਚ ਨਕਦੀ ਨੂੰ ਪਹਿਲ ਦਿੰਦੇ ਹਨ। ਉਨ੍ਹਾਂ ਕੋਲ ਡਿਜੀਟਲ ਲੈਣ-ਦੇਣ ਦੀ ਸਮਝ ਨਹੀਂ ਹੈ।

• ਏ ਟੀ ਐੱਮ ਦੀ ਵਰਤੋਂ ਮੁੱਖ ਤੌਰ ਤੇ ਨਕਦੀ ਕਢਵਾਉਣ ਲਈ ਕੀਤੀ ਜਾਂਦੀ ਹੈ, ਆਨ ਲਾਈਨ ਲੈਣ-ਦੇਣ ਲਈ ਨਹੀਂ – ਵੱਡੀ ਗਿਣਤੀ ਵਿੱਚ ਏ ਟੀ ਐੱਮ ਕਾਰਡ ਚੱਲ ਰਹੇ ਹਨ ਜਿਨ੍ਹਾਂ ਵਿੱਚ 21 ਕਰੋੜ ਰੁਪਏ, ਕਾਰਡ ਵੀ ਹਨ ਪਰ 92 ਪ੍ਰਤਿਸ਼ਤ ਏ ਟੀ ਐੱਮ ਕਾਰਡਾਂ ਦੀ ਵਰਤੋਂ ਨਕਦੀ ਕਢਵਾਉਣ ਲਈ ਕੀਤੀ ਜਾਂਦੀ ਹੈ। ਸ਼ਹਿਰੀ ਅਤੇ ਨੀਮ-ਸ਼ਹਿਰੀ ਖੇਤਰਾਂ ਵਿੱਚ ਵਧੇਰੇ ਕਾਰਡਾਂ ਦੀ ਗਿਣਤੀ ਹੋਣਾ ਦਿਖਾਉਂਦਾ ਹੈ ਕਿ ਦਿਹਾਤੀ ਇਲਾਕਿਆਂ ਤੱਕ ਇਨ੍ਹਾਂ ਦੀ ਪਹੁੰਚ ਬਹੁਤ ਘੱਟ ਹੈ।

• ਪੁਆਇੰਟ ਆਫ ਸੇਲ ਟਰਮੀਨਲਾਂ ਦੀ ਸੀਮਤ ਗਿਣਤੀ – ਰਿਜ਼ਰਵ ਬੈਂਕ ਆਫ ਇੰਡੀਆ ਅਨੁਸਾਰ ਵੱਖ-ਵੱਖ ਬੈਂਕਾਂ ਵਲੋਂ ਜੁਲਾਈ 2016 ਤੱਕ ਵੱਖ-ਵੱਖ ਟਿਕਾਣਿਆਂ ਉਤੇ 1.44 ਮਿਲੀਅਨ ਪੀ ਓ ਐੱਸ ਟਰਮੀਨਲ ਲਗਾਏ ਗਏ ਸਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸ਼ਹਿਰੀ ਜਾਂ ਨੀਮ ਸ਼ਹਿਰੀ ਇਲਾਕਿਆਂ ਵਿੱਚ ਸਨ।

• ਦਿਹਾਤੀ ਭਾਰਤ ਵਿੱਚ ਮੋਬਾਈਲ ਇੰਟਰਨੈੱਟ ਪਹੁੰਚ ਕਾਫੀ ਕਮਜ਼ੋਰ : ਲੈਣ-ਦੇਣ ਦਾ ਡਿਜੀਟਲ ਭੁਗਤਾਨ ਕਰਨ ਲਈ ਇੰਟਰਨੈੱਟ ਕੁਨੈਕਸ਼ਨ ਦੀ ਲੋੜ ਹੁੰਦੀ ਹੈ ਪਰ ਭਾਰਤ ਵਿੱਚ ਦਿਹਾਤੀ ਖੇਤਰਾਂ ਵਿੱਚ ਇਹ ਸੰਪਰਕ ਬਹੁਤ ਘੱਟ ਹੈ। ਇਸ ਤੋਂ ਇਲਾਵਾ ਗਰੀਬ ਲੋਕਾਂ ਅਤੇ ਦਿਹਾਤੀ ਖੇਤਰਾਂ ਵਿੱਚ ਸਾਖਰਤਾ ਦੀ ਦਰ ਕਾਫੀ ਘੱਟ ਹੈ ਜਿਸ ਨਾਲ ਵੱਡੇ ਪੱਧਰ ਉਤੇ ਪਲਾਸਟਿਕ ਕਰੰਸੀ ਦੀ ਵਰਤੋਂ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ। ਅਜਿਹਾ 'ਭੀਮ' (ਬੀ ਐੱਚ ਆਈ ਐੱਮ) 'ਭਾਰਤ ਇੰਟਰਫੇਸ ਫਾਰ ਮਨੀ' ਨਾਮਕ ਐਪਲੀਕੇਸ਼ਨ ਨਾਲ ਸੰਭਵ ਹੋਵੇਗਾ ਜਿਸ ਨੂੰ ਪ੍ਰਧਾਨ ਮੰਤਰੀ ਵਲੋਂ ਜਾਰੀ ਕੀਤਾ ਗਿਆ ਹੈ। ਇਹ ਯੂ ਐੱਸ ਐੱਸ ਡੀ ਦੇ ਸਿਧਾਂਤ ਉਤੇ ਕੰਮ ਕਰੇਗਾ, ਮਤਲਬ ਇਸ ਵਾਸਤੇ ਮੋਬਾਈਲ ਇੰਟਰਨੈੱਟ ਦੀ ਲੋੜ ਨਹੀਂ ਪਵੇਗੀ।

ਨਿੱਜੀ ਖੇਤਰ ਦੇ ਬੈਂਕ ਦਿਹਾਤੀ ਖੇਤਰਾਂ ਵਿੱਚ ਆਪਣੀ ਮੌਜੂਦਗੀ ਵਧਾ ਰਹੇ ਹਨ। ਇਹ ਪ੍ਰਗਟਾਵਾ ਵਿੱਤੀ ਸਾਲ 2014 ਦੀ ਸਾਲਾਨਾ ਰਿਪੋਰਟ ਵਿੱਚ ਹੋਇਆ ਹੈ। ਔਸਤ ਤੌਰ ਤੇ ਦਿਹਾਤੀ ਖੇਤਰਾਂ ਵਿੱਚ 50-65 ਪ੍ਰਤਿਸ਼ਤ ਨਵੀਆਂ ਬਰਾਂਚਾਂ ਖੁੱਲ੍ਹੀਆਂ ਹਨ। ਪ੍ਰਮੁੱਖ ਨਿੱਜੀ ਬੈਂਕ, ਜਿਵੇਂ ਕਿ ਆਈ ਸੀ ਆਈ ਸੀ ਆਈ ਬੈਂਕ, ਐਕਸਿਜ਼ ਬੈਂਕ, ਐੱਚ ਡੀ ਐਫ ਸੀ ਬੈਂਕ ਅਤੇ ਯੈੱਸ ਬੈਂਕ ਨੇ ਪਿਛਲੇ 5 ਸਾਲ ਵਿੱਚ ਬੈਂਕਾਂ ਤੋਂ ਵਾਂਝੇ ਜਾਂ ਘੱਟ ਬੈਂਕਾਂ ਵਾਲੇ ਇਲਾਕਿਆਂ ਵਿੱਚ ਆਪਣੀ ਪਹੁੰਚ ਵਧਾਈ ਹੈ। ਰਿਜ਼ਰਵ ਬੈਂਕ ਆਫ ਇੰਡੀਆ ਨੇ ਨਿੱਜੀ ਬੈਂਕਾਂ ਨੂੰ ਕਿਹਾ ਕਿ ਉਹ 2013-16 ਦੇ ਚੱਕਰ ਵਿੱਚ ਬੈਂਕ ਰਹਿਤ ਜਾਂ ਘੱਟ ਬੈਂਕਾਂ ਵਾਲੇ ਖੇਤਰਾਂ ਵਿੱਚ ਆਪਣੀਆਂ ਬਰਾਂਚਾਂ ਪਹਿਲਾਂ ਨਿਰਧਾਰਤ ਕਰਨ (ਦਰਜਾ 5 ਅਤੇ 6)। ਇਸ ਨੇ ਬੈਂਕਾਂ ਨੂੰ ਇਹ ਵੀ ਕਿਹਾ ਕਿ ਆਪਣੀਆਂ ਨਵੀਆਂ ਬਰਾਂਚਾਂ ਵਿੱਚੋਂ 25 ਪ੍ਰਤਿਸ਼ਤ ਇਨ੍ਹਾਂ ਇਲਾਕਿਆਂ ਵਿੱਚ ਖੋਲ੍ਹਣ। ਇਸ ਤੋਂ ਇਲਾਵਾ ਕੇਂਦਰੀ ਬੈਂਕ 25 ਪ੍ਰਤਿਸ਼ਤ ਤੋਂ ਵੱਧ ਨਵੀਆਂ ਬਰਾਂਚਾਂ ਇਨ੍ਹਾਂ ਖੇਤਰਾਂ ਵਿੱਚ ਖੋਲ੍ਹਣ ਵਾਲੇ ਬੈਂਕਾਂ ਨੂੰ ਇਸ ਦਾ ਸਿਹਰਾ ਦਿੱਤਾ ਜਾਵੇਗਾ ਅਤੇ ਇਸ ਵਾਧੂ ਗਿਣਤੀ ਨੂੰ ਅਗਲੇ ਸਾਲ ਦੇ ਕੋਟੇ ਵਿੱਚ ਸ਼ਾਮਲ ਕਰ ਲਿਆ ਜਾਵੇਗਾ।

ਨੀਮ-ਸ਼ਹਿਰੀ ਅਤੇ ਦਿਹਾਤੀ ਮੰਡੀਆਂ ਇਸ ਵੇਲੇ ਵੱਡੇ ਕੇਂਦਰਾਂ ਨਾਲੋਂ ਤੇਜ਼ੀ ਨਾਲ ਵਧ-ਫੁੱਲ ਰਹੀਆਂ ਹਨ ਜਿਸ ਦੇ ਨਤੀਜੇ ਵਜੋਂ ਇਨ੍ਹਾਂ ਖੇਤਰਾਂ ਵਿੱਚ ਬਰਾਂਚਾਂ ਦਾ ਪਸਾਰ ਵਧੇਰੇ ਅਨੁਪਾਤ ਵਿੱਚ ਹੈ। ਮੁੱਖ ਧਿਆਨ ਇਸ ਪਾਸੇ ਵੱਲ ਹੈ ਕਿ ਬਰਾਂਚਾਂ ਨੂੰ ਸਾਰੀਆਂ ਸੇਵਾਵਾਂ ਲਈ ਵਿਕਸਤ ਕੀਤਾ ਜਾਵੇ। ਵਿੱਤੀ ਸਮਾਵੇਸ਼ ਲਈ ਤਕਨਾਲੋਜੀ ਇਕ ਵੱਡਾ ਹਥਿਆਰ ਹੈ, ਜਿਸ ਵਿੱਚ ਬਰਾਂਚ-ਓਨ-ਵੀਲ੍ਹਜ਼ ਵੀ ਸ਼ਾਮਿਲ ਹੈ ਜੋ ਕਿ ਮੋਬਾਈਲ ਵੈਨ ਅਧਾਰਤ ਬਰਾਂਚ ਹੈ ਜਿਸ ਦਾ ਉਦੇਸ਼ ਦੂਰ ਦੁਰਾਡੇ ਦਿਹਾਤੀ ਬੈਂਕ ਰਹਿਤ ਖੇਤਰਾਂ ਵਿੱਚ ਬੈਂਕਿੰਗ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਦਿਹਾਤੀ ਖੇਤਰਾਂ ਵਿੱਚ ਬਰਾਂਚ ਚਲਾਉਣ ਦਾ ਖਰਚਾ 4 ਲੱਖ ਰੁਪਏ ਮਹੀਨਾ ਬੈਠਦਾ ਹੈ ਜਦ ਕਿ ਪਹਿਲੀ ਸ਼੍ਰੇਣੀ ਦੇ ਸ਼ਹਿਰਾਂ ਵਿੱਚ ਇਹ ਖਰਚਾ 9 ਲੱਖ ਰੁਪਏ ਮਹੀਨਾ ਹੁੰਦਾ ਹੈ। ਇਸ ਦੌਰਾਨ ਜਦੋਂ ਦਿਹਾਤੀ ਖੇਤਰ ਵਿੱਚ ਪਸਾਰ ਦੀ ਗੱਲ ਆਵੇ ਤਾਂ ਜਨਤਕ ਖੇਤਰ ਦੇ ਬੈਂਕ ਵੀ ਇਸ ਤੋਂ ਜ਼ਿਆਦਾ ਪਿੱਛੇ ਨਹੀਂ ਹਨ। ਐੱਫ ਵਾਈ 14 ਵਿੱਚ ਸਟੇਟ ਬੈਂਕ ਆਫ ਇੰਡੀਆ ਨੇ 1953 ਬਰਾਂਚਾਂ ਖੋਲ੍ਹੀਆਂ ਜਿਨ੍ਹਾਂ ਵਿੱਚ 57 ਪ੍ਰਤਿਸ਼ਤ ਪੇਂਡੂ ਜਾਂ ਨੀਮ ਸ਼ਹਿਰੀ ਖੇਤਰਾਂ ਵਿੱਚ ਸਨ। ਜਿਥੇ ਕਿ ਦਿਹਾਤੀ ਖੇਤਰਾਂ ਦੀਆਂ ਬਰਾਂਚਾਂ ਨੂੰ ਸਸਤੇ ਬਿਲਡਿੰਗ ਕਿਰਾਏ ਦਾ ਲਾਭ ਮਿਲਦਾ ਹੈ ਉਥੇ ਸੇਵਾ ਅਤੇ ਅਮਲੇ ਦੇ ਖਰਚੇ ਇਸ ਲਾਭ ਨੂੰ ਬਰਾਬਰ ਕਰ ਦਿੰਦੇ ਹਨ। ਜਦੋਂ ਤੋਂ ਰਿਜ਼ਰਵ ਬੈਂਕ ਆਫ ਇੰਡੀਆ ਨੇ 25 ਪ੍ਰਤਿਸ਼ਤ ਬਰਾਂਚਾਂ ਦਿਹਾਤੀ ਖੇਤਰਾਂ ਵਿੱਚ ਖੋਲ੍ਹਣ ਨੂੰ ਲਾਜ਼ਮੀ ਕਰਾਰ ਦੇ ਦਿੱਤਾ ਹੈ, ਉਸ ਵੇਲੇ ਤੋਂ ਬੈਂਕ ਵੀ ਦਿਹਾਤੀ ਖੇਤਰਾਂ ਵਿੱਚ ਬਰਾਂਚਾਂ ਖੋਲ੍ਹਣ ਵੱਲ ਧਿਆਨ ਦੇਣ ਲੱਗੇ ਹਨ।

### ਸੰਭਾਵਨਾਵਾਂ ਅਤੇ ਅੱਗੋਂ ਦਾ ਰਾਹ

ਜਦ ਕਿ 1.3 ਬਿਲੀਅਨ ਦੀ ਅਬਾਦੀ ਵਾਲੇ ਦੇਸ਼ ਵਿੱਚ 86 ਪ੍ਰਤਿਸ਼ਤ ਕਰੰਸੀ ਨੋਟ ਰੱਦ ਕਰ ਦਿੱਤੇ ਗਏ ਹਨ ਇਸ ਨਾਲ ਆਮ ਕੰਮ ਕਾਜ ਵਿੱਚ ਕੁੱਝ ਨਾ ਕੁੱਝ ਰੁਕਾਵਟਾਂ ਜ਼ਰੂਰ ਖੜ੍ਹੀਆਂ ਹੋ ਰਹੀਆਂ ਹਨ। ਵਿਸ਼ੇਸ਼ ਤੌਰ ਤੇ, ਕਿਉਂਕਿ ਭਾਰਤ ਦੀਆਂ ਆਰਥਿਕ ਸਰਗਰਮੀਆਂ

**ਵਧ ਰਹੇ ਦਾਇਰੇ**

| | ਆਈ ਸੀ ਆਈ ਸੀ ਆਈ ਬੈਂਕ | ਐੱਚ ਡੀ ਐੱਫ ਸੀ ਬੈਂਕ | ਐਕਸਿਜ਼ ਬੈਂਕ |
|---|---|---|---|
| ਕੁੱਲ ਬਰਾਂਚਾਂ | 3,753 | 3,062 | 2,402 |
| ਬੈਂਕ-ਰਹਿਤ ਖੇਤਰਾਂ ਵਿੱਚ | 448 | 318 | 438 |
| ਬਰਾਂਚਾਂ ਦਾ ਪ੍ਰਤਿਸ਼ਤ | 11.9 | 10.4 | 18.2 |
| ਐੱਫ ਵਾਈ 14 ਵਿੱਚ ਕੁੱਲ ਬਰਾਂਚਾਂ | 653 | 341 | 455 |
| ਐੱਫ ਵਾਈ 14 ਵਿੱਚ ਖੁੱਲ੍ਹੀਆਂ ਬਰਾਂਚਾਂ | 317 | 230 | 298 |
| ਕੁੱਲ ਬਰਾਂਚਾਂ ਦਾ ਪ੍ਰਤਿਸ਼ਤ | 48.5 | 67.4 | 65.5 |
| ਦਿਹਾਤੀ ਬਰਾਂਚਾਂ ਦੀ ਗਿਣਤੀ | 841 | 674 | 576 |
| ਬੈਂਕ-ਰਹਿਤ ਇਲਾਕਿਆਂ 'ਚ ਪ੍ਰਤਿਸ਼ਤ | 53.3 | 47.2 | 76 |

*ਸਰੋਤ :ਐਡਲਵੈਸਿਜ਼ ਰਿਸਰਚ*

ਗ਼ੈਰ-ਸੰਗਠਤ ਖੇਤਰ ਵਿੱਚ ਚਲਦੀਆਂ ਹਨ ਜਿਸ ਵਿੱਚ ਚੈੱਕ ਰਾਹੀਂ ਭੁਗਤਾਨ ਦਾ ਪ੍ਰਬੰਧ ਨਹੀਂ ਹੈ, ਨਤੀਜੇ ਵਜੋਂ ਨਾ ਸਿਰਫ ਸਿੱਧੇ ਜਾਂ ਅਸਿੱਧੇ ਟੈਕਸਾਂ ਦੀ ਚੋਰੀ ਹੁੰਦੀ ਹੈ ਸਗੋਂ ਆਰਥਿਕਤਾ ਦੀ ਸਹੀ ਸਥਿਤੀ ਦਾ ਅੰਦਾਜ਼ਾ ਨਹੀਂ ਲੱਗ ਸਕਦਾ। ਉਦਾਹਰਣ ਵਜੋਂ ਕਿਸਾਨਾਂ ਦੀ ਆਮਦਨ ਉੱਤੇ ਕਰ ਨਹੀਂ ਲੱਗਦਾ, ਉਥੇ ਵਧੇਰੇ ਕਿਸਾਨਾਂ ਕੋਲ ਕਿਸਾਨ ਕ੍ਰੈਡਿਟ ਕਾਰਡ ਮੌਜੂਦ ਹਨ ਜੋ ਕਿ 1998 ਵਿੱਚ ਚਾਲੂ ਕੀਤੇ ਗਏ ਜਿਨ੍ਹਾਂ ਦੀ ਗਿਣਤੀ ਮੌਜੂਦਾ ਸਰਕਾਰ ਨੇ ਹੋਰ ਵੀ ਵਧਾ ਦਿੱਤੀ ਹੈ। ਖੇਤੀ ਆਰਥਿਕਤਾ ਅਜੇ ਵੀ ਆੜਤੀਆਂ ਜਾਂ ਵਪਾਰੀਆਂ ਦੇ ਹੱਥਾਂ ਵਿੱਚ ਹੈ ਜੋ ਕਿ ਕਿਸਾਨਾਂ ਨੂੰ ਮੋਟੀ ਕਮਾਈ ਕਰਕੇ ਨਕਦ ਭੁਗਤਾਨ ਕਰਦੇ ਹਨ।

ਜਨ ਧਨ ਅਧਾਰ ਮੋਬਾਈਲ (ਜੇ ਏ ਐੱਮ) ਡਿਜੀਟਲ ਲੈਣ-ਦੇਣ ਸਭਿਆਚਾਰ ਨੂੰ ਉਤਸ਼ਾਹਿਤ ਕਰ ਸਕਦਾ ਹੈ। ਇਹ ਦੇਸ਼ ਦੇ ਦੂਰ-ਦੁਰਾਡੇ ਖੇਤਰਾਂ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ। ਆਧਾਰ ਦੀ ਸ਼ੁਰੂਆਤ 2009 ਵਿੱਚ ਕੀਤੀ ਗਈ ਪਰ 7 ਸਾਲ ਬੀਤ ਜਾਣ ਦੇ ਬਾਵਜੂਦ ਸਿਰਫ 1.07 ਬਿਲੀਅਨ ਲੋਕ ਹੀ, ਜੋ ਕਿ ਕੁੱਲ ਆਬਾਦੀ ਦਾ 88 ਪ੍ਰਤਿਸ਼ਤ ਹੀ ਹਨ, ਇਸ ਦੇ ਮੈਂਬਰ ਬਣੇ ਹਨ। ਵੱਡੀ ਗਿਣਤੀ ਵਿੱਚ ਸਰਕਾਰੀ ਦੇਣਦਾਰੀਆਂ ਦਾ ਭੁਗਤਾਨ (ਡੀ ਬੀ ਟੀ) ਜੇ ਏ ਐੱਮ ਰਾਹੀਂ ਹੀ ਕੀਤਾ ਗਿਆ ਹੈ। ਇਸ ਨਾਲ ਲੋਕਾਂ ਵਿੱਚ ਡਿਜੀਟਲ ਲੈਣ-ਦੇਣ ਬਾਰੇ ਜਾਗਰੂਕਤਾ ਆਵੇਗੀ।

## ਨਕਦੀ-ਰਹਿਤ ਆਰਥਿਕਤਾ ਵਿੱਚ ਸਰਕਾਰ ਦੀ ਸਿੱਧੀ ਦੇਣ

ਸ਼ਹਿਰੀਆਂ ਅਤੇ ਸਰਕਾਰ ਦਰਮਿਆਨ ਸੰਪਰਕ ਲਈ ਬਹੁਤ ਸਾਰੇ ਨੋਡਲ ਕੇਂਦਰ ਹਨ। ਇਨ੍ਹਾਂ ਮਾਮਲਿਆਂ ਵਿੱਚ ਸਰਕਾਰ ਦੀ ਭੂਮਿਕਾ ਕੁੱਝ ਭੁਗਤਾਨਾਂ ਲਈ ਨਕਦੀ-ਰਹਿਤ ਆਰਥਿਕਤਾ ਨੂੰ ਲਾਜ਼ਮੀ ਬਣਾਉਣ ਅਤੇ ਕੁੱਝ ਅਜਿਹੀਆਂ ਸੇਵਾਵਾਂ, ਜੋ ਕਿ ਕੁੱਝ ਮਿੱਥੀ ਰਕਮ ਤੋਂ ਵੱਧ ਦੀਆਂ ਹੋਣਗੀਆਂ ਨੂੰ ਲਾਜ਼ਮੀ ਬਣਾਉਣ ਦੀ ਹੈ। ਇਹ ਕੰਮ ਸ਼ੁਰੂ ਹੋ ਚੁੱਕਾ ਹੈ। ਉਦਾਹਰਣ ਵਜੋਂ ਪਾਸਪੋਰਟ ਫੀਸ ਦਾ ਭੁਗਤਾਨ (ਆਨ ਲਾਈਨ ਭੁਗਤਾਨ ਜਾਂ ਬੈਂਕ ਡਰਾਫਟ ਰਾਹੀਂ) ਨਕਦੀ ਰਹਿਤ ਕਰਨਾ ਲਾਜ਼ਮੀ ਬਣਾਇਆ ਜਾ ਸਕਦਾ ਹੈ। ਵੱਖ-ਵੱਖ ਟੈਕਸਾਂ (ਇਨਕਮ ਟੈਕਸ, ਸੇਲਜ਼ ਟੈਕਸ ਜਾਂ ਐਕਸਾਈਜ਼ ਡਿਊਟੀ) ਦਾ ਭੁਗਤਾਨ ਨਕਦੀ-ਰਹਿਤ ਢੰਗ ਨਾਲ ਕਰਨਾ ਲਾਜ਼ਮੀ ਬਣਾਇਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਘਰਾਂ ਵਲੋਂ ਆਪਣੇ ਗ਼ੈਰ-ਸੰਗਠਤ ਖੇਤਰ ਦੇ ਘਰੇਲੂ ਨੌਕਰਾਂ ਅਤੇ ਕਾਮਿਆਂ ਆਦਿ ਨੂੰ ਨਕਦੀ-ਰਹਿਤ ਭੁਗਤਾਨ ਉੱਤੇ (1 ਪ੍ਰਤਿਸ਼ਤ ਤੋਂ 2 ਪ੍ਰਤਿਸ਼ਤ ਕਰ ਛੋਟ ਦੇ ਕੇ ਨਕਦੀ-ਰਹਿਤ ਭੁਗਤਾਨ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਸ ਨਾਲ ਦੋ ਕੰਮ ਹੋਣਗੇ – ਇਕ ਤਾਂ ਮਕਾਨ ਮਾਲਕਾਂ ਨੂੰ ਨਕਦੀ-ਰਹਿਤ ਭੁਗਤਾਨ ਦਾ ਲਾਭ ਮਿਲੇਗਾ ਅਤੇ ਦੂਜਾ ਗ਼ੈਰ-ਸੰਗਠਤ ਖੇਤਰ ਦੇ ਵੱਡੇ ਹਿੱਸੇ ਨੂੰ ਇਸ ਵਿੱਚ ਵਿੱਤੀ ਤੌਰ ਤੇ ਸ਼ਾਮਲ ਕੀਤਾ ਜਾਵੇਗਾ। ਉਪਰ ਦੱਸੇ ਲਾਜ਼ਮੀ ਢੰਗ ਨਾਲ ਲਾਗੂ ਕਰਨ ਤੋਂ ਇਲਾਵਾ ਰਿਆਇਤਾਂ ਦੇਣ ਨਾਲ ਨਕਦੀ-ਰਹਿਤ ਢਾਂਚੇ ਲਈ ਸਰਕਾਰ ਦੀਆਂ ਕੁੱਝ ਸਿੱਧੀਆਂ ਪਹਿਕਦਮੀਆਂ ਅਤੇ ਪ੍ਰੋਗਰਾਮ ਵੀ ਹਨ ਜਿਥੇ ਨਕਦੀ-ਰਹਿਤ ਲੈਣ-ਦੇਣ ਲਈ ਇਕ ਵੱਡਾ ਪਲੇਟਫਾਰਮ ਤਿਆਰ ਕੀਤਾ ਜਾ ਸਕਦਾ ਹੈ।



ਨੀਤੀ ਤਿਆਰ ਕਰਨ ਵਿੱਚ ਆ ਰਹੀਆਂ ਰੁਕਾਵਟਾਂ ਵਿੱਚ ਪਹਿਲੀ ਇਸ ਦੀ ਪ੍ਰਵਾਨਗੀ ਅਤੇ ਦੂਜੀ ਲੈਣ-ਦੇਣ ਦੀ ਭਾਰੀ ਲਾਗਤ ਹੈ। ਇਨ੍ਹਾਂ ਦਾ ਹੱਲ ਕੱਢੇ ਜਾਣ ਦੀ ਲੋੜ ਹੈ। ਇਥੇ ਇਹ ਦੇਖਣਾ ਜ਼ਰੂਰੀ ਹੈ ਕਿ ਜੇ ਇਹ ਦੋ ਮੁਸ਼ਕਿਲਾਂ ਦੂਰ ਕਰ ਵੀ ਲਈਆਂ ਗਈਆਂ ਤਾਂ ਵੀ ਨਕਦੀ ਰਹਿਤ ਭੁਗਤਾਨ ਆਪਣੇ-ਆਪ ਨਹੀਂ ਹੋ ਸਕੇਗਾ। ਸਿਫਾਰਸ਼ਾਂ ਦੇ ਢਾਂਚੇ ਵਿੱਚ '5 ਏ' ਦਾ ਹੱਲ ਨਿਗਲਣਾ ਜ਼ਰੂਰੀ ਹੈ ਤਾਂ ਕਿ ਨਕਦੀ-ਰਹਿਤ ਭੁਗਤਾਨ ਦੇ ਯੰਤਰਾਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਪੰਜ 'ਏ' ਹਨ ਐਵੇਲੇਬਿਲਟੀ (ਮੁਹੱਈਆ ਹੋਣਾ), ਅਕਸੈਸੇਬਿਲਟੀ (ਪਹੁੰਚ), ਅਸੈਪਟੇਬਿਲਟੀ (ਪ੍ਰਵਾਨਗੀ), ਅਫੋਰਡੇ-ਬਿਲਟੀ (ਹਾਸਲ ਕਰਨ ਦੀ ਯੋਗਤਾ) ਅਤੇ ਅਵੇਅਰਨੈੱਸ (ਜਾਗਰੂਕਤਾ)।

ਸਰਕਾਰ ਨੂੰ ਦਿਹਾਤੀ ਇਲਾਕਿਆਂ ਵਿੱਚ ਮੁੱਢਲੀਆਂ ਜ਼ਰੂਰਤਾਂ ਯਕੀਨੀ ਬਣਾਉਣੀਆਂ ਚਾਹੀਦੀਆਂ ਹਨ ਅਤੇ ਢਾਂਚੇ ਦੇ ਵਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ। ਸਕੂਲਾਂ, ਕਾਲਜਾਂ, ਪੰਚਾਇਤਾਂ ਰਾਹੀਂ ਵਿਸ਼ੇਸ਼ ਮੁਹਿੰਮਾਂ ਚਲਾ ਕੇ ਨਕਦੀ-ਰਹਿਤ ਬੈਂਕਿੰਗ ਲੈਣ-ਦੇਣ ਪ੍ਰਤਿ ਜਾਗਰੂਕਤਾ ਪੈਦਾ ਕੀਤੀ ਜਾ ਸਕਦੀ ਹੈ। ਡਿਜੀਟਲ ਢਾਂਚੇ ਵਿੱਚ ਹੋਰ ਲੋਕਾਂ ਨੂੰ ਸ਼ਾਮਲ ਕਰਨ ਲਈ ਵਿੱਤੀ ਸਾਖਰਤਾ ਬਹੁਤ ਜ਼ਰੂਰੀ ਹੈ। ਨਕਦੀ ਭੁਗਤਾਨ ਦੀ ਬਜਾਏ ਡਿਜੀਟਲ ਭੁਗਤਾਨ ਜਾਂ ਬੈਂਕਾਂ ਰਾਹੀਂ ਭੁਗਤਾਨ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸਭ ਭਲਾਈ ਸਰਗਰਮੀਆਂ ਨੂੰ ਬੈਂਕ ਖਾਤੇ ਨਾਲ ਜੋੜਨਾ ਇਕਹੋਰ ਨੀਤੀ ਸੰਬੰਧੀ ਕਦਮ ਹੈ। ਨਕਦੀ-ਰਹਿਤ ਆਰਥਿਕਤਾ ਲਈ ਇਕ ਮਜ਼ਬੂਤ ਬੈਂਕਿੰਗ ਅਧਾਰ ਬਹੁਤ ਜ਼ਰੂਰੀ ਹੈ। ਅਗਲਾ ਰਾਹ ਬਹੁਤ ਹੀ ਸਪੱਸ਼ਟ ਹੈ। ਇਲੈਕਟ੍ਰਾਨਿਕ ਭੁਗਤਾਨ ਲਈ ਇਕ ਦੇਸ਼ ਵਿਆਪੀ ਵਿੱਤੀ ਸਾਖਰਤਾ ਮੁਹਿੰਮ, ਜਿਸ ਦੇ ਨਾਲ ਇਕ ਦਰਮਿਆਨੀ ਮਿਆਦ ਦੀ ਨੀਤੀ ਜੁੜੀ ਹੋਵੇ ਬਹੁਤ ਹੀ ਜ਼ਰੂਰੀ ਹੈ। ਮਿੱਥੇ ਹੋਏ ਵਿੱਤੀ ਵਿਦਿਅਕ ਪ੍ਰੋਗਰਾਮ, ਵਿੱਤੀ ਮੁਹਾਰਤ ਵਿੱਚ ਸੁਧਾਰ ਲਿਆਉਣ ਤੋਂ ਇਲਾਵਾ ਕਰਜ਼ਾ ਪ੍ਰਬੰਧਨ ਵਿੱਚ ਵੀ ਸੁਧਾਰ ਲਿਆ ਸਕਦੇ ਹਨ ਅਤੇ ਦਿਹਾਤੀ ਖੇਤਰਾਂ ਵਿੱਚ ਕਾਮਿਆਂ ਦੀ ਗਿਣਤੀ ਵਧਾ ਸਕਦੇ ਹਨ।

*(ਲੇਖਕ ਭਾਰਤ ਸਰਕਾਰ ਦੇ ਦਿਹਾਤੀ ਵਿਕਾਸ ਬਾਰੇ ਮੰਤਰਾਲੇ ਵਿੱਚ ਯੋਜਨਾ ਅਤੇ ਨੀਤੀ ਬਾਰੇ ਡਾਇਰੈਕਟਰ ਹਨ)*
*e-mail :sameera.saurabh@gmail.com*

# ਡਿਜੀਟਲ ਆਰਥਿਕਤਾ ਰਾਹੀਂ ਦਿਹਾਤੀ ਆਰਥਿਕਤਾ ਨੂੰ ਹੁਲਾਰਾ

ਸੰਦੀਪ ਦਾਸ

ਪ੍ਰਧਾਨ ਮੰਤਰੀ ਵਲੋਂ ਪਿਛਲੇ ਸਾਲ ਨਵੰਬਰ ਵਿੱਚ 500 ਰੁਪਏ ਅਤੇ 1000 ਰੁਪਏ ਦੀ ਨੋਟਬੰਦੀ ਦਾ ਜੋ ਐਲਾਨ ਕੀਤਾ ਗਿਆ ਸੀ, ਉਸ ਤੋਂ ਬਾਅਦ ਉਨ੍ਹਾਂ ਕਿਹਾ ਸੀ ਕਿ ਇਹ ਨੋਟਬੰਦੀ ''ਸਾਡੀ ਆਰਥਿਕਤਾ ਨੂੰ ਸਿਰਫ ਨਕਦੀ-ਰਹਿਤ ਆਰਥਿਕਤਾ ਵੱਲ ਹੀ ਨਹੀਂ ਲਿਜਾਵੇਗੀ, ਸਗੋਂ ਇਸ ਦਿਸ਼ਾ ਵਿੱਚ ਇਸ ਨੂੰ ਇਕ ਅਹਿਮ ਹੁਲਾਰਾ ਵੀ ਦੇਵੇਗੀ''। ਨੋਟਬੰਦੀ ਲਾਗੂ ਹੋਣ ਤੋਂ ਦੋ ਮਹੀਨੇ ਤੋਂ ਵੱਧ ਦਾ ਸਮਾਂ ਬੀਤ ਜਾਣ ਉਤੇ ਵੀ ਦਿਹਾਤੀ ਖੇਤਰਾਂ ਵਿੱਚ ਨਕਦੀ-ਰਹਿਤ ਲੈਣ-ਦੇਣ ਦੇ ਵੱਖ-ਵੱਖ ਢੰਗਾਂ, ਭੁਗਤਾਨ ਢੰਗਾਂ, ਮੋਬਾਈਲ ਬੈਂਕਿੰਗ ਸੇਵਾਵਾਂ, ਜਿਵੇਂ ਕਿ ਅਧਾਰ ਆਧਾਰਤ ਭੁਗਤਾਨ ਪ੍ਰਣਾਲੀ, ਨੈਸ਼ਨਲ ਯੂਨੀਫਾਈਡ ਯੂ ਐੱਸ ਐੱਸ ਡੀ (ਅਨਸਟਰਕਚਰਡ ਸਪਲੀਮੈਂਟਰੀ ਸਰਵਿਸ ਡਾਟਾ) ਪਲੇਟਫਾਰਮ, ਪੁਆਇੰਟ ਆਫ ਸੇਲ (ਪੀ ਓ ਐੱਸ) ਮਸ਼ੀਨ ਅਧਾਰਤ ਡੈਬਿਟ ਅਤੇ ਕ੍ਰੈਡਿਟ ਕਾਰਡਜ਼ ਅਤੇ ਮੋਬਾਈਲ ਐਪ ਆਧਾਰ ਪ੍ਰੋਗਰਾਮ ਜਿਵੇਂ ਕਿ ਈ-ਵਾਲੇਟ ਨੂੰ ਅਪਨਾਉਣ ਲਈ ਤਬਦੀਲੀਆਂ ਆ ਰਹੀਆਂ ਹਨ।

ਸਰਕਾਰ ਦਾ ਪੂਰਾ ਧਿਆਨ ਇਹ ਯਕੀਨੀ ਬਣਾਉਣ ਵੱਲ ਹੈ ਕਿ ਪੇਂਡੂ ਜਨਤਾ ਦਾ ਇਕ ਵੱਡਾ ਹਿੱਸਾ ਵੱਖ-ਵੱਖ ਸਰਗਰਮੀਆਂ ਲਈ ਨਕਦੀ-ਰਹਿਤ ਲੈਣ-ਦੇਣ ਕਰੇ, ਜਿਵੇਂ ਕਿ ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੋਜ਼ਗਾਰ ਜ਼ਾਮਨੀ ਕਾਨੂੰਨ (ਮਨਰੇਗਾ) ਅਧੀਨ ਮਿਲਣ ਵਾਲੀ ਮਜ਼ਦੂਰੀ ਸਿੱਧੇ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਜਾਵੇ, ਦੋਧੀਆਂ ਨੂੰ ਸਹਿਕਾਰੀ ਸਭਾਵਾਂ ਜਾਂ ਨਿੱਜੀ ਖੇਤਰ ਨੂੰ ਵੇਚੇ ਜਾਣ ਵਾਲੇ ਦੁੱਧ ਦੇ ਪੈਸੇ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਹੋਣ ਜਾਂ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਅਧੀਨ ਜਾਰੀ ਰੁਪੈ ਕਾਰਡ ਦੀ ਵਰਤੋਂ ਸਮਾਨ ਖਰੀਦਣ ਲਈ ਹੋਵੇ। ਇਸ ਵੇਲੇ ਹੁਣ ਤੱਕ ਜਨ ਧਨ ਯੋਜਨਾ ਅਧੀਨ 26.5 ਕਰੋੜ ਖਾਤੇ ਖੁੱਲ੍ਹ ਚੁੱਕੇ ਹਨ। ਇਹ ਸਕੀਮ ਹਰ ਨਵੇਂ ਖਾਤਾ ਖੋਲ੍ਹਣ ਵਾਲੇ ਨੂੰ ਰੁਪੈ ਡੈਬਿਟ ਕਾਰਡ ਮੁਹੱਈਆ ਕਰਵਾਉਣ ਦਾ ਵਾਅਦਾ ਕਰਦੀ ਹੈ। ਹੁਣ ਤੱਕ 19.5 ਕਰੋੜ ਕਾਰਡ ਜਾਰੀ ਹੋ ਚੁੱਕੇ ਹਨ। ਵਿੱਤ ਮੰਤਰਾਲਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜਨ ਧਨ ਬੈਂਕ ਖਾਤੇ ਦਿਹਾਤੀ ਖੇਤਰਾਂ ਵਿੱਚ ਡਿਜੀਟਲ ਤਬਦੀਲੀ ਦੇ ਝੰਡਾ ਬਰਦਾਰ ਬਣਨ।

## ਡੇਅਰੀ ਖੇਤਰ ਨਕਦੀ-ਰਹਿਤ ਲੈਣ-ਦੇਣ ਨੂੰ ਯਕੀਨੀ ਬਣਾਉਣ 'ਚ ਮੋਹਰੀ

ਸਰਕਾਰ ਵਲੋਂ ਨੋਟਬੰਦੀ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਤੋਂ ਵਪਾਰ ਦੇ ਕਈ ਖੇਤਰਾਂ ਵਿੱਚ ਡਿਜੀਟਲ ਲੈਣ-ਦੇਣ ਵਿੱਚ ਕਾਫੀ ਵਾਧਾ ਹੋਇਆ ਹੈ। ਸੰਗਠਿਤ ਡੇਅਰੀ ਖੇਤਰ ਵੀ ਇਸ ਮਾਮਲੇ ਵਿੱਚ ਪਿੱਛੇ ਨਹੀਂ ਰਿਹਾ। ਦੋਧੀ ਕਿਸਾਨ, ਜੋ ਕਿ ਸੂਬਾਈ ਸਹਿਕਾਰੀ ਸਭਾਵਾਂ ਅਤੇ ਨਿੱਜੀ ਖੇਤਰ ਨਾਲ ਸੰਬੰਧਿਤ ਹਨ, ਨੇ 1 ਮਿਲੀਅਨ ਨਵੇਂ ਖਾਤੇ ਬੈਂਕ ਖੋਲ੍ਹੇ ਹਨ ਅਤੇ 10 ਨਵੰਬਰ ਤੋਂ ਇਨ੍ਹਾਂ ਖਾਤਿਆਂ ਵਿੱਚ ਭੁਗਤਾਨ ਵੀ ਹਾਸਿਲ ਕੀਤੇ ਹਨ। ਪਿਛਲੇ ਸਾਲ ਦੇ ਅੱਧ ਤੋਂ ਵੱਧ ਸਮੇਂ ਤੋਂ ਡੇਅਰੀ ਫਾਰਮਰਜ਼ ਦੇ ਬੈਂਕ ਖਾਤਿਆਂ ਦੀ ਗਿਣਤੀ 3 ਮਿਲੀਅਨ ਤੋਂ ਵਧ ਗਈ ਸੀ।

ਖੇਤੀ ਮੰਤਰਾਲਾ ਦੇ ਪਸ਼ੂ ਪਾਲਣ ਵਿਭਾਗ ਨੇ ਇਕ ਤਾਜ਼ਾ ਸਰਕੂਲਰ ਵਿੱਚ ਰਾਸ਼ਟਰੀ ਡੇਅਰੀ ਵਿਕਾਸ ਬੋਰਡ (ਐੱਨ ਡੀ ਡੀ ਬੀ) ਅਤੇ ਦਿੱਲੀ ਮਿਲਕ ਸਕੀਮ ਅਤੇ ਰਾਜ ਪੱਧਰ ਦੀਆਂ ਸਾਰੀਆਂ ਦੁੱਧ ਫੈਡਰੇਸ਼ਨਾਂ ਨੂੰ ਹਦਾਇਤ ਕੀਤੀ ਹੈ ਕਿ ਕਿਸਾਨਾਂ ਨੂੰ ਅਗਲੇ ਕੁੱਝ ਮਹੀਨਿਆਂ ਅੰਦਰ ਹੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਰਕਮ ਦਾ ਭੁਗਤਾਨ ਯਕੀਨੀ ਬਣਾਇਆ ਜਾਵੇ। ਸਰਕਾਰ ਨੇ ਦੇਸ਼ ਦੀ ਸਭ ਤੋਂ ਵੱਡੀ ਫੈਡਰੇਸ਼ਨ ਗੁਜਰਾਤ ਕੋਆਪਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ ਜਿਸ ਨੂੰ ਕਿ ਅਮੁੱਲ ਵੀ ਕਿਹਾ ਜਾਂਦਾ ਹੈ, ਨੂੰ ਹਦਾਇਤ ਕੀਤੀ ਹੈ ਕਿ ਸਾਰੇ 29 ਲੱਖ ਸੰਬੰਧਿਤ ਦੁੱਧ ਕਿਸਾਨਾਂ ਦੇ ਬੈਂਕ ਖਾਤੇ ਖੁੱਲ੍ਹਵਾਏ ਜਾਣ ਅਤੇ ਉਨ੍ਹਾਂ ਰਾਹੀਂ ਹੀ ਦੁੱਧ ਦੀ ਖਰੀਦ ਦਾ ਭੁਗਤਾਨ ਕੀਤਾ ਜਾਵੇ।

**''ਜਦੋਂ ਤੋਂ ਨੋਟਬੰਦੀ ਦਾ ਐਲਾਨ ਹੋਇਆ ਹੈ, ਅਸੀਂ ਡੇਅਰੀ ਫਾਰਮਰਜ਼ ਦੇ 8 ਲੱਖ ਨਵੇਂ ਖਾਤੇ ਖੁੱਲ੍ਹਵਾਏ ਹਨ। ਇਸ ਵੇਲੇ 19 ਲੱਖ ਡੇਅਰੀ ਫਾਰਮਰਜ਼ ਨੂੰ ਕੋਆਪਰੇਟਿਵਜ਼ ਨੂੰ ਵੇਚੇ ਦੁੱਧ ਦਾ ਭੁਗਤਾਨ ਬੈਂਕ ਖਾਤਿਆਂ ਰਾਹੀਂ ਕੀਤਾ ਜਾ ਰਿਹਾ ਹੈ।" ਇਹ ਟਿੱਪਣੀ ਜੀ ਸੀ ਐੱਮ ਐੱਮ ਐੱਫ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਆਰ ਐੱਸ ਸੋਢੀ ਨੇ ਕੀਤੀ ਹੈ। ਪਰ ਸੋਢੀ ਨੇ ਕਿਹਾ ਕਿ ਫੈਡਰੇਸ਼ਨ ਨੇ ਬੈਂਕਾਂ ਨੂੰ ਕਿਹਾ ਹੈ ਕਿ ਉਹ ਗੁਜਰਾਤ ਦੇ ਕਬਾਇਲੀ ਇਲਾਕਿਆਂ ਵਿੱਚ ਵੀ ਆਪਣੀਆਂ ਬਰਾਂਚਾਂ ਖੋਲ੍ਹਣ ਤਾਂ ਕਿ ਗੁਜਰਾਤ ਦੇ ਬਾਕੀ ਬਚੇ ਕਿਸਾਨਾਂ ਦੇ ਬੈਂਕ ਖਾਤੇ ਵੀ ਖੁੱਲ੍ਹ ਸਕਣ।**

ਅਮੁੱਲ ਹਰ ਹਫ਼ਤੇ ਕਿਸਾਨਾਂ ਤੋਂ ਦੁੱਧ ਖਰੀਦ ਕੇ ਉਨ੍ਹਾਂ ਨੂੰ 350 ਕਰੋੜ ਰੁਪਏ ਅਦਾ ਕਰਦਾ ਹੈ। ਹੁਣ ਇਸ ਵਿੱਚੋਂ 310 ਕਰੋੜ ਰੁਪਏ ਸਪਤਾਹਕ ਅਧਾਰ ਉਤੇ ਕਿਸਾਨਾਂ ਦੇ ਖਾਤਿਆਂ

ਵਿੱਚ ਤਬਦੀਲ ਕੀਤੇ ਜਾਂਦੇ ਹਨ, ਜੋ ਕਿ ਨੋਟਬੰਦੀ ਤੋਂ ਪਹਿਲਾਂ ਤਬਦੀਲ ਕੀਤੀ ਜਾਂਦੀ ਰਕਮ ਤੋਂ ਦੁੱਗਣੇ ਹਨ। ਇਸ ਤੋਂ ਇਲਾਵਾ 3 ਲੱਖ ਦੁੱਧ ਉਤਪਾਦਕਾਂ ਨੂੰ ਚੇਨੱਈ ਅਧਾਰਿਤ ਨਿੱਜੀ ਡੇਅਰੀ ਕੰਪਨੀ ਹਾਟਸਨ ਐਗਰੋ ਪ੍ਰਾਡਕਟਸ ਵਲੋਂ 75 ਕਰੋੜ ਰੁਪਏ ਹਰ ਮਹੀਨੇ ਦੀ 10 ਤਰੀਕ ਨੂੰ ਅਦਾ ਕੀਤੇ ਜਾਂਦੇ ਹਨ। ਇਸ ਤਰ੍ਹਾਂ ਨਿੱਜੀ ਕੰਪਨੀਆਂ ਵਲੋਂ ਈ-ਭੁਗਤਾਨ ਵਿੱਚ ਵਾਧਾ ਹੋ ਰਿਹਾ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਸਹਿਕਾਰੀ ਸਭਾਵਾਂ ਨਾਲ ਸੰਬੰਧਿਤ ਡੇਅਰੀ ਕਿਸਾਨਾਂ ਨੂੰ ਰੋਜ਼ਾਨਾ 120 ਕਰੋੜ ਰੁਪਏ ਸਪਤਾਹਿਕ ਜਾਂ 10 ਦਿਨਾਂ ਭੁਗਤਾਨ ਦੇ ਖਾਤੇ ਵਿੱਚੋਂ ਪ੍ਰਦਾਨ ਕੀਤੇ ਜਾਂਦੇ ਹਨ।

ਇਸ ਵੇਲੇ ਲਗਭਗ 1 ਕਰੋੜ ਡੇਅਰੀ ਕਿਸਾਨਾਂ, ਜੋ ਕਿ 22 ਉੱਘੀਆਂ ਡੇਅਰੀ ਸਹਿਕਾਰੀ ਸਭਾਵਾਂ ਦਾ ਹਿੱਸਾ ਹਨ, ਦੇ ਬੈਂਕ ਖਾਤੇ ਹਨ ਅਤੇ 60 ਤੋਂ 70 ਪ੍ਰਤਿਸ਼ਤ ਰਕਮ ਇਨ੍ਹਾਂ ਖਾਤਿਆਂ ਵਿੱਚ ਤਬਦੀਲ ਕੀਤੀ ਜਾਂਦੀ ਹੈ। ''ਪਿਛਲੇ ਕੁੱਝ ਮਹੀਨਿਆਂ ਤੋਂ ਅਸੀਂ ਸੂਬਾਈ ਫੈਡਰੇਸ਼ਨਾਂ ਨੂੰ ਨਕਦੀ-ਰਹਿਤ ਅਦਾਇਗੀ ਲਈ ਉਤਸ਼ਾਹਤ ਕਰ ਰਹੇ ਹਾਂ ਅਤੇ ਨੋਟਬੰਦੀ ਬਾਰੇ ਸਰਕਾਰ ਦੀ ਕਾਰਵਾਈ ਨੇ ਸਾਡੇ ਯਤਨਾਂ ਨੂੰ ਉਤਸ਼ਾਹਤ ਕੀਤਾ ਹੈ''। ਇਹ ਟਿੱਪਣੀ ਇਕ ਅਧਿਕਾਰੀ ਨੇ ਕੀਤੀ। ਸਹਿਕਾਰੀ ਸਭਾਵਾਂ ਦੀ ਉੱਘੀ ਸੰਸਥਾ ਐੱਨ ਡੀ ਡੀ ਬੀ ਨੇ ਸਾਰੀਆਂ ਸੂਬਾਈ ਫੈਡਰੇਸ਼ਨਾਂ, ਜਿਵੇਂ ਕਿ ਜੀ ਸੀ ਐੱਮ ਐੱਮ ਐੱਫ, ਕਰਨਾਟਕ ਕੋ-ਆਪਰੇਟਿਵ ਮਿਲਕ ਪ੍ਰੋਡਿਊਸਰਜ਼ ਫੈਡਰੇਸ਼ਨ, ਰਾਜਸਥਾਨ ਕੋ-ਆਪਰੇਟਿਵ ਡੇਅਰੀ ਫੈਡਰੇਸ਼ਨ ਵਗੈਰਾ ਨੂੰ ਬੇਨਤੀ ਕੀਤੀ ਹੈ ਕਿ ਉਹ ਹੰਗਾਮੀ ਸਥਿਤੀ ਵਿੱਚ ਉਨ੍ਹਾਂ ਕਿਸਾਨਾਂ ਦੇ ਬੈਂਕ ਖਾਤੇ ਖੁੱਲ੍ਹਵਾਉਣ ਜਿਨ੍ਹਾਂ ਨੂੰ ਕਿ ਅਜੇ ਤੱਕ ਨਕਦ ਅਦਾਇਗੀ ਕੀਤੀ ਜਾ ਰਹੀ ਹੈ।

## ਖੁਰਾਕ ਮੰਤਰਾਲਾ ਵਲੋਂ ਪੀ ਡੀ ਐੱਸ ਦੁਕਾਨਾਂ ਉਤੇ ਨਕਦੀ-ਰਹਿਤ ਲੈਣ-ਦੇਣ ਨੂੰ ਪ੍ਰਦਾਨ ਕੀਤੀ ਜਾ ਰਹੀ ਹੈ ਡਿਜੀਟਲ ਤੇਜ਼ੀ

ਇਸ ਤੋਂ ਇਲਾਵਾ ਖੁਰਾਕ ਮੰਤਰਾਲਾ ਨੇ ਦੇਸ਼ ਭਰ ਦੀਆਂ 5 ਲੱਖ ਰਾਸ਼ਨ ਦੀਆਂ ਦੁਕਾਨਾਂ (ਐੱਫ ਪੀ ਐੱਸ) ਉਤੇ ਨਕਦੀ-ਰਹਿਤ ਲੈਣ-ਦੇਣ ਨੂੰ ਉਤਸ਼ਾਹਤ ਕਰਨ ਲਈ ਪਹਿਲਕਦਮੀ ਕੀਤੀ ਹੈ। ਇਨ੍ਹਾਂ ਦੁਕਾਨਾਂ ਤੋਂ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ (ਐੱਨ ਐੱਫ ਐੱਸ ਏ) ਅਧੀਨ ਲਾਭਪਾਤਰੀ ਲਾਭ ਪ੍ਰਾਪਤ ਕਰਦੇ ਹਨ ਅਤੇ ਉਹ ਅਧਾਰ - ਅਧਾਰਿਤ ਬੈਂਕ ਖਾਤੇ ਜਾਂ ਰੁਪੈ ਕਾਰਡ ਦੀ ਮਦਦ ਨਾਲ ਸਸਤਾ ਰਾਸ਼ਨ ਖਰੀਦ ਸਕਦੇ ਹਨ। ''ਐੱਨ ਐੱਫ ਐੱਸ ਏ ਅਧੀਨ ਆਉਣ ਵਾਲੇ ਲਾਭਪਾਤਰੀ, ਭਾਵੇਂ ਕਿ ਮਹੀਨੇ ਦੇ ਸਿਰਫ 75 ਤੋਂ 90 ਰੁਪਏ ਅਦਾ ਕਰਕੇ ਸਸਤਾ ਅਨਾਜ ਹਾਸਲ ਕਰਦੇ ਹਨ ਪਰ ਅਸੀਂ ਇਹ ਯੀਕਨੀ ਬਣਾਉਣਾ ਚਾਹੁੰਦੇ ਹਾਂ ਕਿ ਇਸ ਛੋਟੀ ਜਿਹੀ ਰਕਮ ਦੀ ਅਦਾਇਗੀ ਵੀ ਨਕਦੀ ਵਿੱਚ ਨਾ ਹੋਵੇ।" ਇਹ ਟਿੱਪਣੀ ਖੁਰਾਕ ਮੰਤਰਾਲਾ ਦੇ ਇਕ ਅਧਿਕਾਰੀ ਨੇ ਕੀਤੀ।

ਐੱਨ ਐੱਫ ਐੱਸ ਏ ਅਧੀਨ ਹਰ ਲਾਭਪਾਤਰੀ ਨੂੰ ਮਹੀਨੇ ਵਿੱਚ 5 ਕਿਲੋ ਚਾਵਲ 3 ਰੁਪਏ ਕਿਲੋ ਜਾਂ 5 ਕਿਲੋ ਕਣਕ 2 ਰੁਪਏ ਪ੍ਰਤਿ ਕਿਲੋ ਦੇ ਹਿਸਾਬ ਨਾਲ ਮਿਲਦੀ ਹੈ ਪਰ ਕੁੱਝ ਰਾਜਾਂ ਜਿਵੇਂ ਕਿ ਓਡੀਸ਼ਾ, ਛੱਤੀਸਗੜ੍ਹ ਅਤੇ ਤਾਮਿਲਨਾਡੂ ਵਲੋਂ ਇਸ ਤੋਂ ਵੀ ਸਸਤੇ ਭਾਅ ਉਤੇ ਇਹ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ।

**ਆਂਧਰਾ ਪ੍ਰਦੇਸ਼, ਜਿਸ ਨੇ ਕਿ ਆਪਣੇ ਸਾਰੇ 29082 ਐੱਫ ਪੀ ਐੱਸ ਉਤੇ ਪੁਆਇੰਟ ਆਫ ਸੇਲ (ਪੀ ਓ ਐੱਸ) ਮਸ਼ੀਨਾਂ ਲਗਾ ਦਿੱਤੀਆਂ ਹਨ, ਨੇ ਵੀ ਐੱਨ ਐੱਫ ਐੱਸ ਏ ਲਾਭਪਾਤਰੀਆਂ ਲਈ ਅਧਾਰ - ਅਧਾਰਿਤ ਪੀ ਓ ਐੱਸ ਮਸ਼ੀਨਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀ ਨੇ ਕਿਹਾ ਕਿ ''ਪੀ ਓ ਐੱਸ ਮਸ਼ੀਨਾਂ ਵਿੱਚ ਕਾਰਡ ਦੀ ਵਰਤੋਂ ਕਰਕੇ ਕੋਈ ਵੀ ਲਾਭਪਾਤਰੀ ਐੱਨ ਐੱਫ ਐੱਸ ਏ ਅਧੀਨ ਨਕਦੀ ਅਦਾ ਕੀਤੇ ਬਿਨਾਂ ਅਨਾਜ ਖਰੀਦ ਸਕਦਾ ਹੈ।"**

ਕਰਨਾਟਕ ਨੇ ਮਹਾਂਰਾਸ਼ਟਰ, ਹਰਿਆਣਾ, ਰਾਜਸਥਾਨ ਅਤੇ ਓਡੀਸ਼ਾ ਵਾਂਗ ਹੀ ਰਾਸ਼ਨ ਦੀਆਂ ਦੁਕਾਨਾਂ (ਪੀ ਡੀ ਐੱਸ) ਉੱਤੇ ਅਧਾਰ - ਅਧਾਰਿਤ ਭੁਗਤਾਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਅਧਾਰ - ਅਧਾਰਿਤ ਪੁਆਇੰਟ ਆਫ ਸੇਲ (ਪੀ ਓ ਐੱਸ) ਮਸ਼ੀਨਾਂ 20778 ਐੱਫ ਪੀ ਐੱਸ ਉਤੇ ਰਾਜ ਵਿੱਚ ਲਗਾਈਆਂ ਗਈਆਂ ਹਨ ਜੋ ਕਿ ਗਰੀਬੀ ਰੇਖਾ ਹੇਠ ਰਹਿ ਰਹੇ 1.08 ਕਰੋੜ (ਬੀ ਪੀ ਐੱਲ) ਰਾਸ਼ਨਕਾਰਡ ਧਾਰਕਾਂ ਲਈ ਬਾਇਓਮੀਟ੍ਰਿਕ ਪਛਾਣ ਦਾ ਪ੍ਰਬੰਧ ਕਰਨਗੀਆਂ। ਇਹ ਪ੍ਰਬੰਧ ਐੱਨ ਐੱਫ ਐੱਸ ਏ ਅਧੀਨ ਸਸਤੇ ਅਨਾਜ ਦੀ ਖਰੀਦ ਲਈ ਕੀਤਾ ਜਾਵੇਗਾ। ਰਾਜ ਸਰਕਾਰ ਕਾਰਡ ਧਾਰਕਾਂ ਦੇ ਜਨ ਧਨ ਖਾਤਿਆਂ ਨੂੰ ਅਧਾਰ ਨਾਲ ਜੋੜੇਗੀ।

ਮਹਾਂਰਾਸ਼ਟਰ ਸਰਕਾਰ ਨੇ ਰਾਜ ਦੇ 84 ਐਫ ਪੀ ਐੱਸ ਰਾਹੀਂ ਨਕਦੀ-ਰਹਿਤ ਲੈਣ-ਦੇਣ ਦਾ ਇਕ ਪ੍ਰਮੁੱਖ ਪ੍ਰਾਜੈਕਟ ਸ਼ੁਰੂ ਕੀਤਾ ਹੈ ਜਿਸ ਵਿੱਚ ਯੂ ਐੱਸ ਐੱਸ ਡੀ ਜਾਂ ਈ-ਵਾਲੈੱਟ ਸਹੂਲਤ ਰਾਹੀਂ ਭੁਗਤਾਨ ਦਾ ਪ੍ਰਬੰਧ ਹੋਵੇਗਾ। ਰਾਸ਼ਨ ਦੀਆਂ ਦੁਕਾਨਾਂ ਹੁਣ ਪੁਆਇੰਟ ਆਫ ਸੇਲ ਰਾਹੀਂ ਆਪਣੇ ਲੈਣ-ਦੇਣ ਦਾ ਕੰਮ ਚਲਾਉਣਗੀਆਂ। ਐੱਫ ਪੀ ਐੱਸ ਵਲੋਂ ਰਾਸ਼ਨ ਕਾਰਡ ਵਾਲਿਆਂ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਸਸਤਾ ਸਮਾਨ ਮੁਹੱਈਆ ਕੀਤਾ ਜਾਂਦਾ ਹੈ। ਮਹਾਂਰਾਸ਼ਟਰ ਸਰਕਾਰ ਸਾਰੀਆਂ 50,000 ਰਾਸ਼ਨ ਦੀਆਂ ਦੁਕਾਨਾ ਉਤੇ ਨਕਦੀ-ਰਹਿਤ ਅਦਾਇਗੀ ਦੀ ਸਹੂਲਤ ਦਾ ਪ੍ਰਬੰਧ ਕਰੇਗੀ।

ਜਦ ਤੋਂ ਨੋਟਬੰਦੀ ਦਾ ਐਲਾਨ ਹੋਇਆ ਹੈ ਤਦ ਤੋਂ ਕਰੰਸੀ ਦੀ ਤੰਗੀ ਦੇ ਬਾਵਜੂਦ ਐੱਨ ਐੱਫ ਐੱਸ ਏ ਅਧੀਨ ਅਨਾਜ ਦੀ ਪਹੁੰਚ ਵਿੱਚ ਦੇਰੀ ਬਾਰੇ ਕੋਈ ਰਿਪੋਰਟ ਨਹੀਂ ਮਿਲੀ। ਕੁੱਲ 24 ਕਰੋੜ ਰਾਸ਼ਨ ਕਾਰਡਾਂ ਵਿੱਚੋਂ 71 ਪ੍ਰਤਿਸ਼ਤ ਅਧਾਰ ਅਧਾਰਿਤ ਹੋ ਗਏ ਹਨ ਅਤੇ ਇਨ੍ਹਾਂ ਕਾਰਡਾਂ ਨੂੰ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਨਾਲ ਜੋੜ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪੀ ਓ ਐੱਸ ਮਸ਼ੀਨਾਂ ਵੀ ਲਗਾ ਦਿੱਤੀਆਂ ਗਈਆਂ ਹਨ ਤਾਂ ਕਿ ਨਕਦੀ-ਰਹਿਤ ਲੈਣ-ਦੇਣ ਯਕੀਨੀ ਬਣ ਸਕੇ। ਇਕ ਅਧਿਕਾਰੀ ਨੇ ਉਪਰੋਕਤ ਜਾਣਕਾਰੀ ਦਿੱਤੀ। ਇਸ ਵੇਲੇ 50 ਤੋਂ 55 ਮਿਲੀਅਨ ਟਨ ਚਾਵਲ ਅਤੇ ਕਣਕ ਦੀ ਸਪਲਾਈ ਐੱਨ ਐੱਫ ਐੱਸ ਦੇ ਅਧੀਨ ਆਉਂਦੀ 82 ਕਰੋੜ ਅਬਾਦੀ ਨੂੰ ਕੀਤੀ ਜਾਂਦੀ ਹੈ।

ਖੁਰਾਕ ਅਤੇ ਖਪਤਕਾਰ ਮਾਮਲਿਆਂ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਸਾਰੇ ਕੰਮ-ਕਾਜ ਵਿੱਚ ਨਕਦੀ-ਰਹਿਤ ਲੈਣ-ਦੇਣ ਯਕੀਨੀ ਬਣੇ। ਕਿਸਾਨਾਂ

ਤੋਂ ਅਨਾਜ ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਵਲੋਂ ਘੱਟੋ-ਘੱਟ ਸਹਾਇਕ ਕੀਮਤ (ਐੱਮ ਐੱਸ ਪੀ) ਬੈਂਕ ਵਿੱਚ ਤਬਦੀਲ ਕਰਕੇ ਖਰੀਦਿਆ ਜਾ ਰਿਹਾ ਹੈ। ਸਿਰਫ ਪੰਜਾਬ ਅਤੇ ਹਰਿਆਣਾ ਵਿੱਚ ਇਹ ਭੁਗਤਾਨ ਆੜਤੀਆਂ ਜਾਂ ਕਮਿਸ਼ਨ ਏਜੰਟਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਖਪਤਕਾਰ ਮਾਮਲਿਆਂ ਦੇ ਵਿਭਾਗ ਨੇ ਬੀਤੇ ਦਿਨੀਂ ਖਤਮ ਹੋਏ ਖਰੀਫ ਦੇ ਮੌਸਮ ਵਿੱਚ 703 ਕਰੋੜ ਰੁਪਏ ਦੀਆਂ ਦਾਲਾਂ ਕਿਸਾਨਾਂ ਨੂੰ ਆਨਲਾਈਨ ਭੁਗਤਾਨ ਕਰਕੇ ਖਰੀਦੀਆਂ ਹਨ। ਮੰਤਰਾਲਾ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਨਕਦੀ-ਰਹਿਤ ਭੁਗਤਾਨ ਸਾਰੇ ਠੇਕੇ ਦੇ ਮਜ਼ਦੂਰਾਂ ਨੂੰ ਯਕੀਨੀ ਬਣਾਇਆ ਜਾਵੇ।

### ਮਨਰੇਗਾ ਕਾਮਿਆਂ ਨੂੰ ਤਨਖ਼ਾਹ ਉਨ੍ਹਾਂ ਦੇ ਬੈਂਕ ਖਾਤਿਆਂ ਰਾਹੀਂ

ਕੁੱਝ ਸਾਲ ਪਹਿਲਾਂ ਸ਼ੁਰੂ ਕੀਤੇ ਗਏ ਵਿੱਤੀ ਸਮਾਵੇਸ਼ ਪ੍ਰੋਗਰਾਮ ਕਾਰਨ ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੋਜ਼ਗਾਰ ਜ਼ਾਮਨੀ ਯੋਜਨਾ (ਮਨਰੇਗਾ) ਅਧੀਨ ਕਾਮਿਆਂ ਨੂੰ ਤਨਖ਼ਾਹ ਦਾ ਭੁਗਤਾਨ ਨਕਦੀ-ਰਹਿਤ ਹੋ ਗਿਆ ਹੈ ਅਤੇ ਜ਼ਿਆਦਾਤਰ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਰਾਹੀਂ ਹੀ ਭੁਗਤਾਨ ਹੁੰਦਾ ਹੈ। ਚਾਲੂ ਮਾਲੀ ਸਾਲ (2016-17) ਵਿੱਚ ਹੁਣ ਤੱਕ 25 ਕਰੋੜ ਲਾਭਪਾਤਰੀਆਂ ਨੂੰ 32,000 ਕਰੋੜ ਰੁਪਏ ਤੋਂ ਵੱਧ ਰਕਮ ਇਸੇ ਢੰਗ ਨਾਲ ਤਬਦੀਲ ਕੀਤੀ ਗਈ।

### ਇਕ ਕਰੋੜ ਲੋਕਾਂ ਨੂੰ ਡਿਜੀਟਲ ਸਿੱਖਿਆ ਦੇਣ ਉਤੇ ਸਰਕਾਰ ਦਾ ਜ਼ੋਰ

ਸਰਕਾਰ ਦਾ ਟੀਚਾ ਇਕ ਕਰੋੜ ਦਿਹਾਤੀ ਲੋਕਾਂ ਨੂੰ ਡਿਜੀਟਲ ਸਿੱਖਿਆ ਦੇਣ ਦਾ ਹੈ। ਇਸ ਦਾ ਭਾਵ ਹੈ ਕਿ ਲੋਕਾਂ ਨੂੰ ਖਪਤਕਾਰ ਵਜੋਂ ਸਿੱਖਿਅਤ ਕੀਤਾ ਜਾਵੇ ਤਾਂ ਕਿ ਉਹ ਭੁਗਤਾਨ ਦੇ ਉਨ੍ਹਾਂ ਸਾਰੇ ਆਨਲਾਈਨ ਢੰਗਾਂ ਬਾਰੇ ਸਿੱਖਿਆ ਹਾਸਲ ਕਰ ਸਕਣ ਜੋ ਕਿ ਉਨ੍ਹਾਂ ਲਈ ਢੁਕਵੇਂ ਹੋਣ। 40 ਲੱਖ ਤੋਂ ਵੱਧ ਦਿਹਾਤੀ ਲੋਕਾਂ ਅਤੇ 1.2 ਲੱਖ ਲੋਕਾਂ ਨੂੰ ਡਿਜੀਟਲ ਭੁਗਤਾਨ ਦੀ ਸਿੱਖਿਆ ਲੈਣ ਲਈ ਪੰਜੀਕ੍ਰਿਤ ਕੀਤਾ ਜਾ ਚੁੱਕਾ ਹੈ।

"ਅਸੀਂ ਜਾਗਰੂਕਤਾ ਪੈਦਾ ਕਰਨ ਦੇ ਪੜਾਅ ਤੋਂ ਅਜਿਹੇ ਪੜਾਅ ਉਤੇ ਪਹੁੰਚ ਚੁੱਕੇ ਹਾਂ ਜਿਥੇ ਲੋਕ ਇਲੈਕਟ੍ਰਾਨਿਕ ਭੁਗਤਾਨ ਕਰਨ ਲਈ ਸਰਗਰਮ ਤੌਰ ਤੇ ਯਤਨਸ਼ੀਲ ਹਨ। ਇਲੈਕਟ੍ਰਾਨਿਕ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ ਵਲੋਂ ਕਾਇਮ ਕੀਤੇ ਗਏ ਸਾਂਝੇ ਸੇਵਾ ਕੇਂਦਰ (ਸੀ ਐੱਸ ਸੀਜ਼) ਇਸ ਮੁਹਿੰਮ ਨੂੰ ਅੱਗੇ ਵਧਾਉਣ ਲਈ ਸਰਗਰਮ ਹੋ ਰਹੇ ਹਨ।" ਇਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।

**ਬੀਤੇ ਦਿਨੀਂ ਪ੍ਰਧਾਨ ਮੰਤਰੀ ਨੇ ਮੰਨਿਆ ਸੀ ਕਿ ਜਿੱਥੇ 'ਨਕਦੀ-ਰਹਿਤ' ਸਮਾਜ ਤੁਰੰਤ ਸੰਭਵ ਨਹੀਂ ਹੈ, ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ 'ਘੱਟ ਨਕਦੀ' ਵਾਲੇ ਸਮਾਜ ਦਾ ਹਿੱਸਾ ਬਣਨ ਲਈ ਕੰਮ ਕਰਨ। "ਇਹ ਸਿੱਖੋ ਕਿ ਡਿਜੀਟਲ ਆਰਥਿਕਤਾ ਕਿਵੇਂ ਕੰਮ ਕਰਦੀ ਹੈ। ਤੁਸੀਂ ਆਪਣੇ ਬੈਂਕ ਖਾਤਿਆਂ ਅਤੇ ਇੰਟਰਨੈੱਟ ਬੈਂਕਿੰਗ ਦੀ ਕਿਵੇਂ ਵੱਖ-ਵੱਖ ਢੰਗਾਂ ਨਾਲ ਵਰਤੋਂ ਕਰ ਸਕਦੇ ਹੋ, ਬਾਰੇ ਵੀ ਸਿਖੋ। ਇਹ ਵੀ ਸਿਖੋ ਕਿ ਵੱਖ-ਵੱਖ ਬੈਂਕਾਂ ਦੇ ਐਪਸ ਦੀ ਫ਼ੋਨ ਉਤੇ ਕਿਵੇਂ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਹੋ ਸਕਦੀ ਹੈ। ਸਿਖੋ ਕਿ ਨਕਦੀ ਤੋਂ ਬਿਨਾਂ ਆਪਣਾ ਵਪਾਰ ਕਿਵੇਂ ਚਲਾਇਆ ਜਾ ਸਕਦਾ ਹੈ।" ਪ੍ਰਧਾਨਮੰਤਰੀ ਨੇ ਕਿਹਾ। ਹੁਣ ਤੱਕ ਹੋਈ ਪ੍ਰਗਤੀ ਨੂੰ ਵੇਖਦੇ ਹੋਏ ਲਗਦਾ ਹੈ ਕਿ ਦਿਹਾਤੀ ਭਾਰਤ ਨੂੰ ਇਕ ਘੱਟ ਨਕਦੀ ਵਾਲੀ ਆਰਥਿਕਤਾ ਵਿੱਚ ਬਦਲਣ ਲਈ ਇਕ ਮਜ਼ਬੂਤ ਸ਼ੁਰੂਆਤ ਹੋਈ ਹੈ।**

*(ਲੇਖਕ ਦਿੱਲੀ ਸਥਿਤ ਪੱਤਰਕਾਰ ਅਤੇ ਦਿਹਾਤੀ ਮੁੱਦਿਆਂ ਉਤੇ ਲਿਖਣ ਦਾ ਉਨ੍ਹਾਂ ਕੋਲ ਵਿਸ਼ਾਲ ਤਜਰਬਾ ਹੈ)*

*e-mail :sandipdas2005@gmail.com*

***ਸਫ਼ਾ 22 ਦਾ ਬਾਕੀ***

● ***ਘੱਟ ਕਰ ਦਰਾਂ :*** ਇਹ ਜ਼ਰੂਰੀ ਹੈ ਕਿ ਸੂਚਨਾ ਤਕਨਾਲੋਜੀ ਯੰਤਰਾਂ ਜਿਵੇਂ ਕਿ ਸਮਾਰਟ ਫੋਨ ਅਤੇ ਟੈਬਲੇਟਸ ਉਤੇ ਕਰ ਦਰਾਂ ਘਟਾਈਆਂ ਜਾਣ। ਇਸ ਨਾਲ ਲੋਕਾਂ ਨੂੰ ਇਨ੍ਹਾਂ ਢੰਗਾਂ ਰਾਹੀ ਭੁਗਤਾਨ ਕਰਨ ਵਿੱਚ ਮਦਦ ਮਿਲੇਗੀ। ਵਿੱਤ ਮੰਤਰਾਲਾ ਵਲੋਂ ਵਸਤਾਂ ਅਤੇ ਸੇਵਾ ਕਰ (ਜੀ ਐੱਸ ਟੀ) ਦਾ ਜੋ ਢਾਂਚਾ ਜਾਰੀ ਕੀਤਾ ਗਿਆ ਹੈ ਉਸ ਵਿੱਚ ਇਲੈਕਟ੍ਰਾਨਿਕ ਵਸਤਾਂ ਉਤੇ 28 ਪ੍ਰਤਿਸ਼ਤ ਜੀ ਐੱਸ ਟੀ ਲੱਗਣ ਦੀ ਆਸ ਹੈ ਜੋ ਕਿ ਬਹੁਤ ਜ਼ਿਆਦਾ ਹੈ। ਸਮਾਰਟ ਫੋਨ ਪਹੁੰਚ ਯੋਗ ਬਣਾਏ ਜਾਣੇ ਚਾਹੀਦੇ ਹਨ। 2016 ਵਿੱਚ ਭਾਰਤ ਵਿੱਚ ਕਾਰਪੋਰੇਟ ਕਰ ਦੀ ਦਰ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਸੀ। ਇਥੇ ਘਰੇਲੂ ਕੰਪਨੀਆਂ ਉਤੇ 30 ਪ੍ਰਤਿਸ਼ਤ ਅਤੇ ਵਿਦੇਸ਼ੀ ਕੰਪਨੀਆਂ ਉਤੇ 40 ਪ੍ਰਤਿਸ਼ਤ ਕਾਰਪੋਰੇਟ ਕਰ ਨਕਦਾ ਹੈ। ਇਸ ਉਤੇ ਹੋਰ ਖਰਚੇ ਵੀ ਪੈਂਦੇ ਹਨ। ਸਵੀਡਨ ਵਿੱਚ 22 ਪ੍ਰਤਿਸ਼ਤ ਅਤੇ ਚੀਨ ਵਿੱਚ 25 ਪ੍ਰਤਿਸ਼ਤ ਕਾਰਪੋਰੇਟ ਕਰ ਦੇਸੀ ਅਤੇ ਘਰੇਲੂ ਕੰਪਨੀਆਂ ਉਤੇ ਨਕਦਾ ਹੈ। ਕਰ ਦੀਆਂ ਉੱਚੀਆਂ ਦਰਾਂ ਕਾਰਨ ਕਰ ਚੋਰੀ ਨੂੰ ਉਤਸ਼ਾਹ ਮਿਲਦਾ ਹੈ।

● ***ਮਜ਼ਬੂਤ ਈ-ਕਾਮਰਸ ਨੀਤੀ :*** ਦੇਸ਼ ਵਿੱਚ ਇਕ ਮਜ਼ਬੂਤ ਈ-ਕਾਮਰਸ ਕਾਨੂੰਨ ਹੋਣਾ ਚਾਹੀਦਾ ਹੈ ਜਿਸ ਨਾਲ ਨਕਦੀ ਰਹਿਤ ਭੁਗਤਾਨ ਵਿੱਚ ਖਪਤਕਾਰ ਦੀ ਸੁਰੱਖਿਆ ਯਕੀਨੀ ਬਣ ਸਕੇ।

ਸਿੱਟੇ ਵਜੋਂ ਭਾਰਤ ਸਰਕਾਰ ਨੇ 'ਘੱਟ ਨਕਦੀ ਵਾਲੀ ਆਰਥਿਕਤਾ' ਵੱਲ ਇਕ ਸਹੀ ਕਦਮ ਚੁੱਕਿਆ ਹੈ ਪਰ ਦੂਜੇ ਦੇਸ਼ਾਂ ਦੇ ਤਜਰਬਿਆਂ ਤੋਂ ਪਤਾ ਨਕਦਾ ਹੈ ਕਿ 'ਘੱਟ ਨਕਦੀ ਵਾਲੀ ਆਰਥਿਕਤਾ' ਲਈ ਢਾਂਚਾ ਅਤੇ ਸਹਾਇਕ ਕਾਨੂੰਨ ਹੋਣੇ ਚਾਹੀਦੇ ਹਨ। 'ਘੱਟ ਨਕਦੀ ਵਾਲੀ ਆਰਥਿਕਤਾ' ਵੱਲ ਵਧਣ ਲਈ ਸਰਕਾਰ, ਵਿੱਤੀ ਸੰਸਥਾਵਾਂ ਅਤੇ ਵਪਾਰੀਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਦੇਸ਼ ਨੂੰ ਇਕ ਘੱਟ ਅਤੇ ਸਰਲ ਕਰ ਢਾਂਚੇ ਦੀ ਲੋੜ ਹੈ ਅਤੇ 2017-18 ਦਾ ਕੇਂਦਰੀ ਬਜਟ ਸਰਕਾਰੀ ਨੀਤੀਆਂ ਨੂੰ 'ਘੱਟ ਨਕਦੀ ਵਾਲੀ ਆਰਥਿਕਤਾ' ਵੱਲ ਵਧਣ ਲਈ ਇਕ ਪ੍ਰਮੁੱਖ ਯੰਤਰ ਸਿੱਧ ਹੋਵੇਗਾ।

*(ਲੇਖਕ ਆਈ ਸੀ ਆਰ ਆਈ ਈ ਆਰ ਵਿੱਚ ਪ੍ਰੋਫੈਸਰ ਹਨ ਅਤੇ ਨੀਤੀ ਅਧਾਰਤ ਖੋਜ ਵਿੱਚ ਉਨ੍ਹਾਂ ਦਾ ਕਈ ਸਾਲ ਦਾ ਤਜਰਬਾ ਹੈ।)*

*e-mail :arpita@icrier.res.in*

# ਨੋਟਬੰਦੀ : ਘੱਟ ਨਕਦੀ ਵਾਲੀ ਆਰਥਿਕਤਾ ਵੱਲ ਇਕ ਕਦਮ

ਡੀ ਐੱਸ ਮਲਿਕ

ਭ੍ਰਿਸ਼ਟਾਚਾਰ, ਕਾਲੇ ਧਨ, ਮਨੀ ਲਾਂਡਰਿੰਗ, ਦਹਿਸ਼ਤਵਾਦ ਅਤੇ ਹੋਰਨਾਂ ਬੁਰਾਈਆਂ ਵਿਰੁੱਧ ਜ਼ੋਰਦਾਰ ਮੁਹਿੰਮ ਅਧੀਨ ਭਾਰਤ ਸਰਕਾਰ ਨੇ 8 ਨਵੰਬਰ 2016 ਦੀ ਅੱਧੀ ਰਾਤ ਤੋਂ ਇਕ ਵੱਡੀ ਨੋਟਬੰਦੀ ਮੁਹਿੰਮ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਪੰਜ ਸੌ ਅਤੇ ਇਕ ਹਜ਼ਾਰ ਰੁਪਏ ਦੇ ਨੋਟ 8 ਨਵੰਬਰ ਦੀ ਅੱਧੀ ਰਾਤ ਤੋਂ ਚੱਲਣੇ ਬੰਦ ਹੋਏ। ਇਸ ਫੈਸਲੇ ਦਾ ਉਦੇਸ਼ ਵੀ ਦੇਸ਼ ਵਿੱਚ ਅੱਤਵਾਤ ਦੀ, ਜਾਅਲੀ ਭਾਰਤੀ ਕਰੰਸੀ ਨੋਟਾਂ (ਐਫ ਆਈ ਸੀ ਐੱਨ) ਰਾਹੀਂ ਕੀਤੀ ਜਾ ਰਹੀ ਫੰਡਿੰਗ ਅਤੇ ਅਜਿਹੇ ਫੰਡਾਂ ਦੀ ਵਰਤੋਂ ਭੰਨਤੋੜ ਦੀਆਂ ਸਰਗਰਮੀਆਂ, ਜਿਵੇਂ ਕਿ ਜਾਸੂਸੀ, ਹਥਿਆਰਾਂ ਦੀ ਤਸਕਰੀ, ਨਸ਼ੀਲੀਆਂ ਦਵਾਈਆਂ ਅਤੇ ਹੋਰ ਨਾਜਾਇਜ਼ ਵਸਤਾਂ ਨੂੰ ਭਾਰਤ ਵਿੱਚ ਆਉਣੋਂ ਰੋਕਣਾ ਅਤੇ ਇਸ ਤਰ੍ਹਾਂ ਕਾਲੇ ਧਨ ਨੂੰ ਖਤਮ ਕਰਨਾ ਸੀ। ਇਹ ਕਾਲਾ ਧਨ ਭਾਰਤ ਦੀ ਅਸਲ ਅਰਥਵਿਵਸਥਾ ਉਤੇ ਇਕ ਸਮਾਨੰਤਰ ਅਰਥਵਿਵਸਥਾ ਵਾਂਗ ਕੰਮ ਕਰ ਰਿਹਾ ਸੀ।

ਸਰਕਾਰ ਨੇ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਦੀਆਂ ਇਨ੍ਹਾਂ ਸਿਫਾਰਸ਼ਾਂ ਨੂੰ ਵੀ ਪ੍ਰਵਾਨ ਕਰ ਲਿਆ ਕਿ ਦੋ ਹਜ਼ਾਰ ਰੁਪਏ ਅਤੇ ਪੰਜ ਸੌ ਰੁਪਏ ਦੇ ਨਵੇਂ ਕਰੰਸੀ ਨੋਟ ਜਾਰੀ ਕੀਤੇ ਜਾਣ। ਚੈੱਕਾਂ, ਡੀਮਾਂਡ ਡਰਾਫਟਾਂ, ਡੈਬਿਟ ਅਤੇ ਕਰੈਡਿਟ ਕਾਰਡਾਂ ਅਤੇ ਇਲੈਕਟ੍ਰਾਨਿਕ ਫੰਡ ਟਰਾਂਸਫਰ ਆਦਿ ਉਤੇ ਕੋਈ ਰੋਕ ਨਹੀਂ ਲਗਾਈ ਗਈ।

ਕਿਸਾਨਾਂ ਦੀ ਭਲਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਰਬੀ ਦੀ ਫ਼ਸਲ ਲਈ ਵਧੀਆ ਕਿਸਮ ਦੇ ਬੀਜ, ਖਾਦਾਂ, ਕੀਟ ਨਾਸ਼ਕਾਂ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਖਰੀਦ ਲਈ ਕਾਫੀ ਫੰਡ ਮੁਹੱਈਆ ਕਰਵਾਏ ਗਏ। ਇਸੇ ਤਰ੍ਹਾਂ ਵਪਾਰੀਆਂ ਨੂੰ ਫੰਡ ਮੁਹੱਈਆ ਕਰਵਾਉਣ ਲਈ ਬੈਂਕਾਂ ਵਿੱਚੋਂ ਕਰੰਟ ਖਾਤੇ ਵਿੱਚੋਂ ਕਢਵਾਈ ਜਾਣ ਵਾਲੀ ਰਕਮ ਦੀ ਹੱਦ 50,000 ਰੁਪਏ ਪ੍ਰਤਿ ਹਫ਼ਤਾ ਤੱਕ ਵਧਾ ਦਿੱਤੀ ਗਈ ਤਾਂ ਕਿ ਦਿਹਾੜੀਦਾਰਾਂ ਨੂੰ ਭੁਗਤਾਨ ਕੀਤਾ ਜਾ ਸਕੇ ਤੇ ਹੋਰ ਅਚਨਚੇਤੀ ਖਰਚਿਆਂ ਆਦਿ ਦਾ ਭੁਗਤਾਨ ਹੋ ਸਕੇ।

ਕਾਲੇ ਧਨ ਵਿਰੁੱਧ ਜੰਗ ਮੌਜੂਦਾ ਸਰਕਾਰ ਵਲੋਂ ਮਈ 2014 ਵਿੱਚ ਸ਼ੁਰੂ ਕੀਤੀ ਗਈ ਸੀ ਜਦੋਂ ਕਿ ਇਸ ਉਦੇਸ਼ ਲਈ ਇਕ ਐੱਸ ਆਈ ਟੀ ਕਾਇਮ ਕੀਤੀ ਗਈ ਸੀ।

2015 ਵਿੱਚ ਵਿਦੇਸ਼ੀ ਬੈਂਕ ਖਾਤਿਆਂ ਦੇ ਪ੍ਰਗਟਾਵਿਆਂ ਬਾਰੇ ਇਕ ਕਾਨੂੰਨ ਬਣਾਇਆ ਗਿਆ। ਅਗਸਤ 2016 ਵਿੱਚ ਬੇਨਾਮੀ ਖਾਤਿਆਂ ਉਤੇ ਪਾਬੰਦੀ ਲਈ ਸਖਤ ਨਿਯਮ ਲਾਗੂ ਕੀਤੇ ਗਏ। ਇਸੇ ਸਮੇਂ ਵਿੱਚ ਆਮਦਨ ਪ੍ਰਗਟਾਵਾ ਸਕੀਮ (ਆਈ ਡੀ ਐੱਸ) - 2016 ਲਾਗੂ ਕੀਤੀ ਗਈ ਜਿਸ ਦਾ ਉਦੇਸ਼ ਜੂਨ 2016 ਤੋਂ ਸਤੰਬਰ 2016 ਦਰਮਿਆਨ ਕਾਲੇ ਧਨ ਨੂੰ ਬਾਹਰ ਕਢਵਾਉਣਾ ਸੀ।

ਆਈ ਡੀ ਐੱਸ 2016 ਅਧੀਨ 67,000 ਕਰੋੜ ਰੁਪਏ ਤੋਂ ਵੱਧ ਦਾ ਕਾਲਾ ਧਨ ਬਾਹਰ ਆਇਆ।

ਇਨ੍ਹਾਂ ਸਾਰੇ ਯਤਨਾਂ ਦੇ ਚੰਗੇ ਨਤੀਜੇ ਸਾਹਮਣੇ ਆਏ। ਪਿਛਲੇ ਢਾਈ ਸਾਲ ਵਿੱਚ 1.25 ਲੱਖ ਕਰੋੜ ਦਾ ਕਾਲਾ ਧਨ ਬਾਹਰ ਆਇਆ।

ਇਕ ਪਾਸੇ ਸਰਕਾਰ ਨੇ ਕਾਲੇ ਧਨ ਵਿਰੁੱਧ ਜੰਗ ਛੇੜੀ, ਉਥੇ ਦੂਜੇ ਪਾਸੇ ਉਸ ਨੇ ਡਿਜੀਟਲ ਬੈਂਕਿੰਗ ਅਤੇ ਈ-ਭੁਗਤਾਨਾਂ ਨੂੰ ਉਤਸ਼ਾਹਿਤ ਕਰਨ ਉਤੇ ਜ਼ੋਰ ਦਿੱਤਾ।

ਇਹ ਪਹਿਲਕਦਮੀ ਕਰਦੇ ਹੋਏ ਸਰਕਾਰ ਨੇ ਇਕ ਕਦਮ ਚੁੱਕਿਆ ਅਤੇ ਘਰਾਂ ਤੋਂ ਹੀ ਡਿਜੀਟਲ ਭੁਗਤਾਨ ਦਾ ਇਕ ਢੰਗ ਸ਼ੁਰੂ ਕੀਤਾ। ਸਰਕਾਰੀ ਭੁਗਤਾਨਾਂ ਨੂੰ ਪੂਰੀ ਤਰ੍ਹਾਂ ਡਿਜੀਟਲ ਕਰਨ ਲਈ ਕੇਂਦਰ ਸਰਕਾਰ ਦੇ ਵਿੱਤ ਮੰਤਰਾਲੇ ਨੇ ਸਪਲਾਇਰਾਂ ਆਦਿ ਨੂੰ ਕੀਤੇ ਜਾਣ ਵਾਲੇ ਭੁਗਤਾਨ ਦੀ 10,000 ਰੁਪਏ (ਦਸ ਹਜ਼ਾਰ ਰੁਪਏ) ਦੀ ਹੱਦ ਦਾ ਜਾਇਜ਼ਾ ਲਿਆ ਅਤੇ ਇਸ ਨੂੰ ਘਟਾ ਕੇ 5,000 (ਪੰਜ ਹਜ਼ਾਰ ਰੁਪਏ) ਕਰਨ ਦਾ ਫੈਸਲਾ ਹੋਇਆ। ਇਸ ਸੰਬੰਧੀ ਪਿਛਲਾ ਜਾਇਜ਼ਾ ਅਗਸਤ 2016 ਵਿੱਚ ਲਿਆ ਗਿਆ ਸੀ। ਇਸ ਦੇ ਹਿਸਾਬ ਨਾਲ ਕੇਂਦਰ ਸਰਕਾਰ ਦੇ ਸਾਰੇ ਮੰਤਰਾਲਿਆਂ/ਵਿਭਾਗਾਂ ਨੂੰ ਹੁਣ ਹਦਾਇਤ ਕੀਤੀ ਗਈ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ 5,000 ਰੁਪਏ ਤੋਂ ਵੱਧ ਦਾ ਭੁਗਤਾਨ ਸਪਲਾਇਰਾਂ, ਠੇਕੇਦਾਰਾਂ ਗਾਰੰਟੀ ਲੋਨ ਸੰਸਥਾਵਾਂ ਆਦਿ ਨੂੰ ਐਡਵਾਇਸਾਂ ਰਾਹੀਂ ਹੀ ਹੋਵੇ।

ਇਲੈਕਟ੍ਰਾਨਿਕ ਭੁਗਤਾਨਾਂ ਵੱਲ ਵਧਣ ਦੀ ਮੁਹਿੰਮ ਨੂੰ ਲਾਜ਼ਮੀ ਬਣਾਉਣ ਅਧੀਨ ਕੇਂਦਰ ਸਰਕਾਰ ਦੇ ਮੰਤਰਾਲਿਆਂ/ਵਿਭਾਗਾਂ ਵਲੋਂ ਆਪਣੇ ਵਧੇਰੇ ਕਰਮਚਾਰੀਆਂ ਨੂੰ ਤਨਖ਼ਾਹਾਂ ਅਤੇ ਹੋਰ ਰਕਮਾਂ ਦਾ ਭੁਗਤਾਨ ਇਲੈਕਟ੍ਰਾਨਿਕਲੀ, ਸਿੱਧੇ ਸੰਬੰਧਿਤ ਬੈਂਕ ਖਾਤਿਆਂ ਵਿੱਚ ਕੀਤਾ ਜਾਂਦਾ ਹੈ। ਬੈਂਕਿੰਗ ਤਕਨਾਲੋਜੀ ਵਿੱਚ ਹੋ ਰਹੀ ਪ੍ਰਗਤੀ ਨੂੰ ਵੇਖਦੇ ਹੋਏ ਇਹ ਸਮਝਿਆ ਜਾਂਦਾ ਹੈ ਕਿ ਹਰ ਕਰਮਚਾਰੀ ਕੋਲ ਇਕ ਡੈਬਿਟ/ਏ.ਟੀ.ਐੱਮ. ਕਾਰਡ ਮੌਜੂਦ ਹੋਵੇਗਾ ਜੋ ਕਿ ਉਸ ਬੈਂਕ ਖਾਤੇ ਨਾਲ ਲਿੰਕ ਹੋਵੇਗਾ। ਸਰਕਾਰੀ ਕਰਮਚਾਰੀਆਂ ਨੂੰ ਆਪਣੇ ਨਿੱਜੀ ਲੈਣ-ਦੇਣ ਵਿੱਚ ਨਕਦ ਭੁਗਤਾਨ ਦੀ ਬਜਾਇ ਡੈਬਿਟ ਕਾਰਡਾਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਨਾਲ ਡਿਜੀਟਲ ਕਾਰਜਾਂ ਵਿੱਚ ਤੇਜ਼ੀ ਲਿਆਉਣ ਵਿੱਚ ਮੁਲਾਜ਼ਮ ਅੰਬੈਸਡਰ ਬਣਨਗੇ ਅਤੇ ਉਹ ਆਮ ਜਨਤਾ ਨੂੰ ਇਸ ਕੰਮ ਲਈ ਉਤਸ਼ਾਹਿਤ ਕਰਨਗੇ। ਸਾਰੇ ਮੰਤਰਾਲਿਆਂ/ਵਿਭਾਗਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਆਪਣੇ ਕਰਮਚਾਰੀਆਂ ਨੂੰ ਆਪਣੇ ਨਿੱਜੀ

ਲੈਣ-ਦੇਣ ਵਿੱਚ ਨਕਦੀ ਵਰਤਣ ਦੀ ਬਜਾਏ ਡੈਬਿਟ ਕਾਰਡਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ। ਮੰਤਰਾਲਿਆਂ/ਵਿਭਾਗਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਮਾਨਤਾ ਪ੍ਰਾਪਤ ਬੈਂਕਾਂ ਨਾਲ ਤਾਲਮੇਲ ਬਣਾ ਕੇ ਰੱਖਣ ਅਤੇ ਸਾਰੇ ਮੁਲਾਜ਼ਮਾਂ ਕੋਲ ਡੈਬਿਟ ਕਾਰਡ ਹੋਣਾ ਯਕੀਨੀ ਬਣਾਉਣ ਲਈ ਵਿਸ਼ੇਸ਼ ਕੈਂਪਾਂ ਦਾ ਆਯੋਜਨ ਕਰਨ। ਮੰਤਰਾਲਿਆਂ/ਵਿਭਾਗਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਅਜਿਹੀ ਹੀ ਸਲਾਹ ਆਪਣੇ ਨਾਲ ਸੰਬੰਧਿਤ ਅਤੇ ਅਧਿਕਾਰ ਹੇਠਲੇ ਦਫ਼ਤਰਾਂ, ਪੀ ਐੱਸ ਯੂਜ਼, ਖੁਦਮੁਖਤਿਆਰ ਸੰਸਥਾਵਾਂ ਨੂੰ ਵੀ ਦੇਣ।

ਵਿੱਤ ਮੰਤਰੀ ਨੇ ਜ਼ੋਰ ਦਿੱਤਾ ਸੀ ਕਿ ਕਰੰਸੀ ਦੀ ਵਰਤੋਂ ਘਟਾਈ ਜਾਵੇ ਅਤੇ ਆਰਥਿਕਤਾ ਦਾ ਪਸਾਰ ਕੀਤਾ ਜਾਵੇ ਅਤੇ ਇਸ ਦੇ ਲਈ ਡਿਜੀਟਲ ਕਰੰਸੀ ਉਤੇ ਧਿਆਨ ਕੇਂਦਰਿਤ ਕੀਤਾ ਜਾਵੇ। 500 ਰੁਪਏ ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦਾ ਮੁੱਖ ਉਦੇਸ਼ ਭਰਤੀ ਆਰਥਿਕਤਾ ਨੂੰ ਡਿਜੀਟਲ ਲੈਣ-ਦੇਣ ਵੱਲ ਲੈ ਕੇ ਜਾਣਾ ਹੀ ਹੈ। ਵਧੇਰੇ ਬੈਂਕਾਂ ਨੇ ਇਸ ਨੂੰ ਉਤਸ਼ਾਹਿਤ ਕਰਨ ਲਈ ਡੈਬਿਟ ਕਾਰਡਾਂ ਉਤੇ ਦਸੰਬਰ 2016 ਤੱਕ ਐੱਮ ਡੀ ਆਰ ਚਾਰਜਿਜ਼ ਖਤਮ ਕੀਤੇ ਹੋਏ ਹਨ। ਹੁਣ ਬੈਂਕ ਜ਼ਿਆਦਾਤਰ ਮਿਸ਼ਨ ਮੋਡ ਵਿੱਚ ਹੀ ਲੈਣ-ਦੇਣ ਉਤੇ ਜ਼ੋਰ ਦੇ ਰਹੇ ਹਨ ਅਤੇ ਉਹ ਬਦਲਵੇਂ ਬੈਂਕਿੰਗ ਚੈਨਲਾਂ ਜਿਵੇਂ ਕਿ ਨੈਫਟ, ਮੋਬਾਇਲ ਵਾਲੈਟਸ, ਪ੍ਰੀ-ਪੇਡ-ਕਾਰਡਾਂ, ਕਿਊ ਆਰ ਕੋਡਜ਼, ਪੇ ਰੋਲ ਕਾਰਡਜ਼, ਡੈਬਿਟ ਅਤੇ ਕਰੈਡਿਟ ਕਾਰਡਜ਼ ਅਤੇ ਯੂਨੀਫਾਈਡ ਪੇਮੈਂਟਸ (ਯੂ ਪੀ ਆਈ) ਵੱਲ ਵੀ ਕੇਂਦਰਿਤ ਕਰਨਗੇ। ਇਸ ਨਾਲ ਪ੍ਰਚਾਰ ਮੁਹਿੰਮ ਨੂੰ ਜੋੜ ਕੇ ਇੰਡੀਅਨ ਬੈਂਕਰਜ਼ ਐਸੋਸੀਏਸ਼ਨ (ਆਈ ਬੀ ਏ) ਕਈ ਪ੍ਰਦਰਸ਼ਨੀ ਵੀਡੀਓਜ਼ ਲੋਕਾਂ ਨੂੰ ਦਿਖਾਉਣ ਦਾ ਪ੍ਰਬੰਧ ਕਰੇਗੀ। ਇਸ ਵੀਡੀਓ ਵਿੱਚ ਲੋਕਾਂ ਨੂੰ ਨਕਦੀ ਰਹਿਤ ਲੈਣ-ਦੇਣ ਕਰਨ, ਕਾਰਡ ਦੀ ਵਰਤੋਂ ਕਰਨ ਬਾਰੇ ਸਮਝਾਇਆ ਜਾਵੇਗਾ।

ਇਹ ਕਦਮ ਅਤੇ ਹੋਰ ਕਈ ਕਦਮ ਜੋ ਕਿ ਚੁੱਕੇ ਜਾ ਰਹੇ ਹਨ ਉਹ ਸਾਰੇ ਸ਼ਹਿਰੀਆਂ ਵਲੋਂ ਵਧੇਰੇ ਡਿਜੀਟਲ ਲੈਣ-ਦੇਣ ਦਾ ਰਾਹ ਪੱਧਰਾ ਕਰ ਰਹੇ ਹਨ। ਇਸ ਨਾਲ ਬੈਂਕਿੰਗ ਸਰਗਰਮੀਆਂ ਨੂੰ ਵਧੇਰੇ ਆਸਾਨ ਬਣਾਉਣ ਦਾ ਟੀਚਾ ਪੂਰਾ ਹੋਵੇਗਾ ਅਤੇ ਨਾਲ ਹੀ ਸਰਕਾਰ ਦੇ ਵਿੱਤੀ ਲੈਣ-ਦੇਣ ਨੂੰ ਸੁਖਾਲਾ ਬਣਾਉਣ ਦਾ ਕੰਮ ਨੇਪਰੇ ਚੜ੍ਹੇਗਾ।

ਨਕਦੀ ਰਹਿਤ ਲੈਣ-ਦੇਣ ਲਈ ਪੁਆਇੰਟ ਆਫ ਸੇਲ (ਪੀ ਓ ਐੱਸ) ਯੰਤਰਾਂ ਦੀ ਵਰਤੋਂ ਭੁਗਤਾਨ ਕਰਨ ਜਾਂ ਨਕਦੀ ਅਦਾ ਕਰਨ ਲਈ ਕੀਤੀ ਜਾ ਰਹੀ ਹੈ। ਪੁਆਇੰਟ ਆਫ ਸੇਲ ਉਤੇ ਕੋਈ ਬੇਸਿਕ ਕਸਟਮ ਡਿਊਟੀ ਨਹੀਂ ਲਗਦੀ। ਅਜਿਹੇ ਯੰਤਰਾਂ ਦੀ ਲਾਗਤ ਹੋਰ ਘਟਾਉਣ ਲਈ ਅਤੇ ਡਿਜੀਟਲ ਭੁਗਤਾਨ ਨੂੰ ਯਕੀਨੀ ਬਣਾਉਣ ਲਈ ਸਰਕਾਰ ਨੇ ਇਨ੍ਹਾਂ ਯੰਤਰਾਂ ਨੂੰ ਕੇਂਦਰੀ ਐਕਸਾਈਜ਼ ਡਿਊਟੀ ਤੋਂ ਮੁਕਤ ਕਰ ਦਿੱਤਾ ਹੈ। ਨਤੀਜੇ ਵਜੋਂ ਇਹ ਯੰਤਰ ਐਡੀਸ਼ਨਲ ਡਿਊਟੀ ਆਫ ਕਸਟਮਜ਼ (ਜਿਸ ਨੂੰ ਆਮ ਤੌਰ ਤੇ ਸੀ ਵੀ ਡੀ ਕਿਹਾ ਜਾਂਦਾ ਹੈ) ਅਤੇ ਐਡੀਸ਼ਨਲ ਡਿਊਟੀ ਆਫ ਕਸਟਮਜ਼ (ਜਿਸ ਨੂੰ ਆਮ ਤੌਰ ਤੇ ਐੱਸ ਏ ਡੀ) ਕਿਹਾ ਜਾਂਦਾ ਹੈ ਤੋਂ ਵੀ ਮੁਕਤ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਅਜਿਹੇ ਯੰਤਰਾਂ ਦੇ ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਨ ਲਈ ਅਜਿਹੇ ਪੀ ਓ ਐੱਸ ਬਣਾਉਣ ਵਿੱਚ ਵਰਤੇ ਜਾਣ ਵਾਲੇ ਸਮਾਨ ਨੂੰ ਵੀ ਐਕਸਾਈਜ਼ ਡਿਊਟੀ ਅਤੇ ਸੀ ਵੀ ਡੀ ਅਤੇ ਐੱਸ ਏ ਡੀ ਤੋਂ ਮੁਕਤ ਕਰ ਦਿੱਤਾ ਗਿਆ ਹੈ। ਡਿਊਟੀ ਦੀ ਇਹ ਮੁਕਤੀ 31 ਮਾਰਚ 2017 ਤੱਕ ਲਾਗੂ ਰਹੇਗੀ।

ਡਿਜੀਟਲ ਭੁਗਤਾਨ ਦਾ ਪਸਾਰ ਕਰਨ ਦੀ ਯੋਜਨਾ ਅਧੀਨ ਅਤੇ ਨਕਦੀ ਰਹਿਤ ਭੁਗਤਾਨ ਨੂੰ ਸੁਖਾਲਾ ਬਣਾਉਣ ਲਈ ਸਰਕਾਰ ਨੇ 31 ਮਾਰਚ 2017 ਤੱਕ ਇਕ ਮਿਲੀਅਨ ਨਵੇਂ ਪੀ ਓ ਐੱਸ ਟਰਮੀਨਲਜ਼ ਲਗਾਉਣ ਦਾ ਫੈਸਲਾ ਕੀਤਾ ਹੈ। ਇਸ ਉਦੇਸ਼ ਲਈ ਬੈਂਕਾਂ ਨੇ 6 ਲੱਖ ਪੀ ਓ ਐੱਸ ਮਸ਼ੀਨਾਂ ਦਾ ਆਰਡਰ ਦੇ ਵੀ ਦਿੱਤਾ ਹੈ ਅਤੇ ਕੁੱਝ ਦਿਨਾਂ ਵਿੱਚ ਹੀ 4 ਲੱਖ ਹੋਰ ਮਸ਼ੀਨਾਂ ਦਾ ਆਰਡਰ ਦੇ ਦਿੱਤਾ ਜਾਵੇਗਾ। ਦੇਸ਼ ਵਿੱਚ ਇਸ ਵੇਲੇ ਵੱਖ-ਵੱਖ ਵਪਾਰੀਆਂ ਕੋਲ ਕਾਰਡ ਅਧਾਰਿਤ ਭੁਗਤਾਨ ਕਰਨ ਲਈ 15 ਲੱਖ ਪੀ ਓ ਐੱਸ ਟਰਮੀਨਲਜ਼ ਕੰਮ ਕਰ ਰਹੇ ਹਨ।

ਕਿਰਤ ਅਤੇ ਰੁਜ਼ਗਾਰ ਮੰਤਰਾਲਾ ਅਤੇ ਰਾਜਾਂ ਦੇ ਪ੍ਰਸ਼ਾਸਨ ਵਲੋਂ ਗ਼ੈਰ-ਸੰਗਠਤ ਖੇਤਰ ਦੇ ਮਜ਼ਦੂਰਾਂ ਦੇ ਬੈਂਕ ਖਾਤੇ ਖੋਲ੍ਹਣ ਲਈ ਇਕ ਮੁਹਿੰਮ ਚਲਾਈ ਗਈ ਹੈ ਜਿਸ ਅਧੀਨ ਵੱਖ-ਵੱਖ ਥਾਵਾਂ ਉਤੇ ਕੈਂਪ ਲਗਾਏ ਜਾ ਰਹੇ ਹਨ। ਹੁਣ ਤੱਕ 273919 ਕੈਂਪ ਲਗਾ ਕੇ 24.54 ਲੱਖ ਖਾਤੇ ਖੋਲ੍ਹੇ ਗਏ ਹਨ।

ਹੁਣ ਤੱਕ ਕੁੱਲ 30 ਕਰੋੜ ਰੁਪਏ ਡੈਬਿਟ ਕਾਰਡ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿੱਚ ਜਨ ਧਨ ਖਾਤਾ ਧਾਰਕਾਂ ਦੇ ਕਾਰਡ ਵੀ ਸ਼ਾਮਲ ਹਨ। 12 ਦਿਨਾਂ ਵਿੱਚ ਹੀ ਰੁਪਏ ਕਾਰਡਾਂ ਦੀ ਗਿਣਤੀ ਵਿੱਚ 300 ਪ੍ਰਤਿਸ਼ਤ ਵਾਧਾ ਹੋਇਆ ਹੈ। ਇਸ ਡੈਬਿਟ ਕਾਰਡ ਦੀ ਵਰਤੋਂ ਨੂੰ ਹਰਮਨ-ਪਿਆਰਾ ਬਣਾਉਣ ਲਈ ਬੈਂਕਾਂ ਨੇ 31 ਦਸੰਬਰ 2016 ਤੱਕ ਟ੍ਰਾਂਜੈਕਸ਼ਨ ਚਾਰਜਿਜ਼ (ਐੱਮ ਡੀ ਆਰ) ਮੁਆਫ਼ ਕਰ ਦਿੱਤੇ ਹਨ। ਨੈਸ਼ਨਲ ਪੇਮੈਂਟ ਕੌਂਸਲ ਆਫ ਇੰਡੀਆ (ਐੱਨ ਪੀ ਸੀ ਆਈ) ਨੇ ਰੁਪਏ ਕਾਰਡ ਉੱਤੇ ਸਵਿਚਿੰਗ ਚਾਰਜਿਜ਼ ਪਹਿਲਾਂ ਹੀ ਹਟਾ ਦਿੱਤੇ ਹਨ। ਇਨ੍ਹਾਂ ਸਾਰਿਆਂ ਕਦਮਾਂ ਨਾਲ ਵੱਖ-ਵੱਖ ਅਦਾਰਿਆਂ ਵਿੱਚ ਡੈਬਿਟ ਦੀ ਪ੍ਰਵਾਨਗੀ ਵਿੱਚ ਸੁਧਾਰ ਆਵੇਗਾ।

ਡੈਬਿਟ ਕਾਰਡਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਜਨਤਕ ਖੇਤਰ ਦੇ ਬੈਂਕਾਂ ਅਤੇ ਕੁੱਝ ਨਿੱਜੀ ਖੇਤਰ ਦੇ ਬੈਂਕਾਂ ਨੇ 31-12-2016 ਤੱਕ ਐੱਮ ਡੀ ਆਰ ਚਾਰਜਿਜ਼ ਖਤਮ ਕੀਤਾ ਹੋਇਆ ਸੀ। ਨਿੱਜੀ ਖੇਤਰ ਦੇ ਹੋਰ ਬੈਂਕਾਂ ਵਲੋਂ ਵੀ ਅਜਿਹਾ ਹੀ ਕੀਤਾ ਗਿਆ ਨਤੀਜੇ ਵਜੋਂ ਟ੍ਰਾਂਜੈਕਸ਼ਨ ਚਾਰਜਿਜ਼ - ਜਿਨ੍ਹਾਂ ਵਿੱਚ ਸਵਿਚਿੰਗ ਚਾਰਜਿਜ਼ ਵੀ ਸ਼ਾਮਲ ਹਨ 31-12-2016 ਤੱਕ ਮੁਆਫ਼ ਰਹੇ।

ਈ ਵਾਲੈੱਟ ਰਾਹੀਂ ਭੁਗਤਾਨ ਨੂੰ ਉਤਸ਼ਾਹਿਤ ਕਰਨ ਲਈ ਰਿਜ਼ਰਵ ਬੈਂਕ ਆਫ ਇੰਡੀਆ ਨੇ ਵਿਅਕਤੀਆਂ ਲਈ ਮਾਸਿਕ ਲੈਣ-ਦੇਣ ਹੱਦ ਨੂੰ 10,000 ਤੋਂ ਵਧਾ ਕੇ 20,000 ਰੁਪਏ ਕਰਨ ਦਾ ਫੈਸਲਾ ਕੀਤਾ। ਅਜਿਹਾ ਹੀ ਵਾਧਾ ਰਿਜ਼ਰਵ ਬੈਂਕ ਆਫ ਇੰਡੀਆ ਵਲੋਂ ਵਪਾਰੀਆਂ ਲਈ ਵੀ ਐਲਾਨਿਆ ਗਿਆ।

ਦੇਸ਼ ਭਰ ਵਿੱਚ ਰੇਲਵੇ ਦੀਆਂ ਆਨ ਲਾਈਨ ਈ-ਟਿਕਟਾਂ ਖਰੀਦਣ ਵਾਲੇ ਯਾਤਰੀਆਂ ਦੀ ਗਿਣਤੀ ਔਸਤ 58 ਪ੍ਰਤਿਸ਼ਤ ਅਤੇ ਨਕਦ ਟਿਕਟ ਖਰੀਦਣ ਵਾਲੇ ਯਾਤਰੀਆਂ ਦੀ ਗਿਣਤੀ 42 ਪ੍ਰਤਿਸ਼ਤ ਹੈ। ਹੁਣ ਯਤਨ ਕੀਤੇ ਜਾ ਰਹੇ ਹਨ ਕਿ ਈ-ਟਿਕਟਾਂ ਦੀ ਖਰੀਦ ਦੀ ਗਿਣਤੀ ਵਧਾਈ ਜਾਵੇ। ਉਮੀਦ ਹੈ ਕਿ ਉਪਰ ਦੱਸੇ ਕਦਮਾਂ ਨਾਲ ਲੋਕਾਂ ਨੂੰ ਨਕਦੀ ਰਹਿਤ ਲੈਣ-ਦੇਣ ਦੀ ਸਹੂਲਤ ਲਈ ਉਤਸ਼ਾਹ ਮਿਲੇਗਾ।

ਟ੍ਰਾਈ ਨੇ ਫੈਸਲਾ ਕੀਤਾ ਹੈ ਕਿ ਬੈਂਕਿੰਗ ਅਤੇ ਭੁਗਤਾਨ ਦੇ ਮਾਮਲਿਆਂ ਵਿੱਚ ਯੂ ਐੱਸ ਐੱਸ ਡੀ ਦਰਾਂ 1.50 ਰੁਪਏ ਪ੍ਰਤਿ ਸੈਸ਼ਨ ਤੋਂ

ਘਟਾ ਕੇ 0.50 ਰੁਪਏ ਪ੍ਰਤਿ ਸੈਸ਼ਨ ਕਰ ਦਿੱਤੀਆਂ ਜਾਣ। ਟ੍ਰਾਈ ਨੇ ਹੀ ਮੌਜੂਦਾ 5 ਤੋਂ ਵਧਾ ਕੇ ਪੜਾਵਾਂ ਦੀ ਗਿਣਤੀ 8 ਕਰ ਦਿੱਤੀ ਹੈ। ਟੈਲੀਕਾਮ ਕੰਪਨੀਆਂ ਵੀ ਇਹ ਗੱਲ ਮੰਨ ਗਈਆਂ ਹਨ ਕਿ 31-12-2016 ਤੱਕ ਯੂ ਐੱਸ ਐੱਸ ਡੀ ਦੇ 50 ਪੈਸੇ ਦੇ ਚਾਰਜਿਜ਼ ਨੂੰ ਖਤਮ ਕਰ ਦਿੱਤਾ ਜਾਵੇ। ਨਤੀਜੇ ਵਜੋਂ 31-12-2016 ਤੱਕ ਯੂ ਐੱਸ ਐੱਸ ਡੀ ਚਾਰਜਿਜ਼ ਕੋਈ ਨਹੀਂ ਲੱਗਣਗੇ। ਇਸ ਨਾਲ ਡਿਜੀਟਲ ਵਿੱਤੀ ਲੈਣ-ਦੇਣ ਨੂੰ ਕੀਮਤ-ਪ੍ਰਭਾਵਿਤ ਬਣਾਇਆ ਜਾ ਸਕੇਗਾ, ਖ਼ਾਸ ਤੌਰ ਤੇ ਫੀਚਰ ਫੋਨਜ਼ ਵਾਲੇ ਗਰੀਬ ਲੋਕਾਂ ਲਈ (ਦੇਸ਼ ਦੇ ਕੁੱਲ ਫੋਨਾਂ ਵਿੱਚੋਂ 65 ਪ੍ਰਤਿਸ਼ਤ ਅਜਿਹੇ ਲੋਕ ਹੀ ਵਰਤਦੇ ਹਨ)।

ਮੋਟਰ ਗੱਡੀਆਂ ਨੂੰ ਚੈੱਕ ਪੋਸਟਾਂ ਅਤੇ ਟੋਲ ਪਲਾਜ਼ਾ ਉੱਤੇ ਕਾਫੀ ਸਮਾਂ ਲਗਾਉਣਾ ਪੈਂਦਾ ਹੈ। ਜੀ ਐੱਸ ਟੀ ਨਾਲ ਸਾਰੀਆਂ ਚੈੱਕ ਪੋਸਟਾਂ ਉਤੇ ਇਹ ਸਮੱਸਿਆ ਹੱਲ ਹੋ ਜਾਵੇਗੀ ਪਰ ਨੈਸ਼ਨਲ ਹਾਈ-ਵੇ ਉਤੇ ਸਥਿਤ ਟੋਲ ਪਲਾਜ਼ਾ ਉਤੇ ਭੁਗਤਾਨ ਨੂੰ ਅਸਾਨ ਬਣਾਉਣ ਲਈ ਕੁਝ ਕਦਮ ਚੁੱਕੇ ਜਾਣ ਦੀ ਲੋੜ ਹੈ। ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰਾਲਾ ਇਸ ਲਈ ਸਾਰੇ ਗੱਡੀ ਨਿਰਮਾਤਾਵਾਂ ਨੂੰ ਸਲਾਹ ਦੇ ਰਿਹਾ ਹੈ ਕਿ ਨਵੀਆਂ ਗੱਡੀਆਂ ਵਿੱਚ ਆਰ ਐਫ ਆਈ ਡੀ ਅਧਾਰਿਤ ਈ ਟੀ ਸੀ ਮੁਹੱਈਆ ਕਰਵਾਉਣ।

ਸਾਰੇ ਸਰਕਾਰੀ ਸੰਗਠਨਾਂ, ਜਨਤਕ ਖੇਤਰ ਦੇ ਅਦਾਰਿਆਂ (ਪੀ ਐੱਸ ਯੂਜ਼) ਅਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸਿਰਫ ਡਿਜੀਟਲ ਭੁਗਤਾਨ ਢੰਗ ਹੀ ਜਿਵੇਂ ਕਿ ਇੰਟਰਨੈੱਟ ਬੈਂਕਿੰਗ, ਯੂਨੀਫਾਈਡ ਪੇਮੈਂਟਸ ਇੰਟਰਫੇਸ, ਕਾਰਡਜ਼, ਅਧਾਰ ਅਧਾਰਿਤ ਪੇਮੈਂਟ ਸਿਸਟਮ ਅਦਿ ਅਪਣਾ ਕੇ ਆਪਣੇ ਕਰਮਚਾਰੀਆਂ ਨੂੰ ਭੁਗਤਾਨ ਕਰਨ। ਭੁਗਤਾਨ ਵੇਲੇ ਅਧਿਕਾਰੀਆਂ ਲਈ ਜ਼ਰੂਰੀ ਹੋਵੇਗਾ ਕਿ ਉਹ ਇੰਟਰਨੈੱਟ ਬੈਂਕਿੰਗ, ਯੂਨੀਫਾਈਡ ਪੇਮੈਂਟਸ ਇੰਟਰਫੇਸ, ਕਾਰਡਜ਼, ਅਧਾਰ ਆਧਾਰਿਤ ਪੇਮੈਂਟ ਸਿਸਟਮ ਦਾ ਬਦਲ ਵੀ ਮੁਹੱਈਆ ਕਰਵਾਉਣ।

ਕੇਂਦਰ ਸਰਕਾਰ ਨੇ ਕਰੈਡਿਟ/ਡੈਬਿਟ ਕਾਰਡਾਂ ਅਤੇ ਮੋਬਾਈਲ ਫੋਨਾਂ ਐਪਲੀਕੇਸ਼ਨਜ਼/ਈ-ਵਾਲੈੱਟ ਰਾਹੀਂ ਡਿਜੀਟਲ ਲੈਣ-ਦੇਣ ਵਿੱਚ ਤੇਜ਼ੀ ਲਿਆਉਣ ਲਈ ਕਈ ਪੈਕੇਜ ਸਹੂਲਤਾਂ ਦਾ ਐਲਾਨ ਕੀਤਾ ਹੈ ਤਾਂ ਕਿ ਦੇਸ਼ ਦੀ ਆਰਥਿਕਤਾ ਨੂੰ ਨਕਦੀ-ਰਹਿਤ ਅਤੇ ਡਿਜੀਟਲ ਬਣਾਇਆ ਜਾ ਸਕੇ।

**ਇਹ ਸਹੂਲਤਾਂ/ਕਦਮ ਹੇਠ ਲਿਖੇ ਹਨ :**

- ਕੇਂਦਰ ਸਰਕਾਰ ਦੇ ਪੈਟ੍ਰੋਲੀਅਮ ਪੀ ਐੱਸ ਯੂਜ਼ ਵਲੋਂ ਪੈਟਰੋਲ, ਡੀਜ਼ਲ ਡਿਜੀਟਲ ਢੰਗ ਰਾਹੀਂ ਖਰੀਦਣ ਉਤੇ ਵਿਕਰੀ ਕੀਮਤ ਉਤੇ 0.75 ਪ੍ਰਤਿਸ਼ਤ ਦੀ ਛੋਟ ਪ੍ਰਦਾਨ ਕੀਤੀ ਜਾਵੇਗੀ।

ਅਜਿਹੇ ਪੈਟਰੋਲ ਪੰਪਾਂ ਉਤੇ ਰੋਜ਼ਾਨਾ ਲਗਭਗ 4.5 ਕਰੋੜ ਲੋਕ ਡੀਜ਼ਲ ਜਾਂ ਪੈਟਰੋਲ ਖਰੀਦਦੇ ਹਨ, ਉਹ ਇਸ ਸਹੂਲਤ ਦਾ ਲਾਭ ਉਠਾ ਸਕਦੇ ਹਨ। ਅਨੁਮਾਨ ਹੈ ਕਿ ਰੋਜ਼ਾਨਾ ਲਗਭਗ 1800 ਕਰੋੜ ਰੁਪਏ ਦਾ ਪੈਟਰੋਲ ਤੇ ਡੀਜ਼ਲ ਵਿਕਦਾ ਹੈ ਜਿਸ ਵਿੱਚੋਂ ਸਿਰਫ਼ 20 ਪ੍ਰਤਿਸ਼ਤ ਦਾ ਭੁਗਤਾਨ ਹੀ ਡਿਜੀਟਲ ਢੰਗ ਰਾਹੀਂ ਹੁੰਦਾ ਹੈ। ਨਵੰਬਰ 2016 ਵਿੱਚ ਡਿਜੀਟਲ ਢੰਗਾਂ ਰਾਹੀਂ ਭੁਗਤਾਨ ਰੋਜ਼ਾਨਾ ਦੇ 360 ਕਰੋੜ ਰੁਪਏ ਦੇ ਕੁੱਲ ਭੁਗਤਾਨ ਵਿੱਚੋਂ 40 ਪ੍ਰਤਿਸ਼ਤ ਨਕਦੀ ਰਹਿਤ ਢੰਗ ਨਾਲ ਹੋਣ ਲੱਗਾ। ਲਾਭ ਪ੍ਰਦਾਨ ਕਰਨ ਦੀ ਇਸ ਸਕੀਮ ਵਿੱਚ ਇਹ ਸਮਰੱਥਾ ਹੈ ਕਿ ਇਹ ਘੱਟੋ-ਘੱਟ 30 ਪ੍ਰਤਿਸ਼ਤ ਹੋਰ ਗਾਹਕਾਂ ਨੂੰ ਡਿਜੀਟਲ ਢੰਗ ਰਾਹੀਂ ਭੁਗਤਾਨ ਕਰਨ ਵੱਲ ਲਿਆ ਸਕਦੀ ਹੈ ਜਿਸ ਨਾਲ ਪੈਟਰੋਲ ਪੰਪਾਂ ਉਤੇ ਪ੍ਰਤਿ ਸਾਲ 2 ਲੱਖ ਕਰੋੜ ਰੁਪਏ ਦੀ ਨਗਦੀ ਦੀ ਲੋੜ ਘੱਟ ਪਵੇਗੀ।

- ਦਿਹਾਤੀ ਇਲਾਕਿਆਂ ਵਿੱਚ ਡਿਜੀਟਲ ਭੁਗਤਾਨ ਢਾਂਚੇ ਦਾ ਹੋਰ ਪ੍ਰਸਾਰ ਕਰਨ ਲਈ ਕੇਂਦਰ ਸਰਕਾਰ ਨਾਬਾਰਡ ਰਾਹੀਂ ਯੋਗ ਬੈਂਕਾਂ ਨੂੰ ਇਕ ਲੱਖ ਪਿੰਡਾਂ ਵਿੱਚ 2-2 ਪੀ ਓ ਐੱਸ ਯੰਤਰ ਤਾਇਨਾਤ ਕਰਨ ਲਈ ਮਾਲੀ ਮਦਦ ਪ੍ਰਦਾਨ ਕਰੇਗੀ। ਇਹ ਪਿੰਡ 10,000 ਤੋਂ ਘੱਟ ਆਬਾਦੀ ਵਾਲੇ ਹੋਣੇ ਚਾਹੀਦੇ ਹਨ। ਇਹ ਪੀ ਓ ਐੱਸ ਮਸ਼ੀਨਾਂ ਪ੍ਰਾਇਮਰੀ ਕੋਆਪ੍ਰੇਟਿਵ ਸੁਸਾਇਟੀਜ਼/ਮਿਲਕ ਬੂਥਾਂ/ਖੇਤੀ ਸਮਾਨ ਦੇ ਡੀਲਰਾਂ ਕੋਲ ਲਗਾਈਆਂ ਜਾਣਗੀਆਂ ਤਾਂ ਕਿ ਖੇਤੀ ਅਧਾਰਤ ਲੈਣ-ਦੇਣ ਡਿਜੀਟਲ ਢੰਗ ਰਾਹੀਂ ਹੋ ਸਕੇ।

ਇਸ ਨਾਲ ਇਕ ਲੱਖ ਪਿੰਡਾਂ ਦੀ ਲਗਭਗ 75 ਕਰੋੜ ਅਬਾਦੀ ਨੂੰ ਲਾਭ ਮਿਲੇਗਾ ਅਤੇ ਇਹ ਲੋਕ ਆਪਣੀਆਂ ਖੇਤੀ ਲੋੜਾਂ ਦੀ ਪੂਰਤੀ ਨਕਦੀ-ਰਹਿਤ ਢੰਗ ਰਾਹੀਂ ਆਪਣੇ ਪਿੰਡਾਂ ਵਿੱਚ ਹੀ ਕਰ ਸਕਣਗੇ।

- ਕੇਂਦਰ ਸਰਕਾਰ ਨਾਬਾਰਡ ਰਾਹੀਂ ਦਿਹਾਤੀ ਬੈਂਕਾਂ ਅਤੇ ਸਹਿਕਾਰੀ ਬੈਂਕਾਂ ਨੂੰ 4.32 ਕਰੋੜ ਕਿਸਾਨ ਕਾਰਡ ਹੋਲਡਰਾਂ ਨੂੰ ਰੁਪਏ ਕਿਸਾਨ ਕ੍ਰੈਡਿਟ ਕਾਰਡ ਮੁਹੱਈਆ ਕਰਵਾਉਣ ਵਿੱਚ ਮਦਦ ਦੇਵੇਗੀ ਤਾਂ ਕਿ ਉਹ ਪੀ ਓ ਐੱਸ ਮਸ਼ੀਨਾਂ/ਮਾਈਕਰੋ ਏ ਟੀ ਐੱਮਜ਼/ਏ ਟੀ ਐੱਮਜ਼ ਰਾਹੀਂ ਡਿਜੀਟਲ ਲੈਣ-ਦੇਣ ਕਰ ਸਕਣ।

- ਰੇਲਵੇ ਆਪਣੇ ਸਬਅਰਬਨ ਰੇਲਵੇ ਨੈੱਟਵਰਕ ਰਾਹੀਂ ਮਾਸਿਕ ਅਤੇ ਸੀਜ਼ਨਲ ਟਿਕਟਾਂ ਲੈਣ ਵਾਲਿਆਂ ਨੂੰ 1 ਜਨਵਰੀ 2017 ਤੋਂ ਡਿਜੀਟਲ ਢੰਗ ਰਾਹੀਂ ਭੁਗਤਾਨ ਕਰਨ ਉਤੇ 0.5 ਪ੍ਰਤਿਸ਼ਤ ਦਾ ਡਿਸਕਾਊਂਟ ਪ੍ਰਦਾਨ ਕਰੇਗੀ।

ਸਬਅਰਬਨ ਰੇਲਵੇਜ਼ ਵਿੱਚ ਹਰ ਸਾਲ ਲਗਭਗ 80 ਲੱਖ ਯਾਤਰੀ 2000 ਕਰੋੜ ਰੁਪਏ ਦੀਆਂ ਮਾਸਿਕ ਅਤੇ ਸੀਜ਼ਨਲ ਟਿਕਟਾਂ ਖਰੀਦਦੇ ਹਨ। ਇਸ ਦਾ ਵਧੇਰੇ ਭੁਗਤਾਨ ਨਕਦ ਹੀ ਕੀਤਾ ਜਾਂਦਾ ਹੈ। ਜਿਉਂ-ਜਿਉਂ ਵਧੇਰੇ ਯਾਤਰੀ ਡਿਜੀਟਲ ਢੰਗ ਨੂੰ ਅਪਨਾਉਣਗੇ, ਨਿਕਟ ਭਵਿੱਖ ਵਿੱਚ ਨਕਦੀ ਦੀ ਲੋੜ 1000 ਕਰੋੜ ਰੁਪਏ ਪ੍ਰਤਿ ਘੱਟ ਜਾਵੇਗੀ।

- ਆਨ ਲਾਈਨ ਟਿਕਟਾਂ ਰਾਹੀਂ ਸਫਰ ਕਰਨ ਵਾਲੇ ਰੇਲ ਯਾਤਰੀਆਂ ਨੂੰ 10 ਲੱਖ ਰੁਪਏ ਤੱਕ ਦਾ ਮੁਫਤ ਦੁਰਘਟਨਾ ਬੀਮਾ ਮਿਲੇਗਾ।

ਹਰ ਰੋਜ਼ ਲਗਭਗ 14 ਲੱਖ ਰੇਲ ਯਾਤਰੀ ਟਿਕਟਾਂ ਖਰੀਦਦੇ ਹਨ ਜਿਨ੍ਹਾਂ ਵਿੱਚੋਂ 58 ਪ੍ਰਤਿਸ਼ਤ ਟਿਕਟਾਂ ਡਿਜੀਟਲ ਢੰਗਾਂ ਰਾਹੀਂ ਆਨ ਲਾਈਨ ਖਰੀਦੀਆਂ ਜਾਂਦੀਆਂ ਹਨ। ਆਸ ਹੈ ਕਿ ਲਗਭਗ 20 ਪ੍ਰਤਿਸ਼ਤ ਹੋਰ ਯਾਤਰੀ ਰੇਲਵੇ ਟਿਕਟਾਂ ਲੈਣ ਲਈ ਡਿਜੀਟਲ ਢੰਗਾਂ ਦੀ ਮਦਦ ਲੈ ਸਕਦੇ ਹਨ। ਇਸ ਤਰ੍ਹਾਂ ਲਗਭਗ 11 ਲੱਖ ਯਾਤਰੀ ਰੋਜ਼ਾਨਾ ਦੁਰਘਟਨਾ ਬੀਮਾ ਸਕੀਮ ਦਾ ਲਾਭ ਉਠਾ ਸਕਣਗੇ।

- ਪੇਡ ਸੇਵਾਵਾਂ, ਜਿਵੇਂ ਕਿ ਕੈਟਰਿੰਗ, ਰਿਹਾਇਸ਼, ਰਿਟਾਇਰਿੰਗ ਰੂਮ ਵਗੈਰਾ, ਜੋ ਕਿ ਰੇਲਵੇ ਵਲੋਂ ਆਪਣੀਆਂ ਸੰਬੰਧਿਤ ਸੰਸਥਾਵਾਂ, ਕਾਰਪੋਰੇਸ਼ਨਾਂ ਰਾਹੀਂ ਯਾਤਰੀਆਂ ਨੂੰ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਅਤੇ ਉਨ੍ਹਾਂ ਵਿੱਚ ਵੀ ਡਿਜੀਟਲ ਢੰਗ ਰਾਹੀਂ ਭੁਗਤਾਨ ਕਰਨ ਉਤੇ 5 ਪ੍ਰਤਿਸ਼ਤ ਦਾ ਡਿਸਕਾਊਂਟ ਦਿੱਤਾ ਜਾਵੇਗਾ।

ਰੇਲਵੇ ਰਾਹੀਂ ਯਾਤਰਾ ਕਰਨ ਵਾਲੇ ਸਾਰੇ ਯਾਤਰੀ ਇਸ ਸਹੂਲਤ ਦਾ ਲਾਭ ਉਠਾ ਸਕਦੇ ਹਨ।

• ਜਨਤਕ ਖੇਤਰ ਦੀਆਂ ਬੀਮਾ ਕੰਪਨੀਆਂ ਜਨਰਲ ਇੰਸ਼ੋਰੈਂਸ ਪਾਲਸੀਆਂ ਵਿੱਚ ਪ੍ਰੀਮੀਅਮ ਉਤੇ 10 ਪ੍ਰਤਿਸ਼ਤ ਅਤੇ ਜੀਵਨ ਬੀਮਾ ਨਿਗਮ ਜੀਵਨ ਬੀਮਾ ਪਾਲਿਸੀਆਂ ਵਿੱਚ 8 ਪ੍ਰਤਿਸ਼ਤ ਦੀ ਛੋਟ ਡਿਜੀਟਲ ਭੁਗਤਾਨ ਕਰਨ ਉਤੇ ਪ੍ਰਦਾਨ ਕਰਨਗੀਆਂ।

• ਕੇਂਦਰ ਸਰਕਾਰ ਦੇ ਵਿਭਾਗਾਂ ਅਤੇ ਕੇਂਦਰੀ ਜਨਤਕ ਖੇਤਰ ਦੇ ਅਦਾਰੇ ਇਹ ਯਕੀਨੀ ਬਣਾਉਣਗੇ ਕਿ ਡਿਜੀਟਲ ਢੰਗ ਰਾਹੀਂ ਭੁਗਤਾਨ ਕੀਤੇ ਜਾਣ ਉਤੇ ਟ੍ਰਾਂਜੈਕਸ਼ਨ ਫੀਸ ਐੱਮ ਡੀ ਆਰ ਚਾਰਜਿਜ਼ ਖਪਤਕਾਰਾਂ ਉਤੇ ਨਾ ਪਾਏ ਜਾਣ ਸਗੋਂ ਇਹ ਅਦਾਰੇ ਆਪ ਬਰਦਾਸ਼ਤ ਕਰਨ। ਰਾਜ ਸਰਕਾਰਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਅਤੇ ਉਨ੍ਹਾਂ ਦੇ ਸੰਗਠਨ ਟ੍ਰਾਂਜੈਕਸ਼ਨ ਫੀਸ ਐੱਮ ਡੀਆਰ ਚਾਰਜਿਜ਼ ਡਿਜੀਟਲ ਭੁਗਤਾਨ ਦੇ ਮਾਮਲੇ ਵਿੱਚ ਆਪਣੇ ਕੋਲੋਂ ਕਰਨ ਅਤੇ ਖਪਤਕਾਰਾਂ ਤੇ ਇਸ ਦਾ ਬੋਝ ਨਾ ਪਾਉਣ।

• ਜਨਤਕ ਖੇਤਰ ਦੇ ਬੈਂਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਵਪਾਰੀਆਂ ਉਤੇ 100 ਰੁਪਏ ਪ੍ਰਤਿ ਮਹੀਨੇ ਤੋਂ ਵੱਧ ਮਾਸਿਕ ਕਿਰਾਏ ਦਾ ਪੀ ਓ ਐੱਸ ਟਰਮੀਨਲਜ਼ ਮਾਈਕਰੋ ਏ ਟੀ ਐੱਮਜ਼ ਮੋਬਾਈਲ ਪੀ ਓ ਐੱਸ ਦਾ ਬੋਝ ਨਾ ਪਾਉਣ। ਅਜਿਹਾ ਛੋਟੇ ਵਪਾਰੀਆਂ ਵਲੋਂ ਡਿਜੀਟਲ ਭੁਗਤਾਨ ਕਰਨ ਉਤੇ ਕੀਤਾ ਜਾਵੇ।

ਜਨਤਕ ਖੇਤਰ ਦੇ ਬੈਂਕਾਂ ਵਲੋਂ ਵਪਾਰੀਆਂ ਨੂੰ 6.5 ਲੱਖ ਮਸ਼ੀਨਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਕਿ ਘੱਟ ਕਿਰਾਏ ਦਾ ਲਾਭ ਮਿਲੇਗਾ ਅਤੇ ਡਿਜੀਟਲ ਲੈਣ-ਦੇਣ ਨੂੰ ਉਤਸ਼ਾਹ ਮਿਲੇਗਾ। ਕਿਰਾਇਆ ਘੱਟ ਹੋਣ ਕਾਰਨ ਹੋਰ ਵਪਾਰੀ ਵੀ ਅਜਿਹੀਆਂ ਮਸ਼ੀਨਾਂ ਲਗਾਉਣਗੇ ਤੇ ਇਸ ਨਾਲ ਡਿਜੀਟਲ ਟ੍ਰਾਂਜੈਕਸ਼ਨ ਨੂੰ ਹੱਲਾਸ਼ੇਰੀ ਮਿਲੇਗੀ।

• 2000 ਰੁਪਏ ਪ੍ਰਤਿ ਡਿਜੀਟਲ ਟ੍ਰਾਂਜੈਕਸ਼ਨ ਤੱਕ ਟ੍ਰਾਂਜੈਕਸ਼ਨ ਫੀਸ ਐੱਮ ਡੀ ਆਰ ਉਤੇ ਕੋਈ ਸਰਵਿਸ ਚਾਰਜ ਨਹੀਂ ਵਸੂਲਿਆ ਜਾਵੇਗਾ।

• ਰਾਸ਼ਟਰੀ ਰਾਜਮਾਰਗ ਉਤੇ ਟੋਲ ਪਲਾਜ਼ਾ ਦੇ ਭੁਗਤਾਨ ਸਮੇਂ ਆਰ ਐੱਫ ਆਈ ਡੀ ਕਾਰਡ ਫਾਸਟ ਟੈਗਜ਼ ਵਰਤਣ ਵਾਲਿਆਂ ਨੂੰ 2016-17 ਦਰਮਿਆਨ 10 ਪ੍ਰਤਿਸ਼ਤ ਦਾ ਡਿਸਕਾਊਂਟ ਮਿਲੇਗਾ।

## ਕੀ ਤੁਸੀਂ ਜਾਣਦੇ ਹੋ?

**ਕਾਨੂੰਨੀ ਮੁਦਰਾ** : ਕਿਸੇ ਵੀ ਦੇਸ਼ ਦੀ ਮੁਦਰਾ ਨੂੰ ਵਟਾਂਦਰੇ ਦੇ ਸਾਧਨ ਅਤੇ ਕਰਜ਼ੇ ਦੀ ਅਦਾਇਗੀ ਲਈ ਕਾਨੂੰਨਨ ਸਵੀਕਾਰ ਕਰਨਾ ਜ਼ਰੂਰੀ ਹੈ। ਭਾਵੇਂ ਕਿ ਪ੍ਰਚਲਣ ਵਿੱਚ ਸਾਰੀ ਕਾਗਜ਼ੀ ਮੁਦਰਾ ਕਾਨੂੰਨੀ ਤੌਰ ਤੇ ਵੈਧ ਹੈ, ਪਰ ਸਿੱਕਿਆਂ ਦੇ ਰੂਪ ਵਿੱਚ ਇਸ ਦੀ ਵੈਧਤਾ ਵੱਖ-ਵੱਖ ਦੇਸ਼ਾਂ ਵਿੱਚ ਵੱਖੋ-ਵੱਖਰੀ ਹੈ। ਇਸ ਨੂੰ ਕਾਨੂੰਨੀ ਮੁਦਰਾ ਵੀ ਆਖਿਆ ਜਾਂਦਾ ਹੈ।

**ਕਾਨੂੰਨੀ ਮੁਦਰਾ ਦੋ ਪ੍ਰਕਾਰ ਦੀ ਹੁੰਦੀ ਹੈ :**

***1) ਸੀਮਤ ਕਾਨੂੰਨੀ ਮੁਦਰਾ***

ਇਹ ਮੁਦਰਾ ਦਾ ਅਜਿਹਾ ਰੂਪ ਹੈ ਜਿਸ ਦੀ ਇਕ ਹੱਦ ਤੱਕ ਕਰਜ਼ਾ ਚੁਕਾਉਣ ਲਈ ਵਰਤੋਂ ਕੀਤੀ ਜਾ ਸਕਦੀ ਹੈ। ਇਕ ਹੱਦ ਤੋਂ ਬਾਅਦ ਕੋਈ ਵੀ ਵਿਅਕਤੀ ਇਸ ਵਿੱਚ ਭੁਗਤਾਨ ਸਵੀਕਾਰ ਕਰਨ ਤੋਂ ਇਨਕਾਰ ਕਰ ਸਕਦਾ ਹੈ ਅਤੇ ਉਸ ਖਿਲਾਫ਼ ਕੋਈ ਕਾਨੂੰਨੀ ਕਾਰਵਾਈ ਵੀ ਨਹੀਂ ਕੀਤੀ ਜਾ ਸਕਦੀ। ਸਿੱਕੇ ਭਾਰਤ ਵਿੱਚ ਸੀਮਤ ਕਾਨੂੰਨੀ ਮੁਦਰਾ ਹਨ।

***2) ਅਸੀਮਤ ਕਾਨੂੰਨੀ ਮੁਦਰਾ***

ਇਸ ਪ੍ਰਕਾਰ ਦੇ ਧਨ ਨਾਲ ਕਿਸੇ ਵੀ ਰਕਮ ਦੇ ਕਰਜ਼ੇ ਦਾ ਭੁਗਤਾਨ ਕੀਤਾ ਜਾ ਸਕਦਾ ਹੈ। ਇਸ ਪੈਸੇ ਨੂੰ ਲੈਣ ਤੋਂ ਇਨਕਾਰੀ ਵਿਅਕਤੀ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਭਾਰਤ ਵਿੱਚ ਕਾਗਜ਼ੀ ਨੋਟ/ਮੁਦਰਾ ਅਸੀਮਤ ਕਾਨੂੰਨੀ ਮੁਦਰਾ ਹਨ।

'ਕਾਨੂੰਨੀ ਮੁਦਰਾ' ਉਹ ਧਨ ਹੈ ਜੋ ਦੇਸ਼ ਦੇ ਕਾਨੂੰਨ ਵਿੱਚ ਜਾਇਜ਼ ਹੈ ਅਤੇ ਜਿਸ ਨਾਲ ਕਰਜ਼ੇ ਦਾ ਭੁਗਤਾਨ ਕੀਤਾ ਜਾ ਸਕਦਾ ਹੈ। ਇਸ ਨੂੰ ਕਰਜ਼ੇ ਦੇ ਭੁਗਤਾਨ ਲਈ ਸਵੀਕਾਰ ਕਰਨਾ ਜ਼ਰੂਰੀ ਹੈ। 1934 ਦਾ ਰਿਜ਼ਰਵ ਬੈਂਕ ਐਕਟ, ਜੋ ਕੇਂਦਰੀ ਬੈਂਕ ਨੂੰ ਬੈਂਕ ਨੋਟ ਜਾਰੀ ਕਰਨ ਦਾ ਏਕਾਧਿਕਾਰ ਦਿੰਦਾ ਹੈ, ਵਿੱਚ ਕਿਹਾ ਗਿਆ ਹੈ ਕਿ "ਭਾਰਤ ਦੇ ਕਿਸੇ ਵੀ ਸਥਾਨ ਉਤੇ ਹਰੇਕ ਬੈਂਕ ਨੋਟ ਦਿੱਤੀ ਗਈ ਰਕਮ ਦੀ ਅਦਾਇਗੀ ਕਰਨ ਲਈ ਕਾਨੂੰਨੀ ਮੁਦਰਾ ਹੋਵੇਗੀ।"

ਕਾਨੂੰਨੀ ਮੁਦਰਾ ਦੇ ਰੁਤਬੇ ਦੀ ਮਾਨਤਾ ਜਾਂ ਇਸ ਨੂੰ ਰੱਦ ਕਰਨਾ ਅਹਿਮ ਹੈ ਕਿਉਂਕਿ ਕਾਗਜ਼ੀ ਮੁਦਰਾ ਆਪਣੀ ਸਾਰੀ ਕੀਮਤ ਸਰਕਾਰ ਵਲੋਂ ਇਸ ਨੂੰ ਮਾਨਤਾ ਦੇਣ ਤੋਂ ਹੀ ਹਾਸਲ ਕਰਦੀ ਹੈ। ਕਾਗ਼ਜ਼ ਦੇ ਕਿਸੇ ਵੀ ਟੁਕੜੇ ਨੂੰ ਵਟਾਂਦਰੇ ਦੇ ਸਾਧਨ ਅਤੇ ਕੀਮਤ ਵਜੋਂ ਕੰਮ ਕਰਨ ਲਈ ਇਸ ਦੀ ਜਨਤਾ ਵਿੱਚ ਵਿਵਾਦ ਰਹਿਤ ਸਵੀਕ੍ਰਿਤੀ ਹੋਣੀ ਚਾਹੀਦੀ ਹੈ। ਅਜਿਹਾ ਸਿਰਫ ਅਜਿਹੇ ਕਾਗ਼ਜ਼ ਨੂੰ ਇਕ ਵਿਵਸਥਾ ਪੱਤਰ ਰਾਹੀਂ 'ਕਾਨੂੰਨੀ ਮੁਦਰਾ' ਐਲਾਨ ਕੇ ਹੀ ਯਕੀਨੀ ਬਣਾਇਆ ਜਾ ਸਕਦਾ ਹੈ। ਇਸ ਵਾਸਤੇ ਰਿਜ਼ਰਵ ਬੈਂਕ ਜਾਂ ਕੇਂਦਰ ਨੂੰ ਦਿੱਤੀ ਗਈ ਰਕਮ ਦੇ ਬਰਾਬਰ 'ਧਾਰਕ ਨੂੰ ਭੁਗਤਾਨ ਕਰਨ ਦਾ ਵਚਨ ਦੇਣਾ ਹੋਵੇਗਾ ਜੇ ਮੁਦਰਾ ਨੋਟ ਰੂਪ ਵਿੱਚ ਉਨ੍ਹਾਂ ਸਾਹਮਣੇ ਪੇਸ਼ ਕੀਤੀ ਜਾਂਦੀ ਹੈ।

ਗ਼ੈਰ-ਕਾਨੂੰਨੀ ਮੁਦਰਾ : ਇਹ ਮੁਦਰਾ ਦਾ ਅਜਿਹਾ ਰੂਪ ਹੁੰਦਾ ਹੈ ਜਿਸ ਨੂੰ ਆਮ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ ਪਰ ਕਾਨੂੰਨੀ ਤੌਰ ਤੇ ਇਸ ਨੂੰ ਸਵੀਕਾਰ ਕਰਨ ਦੀ ਕੋਈ ਮਜਬੂਰੀ ਨਹੀਂ ਹੁੰਦੀ। ਜਿਵੇਂ ਕਿ ਚੈੱਕ, ਬੈਂਕ ਡ੍ਰਾਫਟ, ਵਟਾਂਦਰਾ ਬਿੱਲ, ਪੋਸਟਲ ਆਰਡਰ ਆਦਿ ਕਾਨੂੰਨੀ ਮੁਦਰਾ ਨਹੀਂ ਹੁੰਦੇ ਅਤੇ ਇਨ੍ਹਾਂ ਨੂੰ ਸਵੀਕਾਰ ਕਰਨਾ ਲੈਣਦਾਰ, ਦੇਣਦਾਰ ਜਾਂ ਵਿਕਰੇਤਾ ਦੀ ਮਰਜ਼ੀ ਉਤੇ ਨਿਰਭਰ ਕਰਦਾ ਹੈ। ਇਸ ਨੂੰ ਬਦਲਵੀਂ ਮੁਦਰਾ ਵੀ ਆਖਿਆ ਜਾਂਦਾ ਹੈ ਕਿਉਂਕਿ ਇਸ ਦਾ ਕਾਨੂੰਨੀ ਅਧਾਰ ਨਹੀਂ ਅਤੇ ਇਸ ਨੂੰ ਸਵੀਕਾਰ ਕਰਨ ਜਾਂ ਨਾ ਕਰਨ ਦਾ ਬਦਲ ਮੌਜੂਦਾ ਹੈ। ❑❑

ਉਪਰ ਦੱਸੇ ਸਾਰੇ ਕਦਮਾਂ ਨਾਲ ਇਸ ਗੱਲ ਦੀ ਸੰਭਾਵਨਾ ਹੈ ਕਿ ਮੌਜੂਦਾ ਸਰਕਾਰ ਦਾ 500 ਰੁਪਏ ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦਾ ਫੈਸਲਾ ਡਿਜੀਟਲ ਬੈਂਕਿੰਗ ਵਿੱਚ ਤੇਜ਼ੀ ਲਿਆਉਣ ਵਿੱਚ ਅਤੇ ਇਸ ਨੂੰ ਘੱਟ ਤੋਂ ਘੱਟ ਸੰਭਵ ਸਮੇਂ ਵਿੱਚ ਨਵੀਆਂ ਉੱਚਾਈਆਂ ਤੱਕ ਲਿਜਾਉਣ ਵਿੱਚ ਸਹਾਈ ਸਿੱਧ ਹੋਵੇਗਾ। ਅਜਿਹਾ ਆਧੁਨਿਕ ਤਕਨਾਲੋਜੀ ਅਤੇ ਵਿੱਤੀ ਵਿੱਦਿਆ ਦੇ ਉੱਚੇ ਹੋਏ ਪੱਧਰ ਨਾਲ ਸੰਭਵ ਹੋਵੇਗਾ।

*(ਲੇਖਕ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਪੱਤਰ ਸੂਚਨਾ ਦਫ਼ਤਰ ਵਿੱਚ ਮੀਡੀਆ ਅਤੇ ਸੰਚਾਰ ਬਾਰੇ ਵਧੀਕ ਡਾਇਰੈਕਟਰ ਜਨਰਲ ਹਨ)*


*e-mail :dprfinance@gmail.com*

# ਨੋਟਬੰਦੀ, ਘੱਟ ਨਕਦੀ ਵਾਲੀ ਆਰਥਿਕਤਾ ਅਤੇ ਵਿਕਾਸ

ਜੀ. ਰਘੂਰਾਜ

ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ, ਅਦਾਇਗੀ ਪ੍ਰਣਾਲੀ ਇਕ ਅਜਿਹੀ ਪ੍ਰਣਾਲੀ ਦਾ ਲਖਾਇਕ ਹੈ ਜਿਸ ਵਿੱਚ ਕਿਸੇ ਦੇਣਦਾਰੀ ਦੀ ਅਦਾਇਗੀ ਨਕਦੀ ਜਾਂ ਕਾਨੂੰਨੀ ਮੁੱਦਰਾ ਦੀ ਸ਼ਮੂਲੀਅਤ ਤੋਂ ਬਿਨਾਂ ਕੀਤੀ ਜਾਂਦੀ ਹੈ। ਨਕਦ ਅਦਾਇਗੀ ਦੀ ਸੂਰਤ ਵਿੱਚ ਅਦਾਇਗੀ ਜ਼ਰੂਰੀ ਨਹੀਂ ਕਿ ਕਿਸੇ 'ਪ੍ਰਣਾਲੀ' ਭਾਗੀਦਾਰ ਰਾਹੀਂ ਕੀਤੀ ਜਾਵੇ। ਨਕਦੀ-ਰਹਿਤ ਅਦਾਇਗੀ ਕਰਨ ਲਈ, ਅਦਾ ਕਰਤਾ ਅਤੇ ਅਦਾਇਗੀ ਹਾਸਲ ਕਰਨ ਵਾਲੇ ਦੋਵਾਂ ਨੂੰ 'ਅਦਾਇਗੀ ਪ੍ਰਣਾਲੀ' ਦੇ ਭਾਗੀਦਾਰ ਦੇ ਦਾਇਰੇ ਵਿੱਚ ਹੋਣਾ ਲਾਜ਼ਮੀ ਹੈ। ਕਾਗ਼ਜ਼ ਅਧਾਰਤ ਰਵਾਇਤੀ ਅਦਾਇਗੀ ਪ੍ਰਣਾਲੀ ਵਿੱਚ, ਵੱਖ-ਵੱਖ ਰੂਪਾਂ ਵਿੱਚ ਚੈੱਕ (ਖਾਤਾ ਧਾਰਕ ਦਾ ਚੈੱਕ, ਡਿਮਾਂਡ ਡ੍ਰਾਫਟ, ਪੇਮੈਂਟ ਆਰਡਰ, ਬੈਂਕਰਜ਼ ਚੈੱਕ, ਲਾਭਅੰਸ਼ ਵਾਰੰਟ, ਵਿਆਜ ਵਾਰੰਟ, ਯਾਤਰੀ ਚੈੱਕ, ਤੋਹਫਾ ਚੈੱਕ, ਡੈਬਿਟ ਨੋਟ, ਰਿਫੰਡ ਆਰਡਰ ਆਦਿ) ਨਕਦੀ-ਰਹਿਤ ਪੈਸੇ ਦੇ ਲੈਣ-ਦੇਣ ਦਾ ਪਹਿਲਾ ਜ਼ਰੀਆ ਸੀ ਜਿਸ ਤਹਿਤ ਅੰਤਰ-ਬੈਂਕ ਅਦਾਇਗੀ ਪ੍ਰਣਾਲੀ ਰਾਹੀਂ ਭੁਗਤਾਨ ਕੀਤਾ ਜਾਂਦਾ ਹੈ। ਚੈੱਕਾਂ ਨੂੰ ਬੈਂਕਰਜ਼ ਚੈੱਕ ਕਲੀਅਰਿੰਗ ਹਾਊਸ ਤੰਤਰ ਰਾਹੀਂ ਪਾਸ ਕੀਤਾ ਜਾਂਦਾ ਹੈ। ਅੰਤਰ-ਬੈਂਕ, ਨਕਦੀ-ਰਹਿਤ ਅਦਾਇਗੀ ਪ੍ਰਣਾਲੀ ਲਈ ਚੈੱਕ ਕਲੀਅਰ ਕਰਨ ਦੀਆਂ ਮੁੱਢਲੀਆਂ ਲੋੜਾਂ, ਇਸ ਦੇ ਹੋਂਦ ਵਿੱਚ ਆਉਣ ਦੇ ਦੋ ਸਦੀਆਂ ਬਾਅਦ, ਹਾਲੇ ਵੀ ਪ੍ਰਸੰਗਿਕ ਹਨ। ਬੈਂਕਿੰਗ ਪ੍ਰਣਾਲੀਆਂ ਵਿੱਚ ਇਲੈਕਟ੍ਰਾਨਿਕ ਤੇ ਸੰਚਾਰ ਤਕਨਾਲੋਜੀਆਂ ਦੀ ਆਮਦ ਨਾਲ ਅਦਾਇਗੀ ਪ੍ਰਣਾਲੀਆਂ ਦੇ ਕਈ ਰੂਪ ਸਾਹਮਣੇ ਆਏ ਹਨ ਅਤੇ ਇਸ ਨਾਲ ਗ਼ੈਰ-ਬੈਂਕਿੰਗ ਪਾਤਰ ਵੀ ਮੈਦਾਨ ਵਿੱਚ ਆ ਗਏ ਹਨ, ਜਿਵੇਂ ਕਿ ਟੈਲੀਕਾਮ ਆਪਰੇਟਰ, ਜੋ ਅਦਾਇਗੀ ਪ੍ਰਣਾਲੀਆਂ ਦੇ ਚੌਖਟੇ ਵਿੱਚ ਫਿੱਟ ਹੋ ਗਏ ਹਨ। ਇਲੈਕਟ੍ਰਾਨਿਕਸ ਰਾਹੀਂ ਮਸ਼ੀਨੀਕਰਨ ਦੀ ਸ਼ੁਰੂਆਤ ਦੇ ਪਹਿਲੇ ਕਦਮਾਂ ਵਿੱਚ ਐੱਮ ਆਈ ਸੀ ਆਰ (ਮੈਗਨੈਟਿਕ ਇੰਕ ਕਰੈਕਟਰ ਰੈਕੋਗਨੀਸ਼ਨ) ਤਕਨੀਕ ਸ਼ਾਮਲ ਸੀ ਜੋ ਚੈੱਕ ਉਤੇ ਕਾਰਵਾਈ ਕਰਨ ਲਈ 1986 ਵਿੱਚ ਅਰੰਭ ਕੀਤੀ ਗਈ। ਜਿਉਂ ਹੀ ਇਸ ਨਾਲ ਬੈਂਕਾਂ ਅੰਦਰ ਕੰਪਿਊਟਰੀਕਰਨ ਅਤੇ ਬੈਂਕਾਂ ਦੇ ਸੰਚਾਲਨ ਵਿੱਚ ਮਸ਼ੀਨੀ ਪ੍ਰਾਸੈਸਿੰਗ ਦਾ ਦੌਰ ਸ਼ੁਰੂ ਹੋਇਆ, ਭਾਰਤ ਦੇ ਰਿਜ਼ਰਵ ਬੈਂਕ ਦੀਆਂ ਪਹਿਲਕਦਮੀਆਂ ਅਤੇ ਹੱਲਾਸ਼ੇਰੀ ਨਾਲ ਦੂਜੀਆਂ ਐਪਲੀਕੇਸ਼ਨਾਂ ਦੀ ਸ਼ੁਰੂਆਤ ਵੀ ਸਾਹਮਣੇ ਆਉਣ ਲੱਗੀ।

ਭਾਰਤ ਦੇ ਰਿਜ਼ਰਵ ਬੈਂਕ ਵਲੋਂ ਕਾਗ਼ਜ਼ ਰਹਿਤ, ਇਲੈਕਟ੍ਰਾਨਿਕ ਕਲੀਅਰਿੰਗ ਸੇਵਾਵਾਂ (ਈ ਐੱਸ ਸੀ-ਸੀ ਆਰ) 1990ਵਿਆਂ ਦੇ ਅੱਧ ਵਿੱਚ ਸਭ ਤੋਂ ਪਹਿਲਾਂ ਕ੍ਰੈਡਿਟ ਤਬਾਦਲੇ ਲਈ ਸ਼ੁਰੂ ਕੀਤੀਆਂ ਗਈਆਂ, ਜਿਸ ਦਾ ਮਤਲਬ ਹੈ ਕਿ ਅਦਾ ਕਰਤਾ ਬੈਂਕ ਰਾਹੀਂ ਇਲੈਕਟ੍ਰਾਨਿਕ ਤਰੀਕੇ ਨਾਲ ਅਦਾਇਗੀ ਕਰਦਾ ਹੈ। ਇਸ ਉਪਰੰਤ ਇਲੈਕਟ੍ਰਾਨਿਕ ਕਲੀਅਰਿੰਗ ਸੇਵਾਵਾਂ (ਈ ਸੀ ਐੱਸ-ਡੀ ਆਰ) ਦੀ ਸ਼ੁਰੂਆਤ ਕੀਤੀ ਗਈ ਜਿਸ ਤਹਿਤ ਅਦਾਇਗੀ ਕਰਨ ਵਾਲਾ, ਆਪਣੇ ਖਾਤੇ ਵਿੱਚੋਂ ਕਿਸੇ ਦੂਜੇ ਵਿਅਕਤੀ ਜਾਂ ਅਦਾਰੇ ਨੂੰ ਭੁਗਤਾਨ ਕਰਨ ਦਾ ਅਧਿਕਾਰ ਬੈਂਕ ਨੂੰ ਦਿੰਦਾ ਹੈ। ਅਜਿਹਾ ਆਮ ਤੌਰ ਤੇ ਸਹੂਲਤ ਵਾਲੀਆਂ ਸੇਵਾਵਾਂ, ਜਿਵੇਂ ਟੈਲੀਫ਼ੋਨ, ਬਿਜਲੀ, ਪਾਣੀ ਅਤੇ ਬੀਮਾ ਰਾਸ਼ੀ ਆਦਿ ਦੇ ਭੁਗਤਾਨ ਲਈ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਲੈਕਟ੍ਰਾਨਿਕ ਫ਼ੰਡ ਟ੍ਰਾਂਸਫਰ (ਈ ਐੱਫ ਟੀ) ਦੀ ਸ਼ੁਰੂਆਤ ਹੋਈ ਜਿਸ ਵਿੱਚ ਇਕ ਬੈਂਕ ਦਾ ਗਾਹਕ ਦੂਜੇ ਬੈਂਕ ਦੇ ਗਾਹਮ ਨੂੰ ਇਲੈਕਟ੍ਰਾਨਿਕ ਨਿਰਦੇਸ਼ਾਂ ਤਹਿਤ ਭੁਗਤਾਨ ਕਰ ਸਕਦਾ ਹੈ। ਅਰੰਭ ਵਿੱਚ ਇਹ ਸੇਵਾ ਸਿਰਫ 15 ਕੁ ਵੱਡੇ ਸ਼ਹਿਰਾਂ ਵਿੱਚ ਹੀ ਸ਼ੁਰੂ ਕੀਤੀ ਗਈ ਸੀ ਪਰ 2004 ਤੋਂ ਬਾਅਦ ਇਸ ਨੂੰ ਐੱਨ ਈ ਐੱਫ ਟੀ (ਨੈਸ਼ਨਲ ਇਲੈਕਟ੍ਰਾਨਿਕ ਫੰਡ ਟ੍ਰਾਂਸਫਰ) ਦਾ ਨਾਮ ਦਿੱਤਾ ਗਿਆ। ਜਿਵੇਂ





ਭਾਰਤ ਦੇ ਰਿਜ਼ਰਵ ਬੈਂਕ ਦੀ ਭੁਗਤਾਨ ਪ੍ਰਣਾਲੀਆਂ ਸੰਬੰਧੀ 2015-2018 ਦੀ ਦ੍ਰਿਸ਼ਟੀ :

ਹੁੰਗਾਰੇ ਵਾਲੇ ਨਿਯਮਾਂ, ਵਿਆਪਕ ਬੁਨਿਆਦੀ ਢਾਂਚੇ, ਪ੍ਰਭਾਵੀ ਨਿਗਰਾਨੀ ਅਤੇ ਗਾਹਕ ਮੁਖੀ ਕਦਮਾਂ ਰਾਹੀਂ ਭਾਰਤ ਭਰ ਵਿੱਚ 'ਘੱਟ ਨਕਦੀ' ਲਈ ਅਤਿ-ਉੱਤਮ ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀਆਂ ਦਾ ਨਿਰਮਾਣ ਕਰਨਾ।

ਹੀ ਬੈਂਕਾਂ ਕੋਰ ਬੈਂਕਿੰਗ ਪ੍ਰਣਾਲੀ ਵੱਲ ਵਧੀਆਂ, ਜੋ ਸਾਰੇ ਬੈਂਕਾਂ ਦੀਆਂ ਸ਼ਾਖਾਵਾਂ ਅਤੇ ਆਊਟਲੈਟ ਦਾ ਕੇਂਦਰੀਕ੍ਰਿਤ ਹਿਸਾਬ-ਕਿਤਾਬ ਹੈ, ਤਾਂ ਆਨਲਾਈਨ ਭੁਗਤਾਨ ਦੀਆਂ ਕਈ ਹੋਰ ਸੰਭਾਵਨਾਵਾਂ ਵੀ ਉਜਾਗਰ ਹੋ ਗਈਆਂ। ਕਾਰਡ ਅਧਾਰਤ ਲੈਣ-ਦੇਣ ਨੇ, ਕਿਤੇ ਵੀ ਅਦਾਇਗੀ ਕਰਨ ਦੇ ਖੇਤਰ ਵਿੱਚ ਇਕ ਨਵਾਂ ਦਿਸਹੱਦਾ ਖੋਲ੍ਹ ਦਿੱਤਾ। ਸਾਰੇ ਬੈਂਕਾਂ ਦੇ ਏ ਟੀ ਐੱਮ ਨੂੰ ਜੋੜਨ ਨਾਲ ਦੇਸ਼ ਵਿੱਚ ਕਿਸੇ ਵੀ ਏ ਟੀ ਐੱਮ ਤੋਂ ਨਕਦੀ ਕਢਵਾਉਣੀ ਸੰਭਵ ਹੋ ਗਈ ਜੋ ਆਪਣੇ ਆਪ ਵਿੱਚ ਲੀਹ ਤੋਂ ਹਟਵੀਂ ਅਤੇ ਮੌਜੂਦਾ ਬਾਜ਼ਾਰ ਨੂੰ ਪ੍ਰਭਾਵਿਤ ਕਰਨ ਵਾਲੀ ਖੋਜ ਸਾਬਤ ਹੋਈ ਕਿਉਂਕਿ ਗਾਹਕਾਂ ਦੇ ਬੈਂਕਾਂ ਵੱਲ ਗੇੜੇ ਮਾਰਨ ਵਿੱਚ ਵੱਡੀ ਕਮੀ ਆਈ। ਏ ਟੀ ਐੱਮ ਕਾਰਡ ਡੈਬਿਟ ਕਾਰਡ ਵਿੱਚ ਤਬਦੀਲ ਹੋ ਗਿਆ ਜੋ ਇਕ ਬਹੁ-ਮੁਖੀ ਕਾਰਡ ਬਣ ਚੁੱਕਾ ਹੈ ਕਿਉਂਕਿ ਇਸ ਨੂੰ ਨਕਦੀ ਕਢਵਾਉਣ, ਖਰੀਦਦਾਰੀ ਕਰਨ ਅਤੇ ਇੰਟਰਨੈੱਟ ਰਾਹੀਂ ਹਰ ਪ੍ਰਕਾਰ ਦਾ ਆਨਲਾਈਨ ਭੁਗਤਾਨ ਤੇ ਲੈਣ-ਦੇਣ ਕਰਨ ਲਈ ਵਰਤਿਆ ਜਾ ਸਕਦਾ ਹੈ।

ਜਦ ਕਿ ਨੈਫਟ (ਐੱਨ ਈ ਐੱਫ ਟੀ) ਪ੍ਰਚੂਨ ਅਦਾਇਗੀ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ, ਭਾਰਤ ਦੇ ਰਿਜ਼ਰਵ ਬੈਂਕ ਵਲੋਂ ਵੱਡੀ ਕੀਮਤ ਵਾਲਾ ਆਰ ਟੀ ਜੀ ਐੱਸ ਰੀਅਲ ਟਾਈਮ ਗਰੌਸ ਸੈਟਲਮੈਂਟ ਸਿਸਟਮ – ਮਾਰਚ 2004 ਵਿੱਚ ਸ਼ੁਰੂ ਕੀਤਾ ਗਿਆ। ਇਸ ਨੂੰ ਮੁੱਖ ਤੌਰ ਤੇ ਬੈਂਕਾਂ ਅਤੇ ਵਿੱਤੀ ਕੰਪਨੀਆਂ ਦੇ ਫੰਡ ਪ੍ਰਬੰਧਕਾਂ ਵਲੋਂ ਇਸਤੇਮਾਲ ਵਿੱਚ ਲਿਆਇਆ ਜਾਂਦਾ ਹੈ। ਵੱਡੀਆਂ ਰਕਮਾਂ ਦੇ ਤਬਾਦਲੇ ਲਈ ਗਾਹਕਾਂ ਵਲੋਂ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ, ਇਹ ਇਕੋ-ਇਕ ਆਨਲਾਈਨ ਅੰਤਰ-ਬੈਂਕ ਅਦਾਇਗੀ ਪ੍ਰਣਾਲੀ ਹੈ ਜਿਸ ਨੂੰ ਕੁੱਲ ਅਧਾਰ ਉਤੇ ਤੈਅ ਕੀਤਾ ਜਾਂਦਾ ਹੈ ਤਾਂ ਕਿ ਤੇਜ਼ੀ ਨਾਲ ਪੈਸੇ ਦਾ ਤਬਾਦਲਾ ਕੀਤਾ ਜਾ ਸਕੇ। ਕਿਸੇ ਵੀ ਅੰਤਰ-ਬੈਂਕ ਅਦਾਇਗੀ ਪ੍ਰਣਾਲੀ ਲਈ ਇਕ ਕੇਂਦਰੀ ਭਰੋਸੇ ਵਾਲੀ ਦੂਜੀ ਧਿਰ ਹੋਣੀ ਚਾਹੀਦੀ ਹੈ ਜੋ ਦੋ ਹਿੱਸੇਦਾਰਾਂ ਦਰਮਿਆਨ ਲੈਣ-ਦੇਣ ਨੂੰ ਅੰਤਮ ਰੂਪ ਦੇਵੇਗੀ। ਰਵਾਇਤੀ ਤੌਰ ਤੇ, ਦੇਸ਼ ਦਾ ਕੇਂਦਰੀ ਬੈਂਕ, ਜੋ ਇਸ ਮਾਮਲੇ ਵਿੱਚ ਭਾਰਤ ਦਾ ਰਿਜ਼ਰਵ ਬੈਂਕ ਹੈ, ਭੁਗਤਾਨ ਕਰਨ ਵਾਲੀ ਏਜੰਸੀ ਹੁੰਦਾ ਹੈ। ਇਹ ਖੇਤਰ ਪੇਮੈਂਟ ਐਂਡ ਸੈਟਲਮੈਂਟ ਸਿਸਟਮਜ਼





*ਵਿਸ਼ੇਸ਼ ਬੈਂਕ ਨੋਟਬੰਦੀ ਕਾਰਨ ਨਕਦੀ ਰਹਿਤ ਲੈਣ-ਦੇਣ ਦੀਆਂ ਜ਼ਿਆਦਾਤਰ ਹਾਲੀਆ ਘਟਨਾਵਾਂ ਦਰਸਾਉਂਦੀਆਂ ਹਨ ਕਿ ਪਿਛਲੇ ਕੁੱਝ ਮਹੀਨਿਆਂ ਦੌਰਾਨ ਕੁੱਝ ਇਲੈਕਟ੍ਰਾਨਿਕ ਅਦਾਇਗੀ ਲੈਣ-ਦੇਣ ਵਿੱਚ 35 ਤੋਂ 40 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ।*

| **ਭੁਗਤਾਨ ਪ੍ਰਣਾਲੀਆਂ ਦੀ ਮਾਤਰਾ – ਮਿਲੀਅਨ ਲੈਣ-ਦੇਣ 2015–16** | |
|---|---|
| 1–4 ਐੱਸ ਆਈ ਐੱਫ ਐੱਮ ਆਈ<br>ਆਰ ਟੀ ਜੀ ਐੱਸ ਅਤੇ ਸੀ ਬੀ ਐੱਲ ਓ, ਜੀ-ਐੱਸ ਈ ਸੀ, ਵਿਦੇਸ਼ੀ ਮੁਦਰਾ | 101.4 |
| 5–7 ਕਾਗਜ਼ – ਸੀ ਟੀ ਐੱਸ, ਐੱਮ ਆਈ ਸੀ ਆਰ, ਗ਼ੈਰ-ਐੱਮ ਆਈ ਸੀ ਆਰ | 1096.4 |
| 8. ਈ ਸੀ ਐੱਸ – ਡੀ ਆਰ | 224.8 |
| 9. ਈ ਸੀ ਐੱਸ – ਸੀ ਆਰ | 39.0 |
| 10. ਐੱਨ ਈ ਐੱਫ ਟੀ | 1252.9 |
| 11. ਫੌਰੀ ਭੁਗਤਾਨ ਸੇਵਾ (ਆਈ ਐੱਮ ਪੀ ਐੱਸ) | 220.8 |
| 12. ਨੈਸ਼ਨਲ ਆਟੋਮੇਟਿਡ ਕਲੀਅਰਿੰਗ ਹਾਊਸ (ਐੱਨ ਏ ਸੀ ਐੱਚ) | 1404.1 |
| 13. ਕ੍ਰੈਡਿਟ ਕਾਰਡ | 785.7 |
| 14. ਡੈਬਿਟ ਕਾਰਡ | 1173.5 |
| 15. ਪ੍ਰੀਪੇਡ ਭੁਗਤਾਨ ਢੰਗ (ਪੀ ਪੀ ਆਈ ਐੱਸ) | 748.0 |
| **ਕੁੱਲ ਜੋੜ (1 ਤੋਂ 15)** | **7,046.6** |

ਐਕਟ, 2007 ਪਾਸ ਹੋਣ ਨਾਲ ਖੋਲ੍ਹਿਆ ਗਿਆ ਜਿਸ ਦੇ ਤਹਿਤ ਰਿਜ਼ਰਵ ਬੈਂਕ ਨੂੰ ਅਦਾਇਗੀ ਪ੍ਰਣਾਲੀਆਂ ਅਧਿਕਾਰਤ ਕਰਨ ਦੀ ਸ਼ਕਤੀ ਹਾਸਲ ਹੈ, ਜੋ ਵੱਖ-ਵੱਖ ਹਿੱਸੇਦਾਰਾਂ ਦਰਮਿਆਨ ਅਦਾਇਗੀਆਂ ਦਾ ਭੁਗਤਾਨ ਕਰ ਸਕਦੀ ਹੈ।

ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ (ਐੱਨਪੀਸੀਆਈ) ਤੇ ਕਲੀਅਰਿੰਗ ਕਾਰਪੋਰੇਸ਼ਨ ਆਫ ਇੰਡੀਆ ਲਿਮਿਟਡ (ਸੀ ਸੀ ਆਈ ਐੱਲ) ਦੇ ਪ੍ਰਮੁੱਖ ਅਧਿਕਾਰਤ ਸੰਗਠਨ ਹਨ ਜਿਨ੍ਹਾਂ ਨੂੰ ਰਿਜ਼ਰਵ ਬੈਂਕ ਵਲੋਂ ਅਦਾਇਗੀ ਪ੍ਰਣਾਲੀਆਂ ਦੇਣ ਦੀ ਆਗਿਆ ਮਿਲੀ ਹੋਈ ਹੈ। ਐੱਨ ਪੀ ਸੀ ਆਈ ਜੋ ਸਭ ਤੋਂ ਵੱਧ ਸੰਖਿਆ ਵਿੱਚ ਪ੍ਰਚੂਨ ਅਦਾਇਗੀਆਂ ਦਾ ਹਿਸਾਬ ਰੱਖਦੀ ਹੈ, ਇਸ ਵਲੋਂ ਐੱਨ ਐੱਫ ਐੱਸ (ਨੈਸ਼ਨਲ ਫਾਈਨੈਂਸ਼ਲ ਸਵਿੱਚ) ਦਾ ਰੱਖ-ਰਖਾਅ ਕੀਤਾ ਜਾਂਦਾ ਹੈ ਜੋ ਸਾਰੇ ਬੈਂਕਾਂ ਦੇ ਏ ਟੀ ਐੱਮ ਨੂੰ ਆਪਸ ਵਿੱਚ ਜੋੜਦਾ ਹੈ। ਐੱਨ ਪੀ ਸੀ ਆਈ ਵਲੋਂ ਕਈ ਪ੍ਰਕਾਰ ਦੇ ਅਦਾਇਗੀ ਉਤਪਾਦ ਸ਼ੁਰੂ ਕੀਤੇ ਗਏ ਹਨ, ਜਿਵੇਂ :

- ਆਈ ਐੱਮ ਪੀ ਐੱਸ – ਤੁਰੰਤ ਭੁਗਤਾਨ ਪ੍ਰਣਾਲੀ
- ਐੱਨ ਏ ਸੀ ਐੱਚ – ਨੈਸ਼ਨਲ ਆਟੋਮੈਟਿਡ ਕਲੀਅਰਿੰਗ ਹਾਊਸ




| ਭੁਗਤਾਨ ਪ੍ਰਣਾਲੀਆਂ ਦੀ ਕੀਮਤ ਰੁਪਏ (ਬਿਲੀਅਨ) 2015-16 | |
|---|---|
| 1-4 ਐੱਸ ਆਈ ਐੱਫ ਐੱਮ ਆਈ<br>ਆਰ ਟੀ ਜੀ ਐੱਸ ਅਤੇ ਸੀ ਬੀ ਐੱਲ ਓ, ਜੀ-ਐੱਸ ਈ ਸੀ, ਵਿਦੇਸ਼ੀ ਮੁਦਰਾ | 1545672 |
| 5-7 ਕਾਗ਼ਜ਼ - ਸੀ ਟੀ ਐੱਸ, ਐੱਮ ਆਈ ਸੀ ਆਰ, ਗ਼ੈਰ-ਐੱਮ ਆਈ ਸੀ ਆਰ | 81861 |
| 8. ਈ ਸੀ ਐੱਸ - ਡੀ ਆਰ | 1652 |
| 9. ਈ ਸੀ ਐੱਸ - ਸੀ ਆਰ | 1059 |
| 10. ਐੱਨ ਈ ਐੱਫ ਟੀ | 83273 |
| 11. ਫੌਰੀ ਭੁਗਤਾਨ ਸੇਵਾ (ਆਈ ਐੱਮ ਪੀ ਐੱਸ) | 1622 |
| 12. ਨੈਸ਼ਨਲ ਆਟੋਮੇਟਿਡ ਕਲੀਅਰਿੰਗ ਹਾਊਸ (ਐੱਨ ਏ ਸੀ ਐੱਚ) | 3802 |
| 13. ਕ੍ਰੈਡਿਟ ਕਾਰਡ | 2407 |
| 14. ਡੈਬਿਟ ਕਾਰਡ | 1589 |
| 15. ਪ੍ਰੀਪੇਡ ਭੁਗਤਾਨ ਢੰਗ (ਪੀ ਪੀ ਆਈ ਐੱਸ) | 488 |
| **ਕੁੱਲ ਜੋੜ (1 ਤੋਂ 15)** | **1723425** |

- ਸੀ ਟੀ ਐੱਸ - ਚੈੱਕ ਟ੍ਰੰਕੇਸ਼ਨ ਸਿਸਟਮ (ਇਮੇਜ ਅਧਾਰਤ ਚੈੱਕ ਕਲੀਅਰਿੰਗ)
- ਏ ਈ ਪੀ ਐੱਸ - ਆਧਾਰ ਇਨੇਬਲਡ ਪੇਮੈਂਟ ਸਿਸਟਮ
- ਯੂ ਪੀ ਆਈ - ਯੂਨੀਫਾਈਡ ਪੇਮੈਂਟ ਇੰਟਰਫੇਸ
- *99# ਅਧਾਰਤ ਯੂ ਐੱਸ ਐੱਸ ਡੀ - ਅਨਸਟਰਕਚਰਡ ਸਪਲੀਮੈਂਟਰੀ ਸਰਵਿਸ ਡੇਟਾ
- ਰੁਪਏ ਡੈਬਿਟ ਕਾਰਡ
- ਯੂ ਪੀ ਆਈ - ਯੂਨੀਫਾਈਡ ਪੇਮੈਂਟ ਇੰਟਰਫੇਸ ਜੋ ਸਾਰੇ ਬੈਂਕ ਖਾਤਿਆਂ ਲਈ ਇਕ ਚੈਨਲ ਦੁਆਰਾ ਭੁਗਤਾਨ ਕਰਨ ਦਾ ਸਾਧਨ ਹੈ।

ਐੱਨ ਪੀ ਸੀ ਆਈ ਵਲੋਂ ਇਕ ਪ੍ਰਚੂਨ ਬਿੱਲ ਅਦਾਇਗੀ ਪ੍ਰਣਾਲੀ 'ਬੀ ਬੀ ਪੀ ਐੱਸ' - ਭਾਰਤ ਬਿਲ ਪੇਮੈਂਟ ਸਿਸਟਮ ਦੀ ਵੀ ਸਥਾਪਨਾ ਕੀਤੀ ਜਾ ਰਹੀ ਹੈ। ਇਸ ਨਾਲ ਵਰਤੋਂਕਾਰ ਨੂੰ ਸਰਕਾਰੀ ਬਕਾਏ, ਟੈਕਸ ਆਦਿ ਅਤੇ ਕਿਸੇ ਵੀ ਸੇਵਾ ਦੇ ਬਿੱਲਾਂ ਦੀ ਅਦਾਇਗੀ ਦੇਸ਼ ਵਿੱਚ ਕਿਤੋਂ ਵੀ ਕਰਨ ਦੀ ਸਹੂਲਤ ਪ੍ਰਾਪਤ ਹੋ ਜਾਵੇਗੀ।

ਇਸ ਤੋਂ ਬਿਨਾਂ ਬਹੁਤ ਸਾਰੇ ਭੁਗਤਾਨ ਸੇਵਾ ਪ੍ਰਦਾਨ ਕਰਨ ਵਾਲਿਆਂ ਵਲੋਂ ਬਟੂਆ ਸੇਵਾਵਾਂ ਵੀ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਵਿੱਚੋਂ ਕੁੱਝ ਹਨ : ਪੇ ਟੀ ਐੱਮ, ਬਿੱਲਡੈਸਕ, ਸੀ ਸੀ ਐਵੇਨਿਊ, ਇੰਸਟਾਮੋਜੋ, ਪੇਪਾਲ, ਸਿਟਰਸਪੇਅ, ਡਾਇਰੈਕਪੇਅ, ਪੇਅ ਯੂ ਮਨੀ, ਈਪੇਅ, ਪੇਨੈਟਜ ਆਦਿ। ਇਨ੍ਹਾਂ ਤੋਂ ਇਲਾਵਾ 'ਬੰਦ' ਭੁਗਤਾਨ ਪ੍ਰਣਾਲੀਆਂ ਵੀ ਹਨ ਜੋ ਇਕ ਦਾਇਰੇ ਦੇ ਅੰਦਰ ਕੰਮ ਕਰਦੀਆਂ ਹਨ ਜਿਵੇਂ ਕਿ ਆਵਾਜਾਈ ਸੇਵਾ, ਬਜ਼ਾਰੀਕਰਨ ਸਮੂਹ, ਵੰਡ ਸੇਵਾਵਾਂ ਆਦਿ, ਜਿਨ੍ਹਾਂ ਕੋਲ ਸੀਮਤ ਉਦੇਸ਼ ਵਾਲੇ ਪ੍ਰੀ ਪੇਡ ਕਾਰਡ ਵੀ ਹੋ ਸਕਦੇ ਹਨ।


ਪੇਮੈਂਟ ਐਂਡ ਸੈਟਲਮੈਂਟ ਸਿਸਟਮਜ਼ ਐਕਟ, 2007 ਦੇ ਖੰਡ 2(i) ਵਿੱਚ ਭੁਗਤਾਨ ਪ੍ਰਣਾਲੀ ਦੀ ਪਰਿਭਾਸ਼ਾ-


''ਭੁਗਤਾਨ ਪ੍ਰਣਾਲੀ' ਦਾ ਮਤਲਬ ਹੈ ਇਕ ਅਜਿਹੀ ਪ੍ਰਣਾਲੀ ਜੋ ਅਦਾ ਕਰਤਾ ਅਤੇ ਲਾਭ-ਪਾਤਰੀ ਦਰਮਿਆਨ ਭੁਗਤਾਨ ਨੂੰ ਸੰਭਵ ਬਣਾਉਂਦੀ ਹੈ ਜਿਸ ਵਿੱਚ ਕਲੀਅਰਿੰਗ, ਭੁਗਤਾਨ ਜਾਂ ਨਿਬੇੜਾ ਕਰਨ ਦੀ ਇਕ ਜਾਂ ਸਾਰੀਆਂ ਸੇਵਾਵਾਂ ਸ਼ਾਮਲ ਹੁੰਦੀਆਂ ਹਨ, ਪਰ ਇਸ ਵਿੱਚ ਸਟਾਕ ਐਕਸਚੇਂਜ ਸ਼ਾਮਲ ਨਹੀਂ ਹੁੰਦੀ।

ਵਿਆਖਿਆ - ਇਸ ਮਦ ਦੇ ਉਦੇਸ਼ਾਂ ਲਈ, ''ਭੁਗਤਾਨ ਪ੍ਰਣਾਲੀਆਂ'' ਵਿੱਚ ਕ੍ਰੈਡਿਟ ਕਾਰਡ, ਡੈਬਿਟ ਕਾਰਡ, ਸਮਾਰਟ ਕਾਰਡ, ਪੈਸਾ ਤਬਾਦਲਾ ਜਾਂ ਇਹੋ ਜਿਹੇ ਹੋਰ ਕੰਮ ਸ਼ਾਮਲ ਹੁੰਦੇ ਹਨ।

ਭੁਗਤਾਨ ਪ੍ਰਣਾਲੀ ਰਿਜ਼ਰਵ ਬੈਂਕ ਦੇ ਭੁਗਤਾਨ ਅਤੇ ਨਿਪਟਾਰਾ ਪ੍ਰਣਾਲੀਆਂ ਵਿਭਾਗ ਵਲੋਂ ਅਧਿਕਾਰਤ ਹੋਣੀ ਚਾਹੀਦੀ ਹੈ। ਭੁਗਤਾਨ ਪ੍ਰਣਾਲੀ ਦਾ ਸੰਚਾਲਨ ਕਰਨ ਦੀ ਮਨਜ਼ੂਰੀ ਅਤੇ ਭੁਗਤਾਨ ਪ੍ਰਣਾਲੀ ਵਿੱਚ ਭਾਗ ਲੈਣ ਵਾਲਿਆਂ ਦੀ ਮਨਜ਼ੂਰੀ ਉਨ੍ਹਾਂ ਅਸੂਲਾਂ ਤਹਿਤ ਦਿੱਤੀ ਜਾਵੇਗੀ ਜੋ ਹਿੱਸਾ ਲੈਣ ਵਾਲੇ ਸਮਰੱਥਾਵਾਂ ਦਾ ਜਾਇਜ਼ਾ ਲੈਣ ਲਈ ਬਣੇ ਹਨ ਅਤੇ ਇਹ ਤਸਦੀਕ ਕਰਦੇ ਹਨ ਕਿ ਇਸ ਦੇ ਸੰਚਾਲਨ ਨਾਲ ਇਸ ਪ੍ਰਣਾਲੀ ਲਈ ਕਿਸੇ ਦੇਣਦਾਰੀ ਜਾਂ ਯੋਜਨਾਤਮਕ ਮੁੱਦੇ ਤਾਂ ਖੜ੍ਹੇ ਨਹੀਂ ਹੋ ਜਾਣਗੇ। ਇਕ ਬੈਂਕ ਗਾਹਕ ਜਾਂ ਆਖਰੀ ਵਰਤੋਂਕਾਰ ਨੂੰ ਭੁਗਤਾਨ ਪ੍ਰਣਾਲੀ ਦੀ ਵਰਤੋਂ ਕਰਨ ਲਈਆਪਣੇ ਬੈਂਕ ਕੋਲ ਪੰਜੀਕ੍ਰਿਤ ਹੋਣਾ ਜ਼ਰੂਰੀ ਹੈ, ਜੇ ਬੈਂਕ ਵਲੋਂ ਭੁਗਤਾਨ ਪ੍ਰਣਾਲੀ ਦੀ ਸਹੂਲਤ ਦਿੱਤੀ ਜਾ ਰਹੀ ਹੈ। ਦੂਜੇ ਮਾਮਲਿਆਂ ਵਿੱਚ ਉਨ੍ਹਾਂ ਨੂੰ ਸੇਵਾ ਪ੍ਰਦਾਨ ਕਰਨ ਵਾਲਿਆਂ

ਮਿਸਾਲ ਦੇ ਲਈ, ਐੱਨ ਈ ਐੱਫ ਟੀ ਵਿੱਚ ਸਾਲ ਦਰ ਸਾਲ ਲੈਣ-ਦੇਣ ਵਿੱਚ ਵਾਧੇ ਦਾ ਰੁਝਾਨ ਹੇਠਲੇ ਚਿੱਤਰ ਵਿੱਚ ਦਿਖਾਇਆ ਗਿਆ ਹੈ :




| ਸਾਲ ਅਪ੍ਰੈਲ-ਮਾਰਚ | ਐੱਨ ਈ ਐੱਫ ਟੀ ਮਾਤਰਾ ਮਿਲੀਅਨ ਵਿੱਚ | ਐੱਨ ਈ ਐੱਫ ਟੀ ਕੀਮਤ ਰੁਪਏ ਵਿੱਚ |
|---|---|---|
| 2006–07 | 8 | 478 |
| 2007–08 | 14 | 1332 |
| 2008–09 | 25 | 3216 |
| 2009–10 | 41 | 6636 |
| 2010–11 | 132 | 9328 |
| 2011–12 | 226 | 17839 |
| 2012–13 | 392 | 28889 |

ਕੋਲ ਪੰਜੀਕ੍ਰਿਤ ਹੋਣਾ ਪਵੇਗਾ।

ਭਾਰਤੀ ਰਿਜ਼ਰਵ ਬੈਂਕ ਵਲੋਂ ਆਰ ਟੀ ਜੀ ਐੱਸ, ਐੱਨ ਈ ਐੱਫ ਟੀ ਅਤੇ ਈ ਸੀ ਐੱਸ (ਡੀ ਆਰ ਅਤੇ ਸੀ ਆਰ) ਪ੍ਰਣਾਲੀਆਂ ਸਿੱਧੇ ਸੰਚਾਲਿਤ ਕੀਤੀਆਂ ਜਾਂਦੀਆਂ ਹਨ ਜਦ ਕਿ ਦੂਜੀਆਂ ਸਾਰੀਆਂ ਭੁਗਤਾਨ ਪ੍ਰਣਾਲੀਆਂ, ਜਿਸ ਵਿੱਚ ਚੈੱਕ ਕਲੀਅਰਿੰਗ ਸ਼ਾਮਲ ਹੈ ਅਤੇ ਜਿਨ੍ਹਾਂ ਨੂੰ ਭੁਗਤਾਨ ਪ੍ਰਣਾਲੀ ਸੇਵਾ ਦੇਣ ਵਾਲਿਆਂ ਵਲੋਂ ਚਲਾਇਆ ਜਾਂਦਾ ਹੈ, ਉਹ ਆਪਣੇ ਪੱਧਰ ਉਤੇ ਹੀ ਨਿਪਟਾ ਦਿੱਤੀਆਂ ਜਾਂਦੀਆਂ ਹਨ ਅਤੇ ਅਖੀਰ ਵਿੱਚ ਇਨ੍ਹਾਂ ਨੂੰ ਰਿਜ਼ਰਵ ਬੈਂਕ ਦੀਆਂ ਕਿਤਾਬਾਂ ਵਿੱਚ ਦਰਜ ਕਰ ਦਿੱਤਾ ਜਾਂਦਾ ਹੈ।

ਕਿਉਂਕਿ ਬਾਜ਼ਾਰ ਵਿੱਚ ਨਵੇਂ ਉਤਪਾਦ ਆਉਣ ਨਾਲ ਆਈ ਸੀ ਟੀ-ਸੂਚਨਾ ਤੇ ਸੰਚਾਰ ਤਕਨਾਲੋਜੀ ਨੂੰ ਹੁਲਾਰਾ ਮਿਲਿਆ ਹੈ, ਇਸ ਨਾਲ ਦੇਸ਼ ਦੇ ਬੈਂਕਾਂ ਤੋਂ ਸੱਖਣੇ ਖੇਤਰਾਂ ਤੱਕ ਵਿੱਤੀ ਸੇਵਾਵਾਂ ਪੁੱਜਦੀਆਂ ਕਰਨ ਦਾ ਰਾਹ ਖੁੱਲ੍ਹ ਰਿਹਾ ਹੈ। ਜਿੱਥੇ ਪੂਰੀ ਬੈਂਕ ਸ਼ਾਖਾ ਨਹੀਂ ਖੋਲ੍ਹੀ ਜਾ ਸਕਦੀ, ਉਥੇ ਬੈਂਕਾਂ ਵਲੋਂ ਬੈਂਕਿੰਗ ਸੰਪਰਕ ਸੇਵਾ ਦਿੱਤੀ ਜਾ ਰਹੀ ਹੈ ਤਾਂ ਜੋ ਬੈਂਕਾਂ ਤੋਂ ਸੱਖਣੇ ਖੇਤਰਾਂ ਤੱਕ ਪਹੁੰਚ ਕੀਤੀ ਜਾ ਸਕੇ ਅਤੇ ਵਿੱਤੀ ਸਮਾਵੇਸ਼ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਘੱਟੋ-ਘੱਟ ਬੈਂਕਿੰਗ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

ਮੋਬਾਈਲ ਟੈਲੀਫ਼ੋਨ ਯੰਤਰਾਂ ਦੇ ਪਸਾਰ ਨੇ ਸਾਰਿਆਂ ਲਈ ਨਕਦੀ ਰਹਿਤ ਅਦਾਇਗੀਆਂ ਕਰਨ ਦਾ ਬੂਹਾ ਖੋਲ੍ਹ ਦਿੱਤਾ ਹੈ। ਇਹ ਵੇਖਿਆ ਗਿਆ ਹੈ ਕਿ ਭਾਰਤ ਵਿੱਚ ਬੈਂਕ ਖਾਤਿਆਂ ਨਾਲੋਂ ਮੋਬਾਈਲ ਫ਼ੋਨਾਂ ਦੀ ਸੰਖਿਆ ਜ਼ਿਆਦਾ ਹੈ। ਇਸ ਨੇ ਭੁਗਤਾਨ ਪ੍ਰਣਾਲੀਆਂ ਅਤੇ ਮੋਬਾਈਲ ਵਾਲੇਟ ਅਜਿਹਾ ਸਾਫਟਵੇਅਰ ਵਿਕਸਤ ਕਰਨ ਲਈ ਇਕ ਮੰਚ ਪ੍ਰਦਾਨ ਕੀਤਾ ਹੈ ਜਿਸ ਨੂੰ ਮੋਬਾਈਲ ਟੈਲੀਫ਼ੋਨ ਜਾਂ ਹੱਥ ਵਿੱਚ ਫੜਨ ਵਾਲੇ ਕੰਪਿਊਟਰ ਯੰਤਰਾਂ ਰਾਹੀਂ ਲੈਣ-ਦੇਣ ਕਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਵਰਤੋਂਕਾਰਾਂ ਨੂੰ ਇਹ ਇਕ ਖਾਤੇ ਜਾਂ ਵਾਲੇਟ ਤੋਂ ਦੂਜੇ ਖਾਤੇ ਜਾਂ ਵਾਲੇਟ ਵਿੱਚ ਭੁਗਤਾਨ ਕਰਨ ਵਿੱਚ ਮਦਦਗਾਰ ਹੋਵੇਗਾ। ਬੇਸ਼ੱਕ! ਵਰਤੋਂਕਾਰਾਂ ਨੂੰ ਇਨ੍ਹਾਂ ਦਾ ਇਸਤੇਮਾਲ ਕਰਨ ਸਮੇਂ ਸਾਵਧਾਨ ਰਹਿਣਾ ਹੋਵੇਗਾ ਅਤੇ ਆਪਣੇ ਪਾਸਵਰਡ ਅਤੇ ਪਿੰਨ ਕਿਸੇ ਹੋਰ ਨਾਲ ਸਾਂਝੇ ਨਹੀਂ ਕਰਨੇ ਚਾਹੀਦੇ। ਭੁਗਤਾਨ ਦੀ ਰਕਮ ਨੂੰ ਘੱਟ ਤੋਂ ਘੱਟ ਰੱਖਣਾ ਚਾਹੀਦਾ ਹੈ ਤਾਂ ਕਿ ਗੋਪਨੀਅਤਾ ਬਣੀ ਰਹੇ।

ਉਪਰੋਕਤ ਭੁਗਤਾਨ ਪ੍ਰਣਾਲੀਆਂ ਨਾਲ ਨਕਦ ਅਦਾਇਗੀਆਂ ਵਿੱਚ ਵੱਡੀ ਕਮੀ ਆਈ ਹੈ। ਇਥੋਂ ਤੱਕ ਕਿ ਚੈੱਕ ਰਾਹੀਂ ਲੈਣ-ਦੇਣ ਵਿੱਚ ਵੀ ਉਨਾ ਵਾਧਾ ਨਹੀਂ ਹੋ ਰਿਹਾ ਜਿੰਨਾ ਪਹਿਲਾਂ ਹੁੰਦਾ ਸੀ। "ਘੱਟ ਨਕਦੀ ਵਾਲੀ ਆਰਥਿਕਤਾ" ਵੱਲ ਵਧਣ ਲਈ ਭੁਗਤਾਨ ਪ੍ਰਣਾਲੀਆਂ ਮੋਹਰੀ ਭੂਮਿਕਾ ਨਿਭਾਅ ਰਹੀਆਂ ਹਨ।

*(ਲੇਖਕ ਕਿੱਤੇ ਵਜੋਂ ਭਾਰਤੀ ਰਿਜ਼ਰਵ ਬੈਂਕ ਵਿੱਚ ਕੇਂਦਰੀ ਬੈਂਕਰ ਹਨ ਅਤੇ ਮੌਜੂਦਾ ਬੈਂਕਿੰਗ ਤਕਨਾਲੋਜੀ ਵਿੱਚ ਵਿਕਾਸ ਅਤੇ ਖੋਜ ਬਾਰੇ ਸੰਸਥਾ ਹੈਦਰਾਬਾਦ ਵਿੱਚ ਤੈਨਾਤ ਹਨ)*

*e-mail :graghuraj@idrbt.ac.in*

# ਨੋਟਬੰਦੀ, ਨਕਦੀ-ਰਹਿਤ ਆਰਥਿਕਤਾ ਅਤੇ ਵਿਕਾਸ

ਬੀ.ਕੇ. ਪਟਨਾਇਕ

8 ਨਵੰਬਰ, 2016 ਦੀ ਅੱਧੀਰਾਤ ਨੂੰ ਵੱਡੀ ਕੀਮਤ ਦੀ ਕਰੰਸੀ ਨੂੰ ਭਾਰਤ ਸਰਕਾਰ ਵਲੋਂ ਬੰਦ ਕਰਨਾ ਭਾਰਤ ਦੀ ਮੁਦਰਾ ਸੰਬੰਧੀ ਆਰਥਿਕਤਾ ਦੇ ਇਤਿਹਾਸ ਵਿੱਚ ਇਕ ਅਹਿਮ ਕਦਮ ਹੈ। ਆਰਥਿਕ ਮਾਹਿਰ, ਸਿਆਣੇ ਲੋਕ, ਸਮਾਜ ਵਿਗਿਆਨੀ, ਸਿਆਸਤਦਾਨ ਅਤੇ ਆਮ ਆਦਮੀ - ਕਾਲੇ ਧਨ, ਨਕਲੀ ਕਰੰਸੀ, ਭ੍ਰਿਸ਼ਟਾਚਾਰ ਅਤੇ ਅੱਤਵਾਦੀ ਫੰਡਿੰਗ ਦੇ ਦੇਸ਼ ਦੀ ਆਰਥਿਕ ਪ੍ਰਗਤੀ ਉਤੇ ਪੈ ਰਹੇ ਮਾੜੇ ਪ੍ਰਭਾਵਾਂ ਦੇ ਆਕਾਰ ਤੋਂ ਦੁਚਿੱਤੀ ਵਿੱਚ ਸਨ। ਨੋਟਬੰਦੀ ਇਕ ਅਜਿਹਾ ਕਦਮ ਹੈ ਜਿਸ ਰਾਹੀਂ ਇਕ ਦੇਸ਼ ਦੀ ਸਰਕਾਰ ਇਕ ਜਾਂ ਇਕ ਤੋਂ ਵੱਧ ਕਰੰਸੀ ਯੂਨਿਟਾਂ ਨੂੰ ਬੰਦ ਕਰ ਦਿੰਦੀ ਹੈ ਅਤੇ ਉਸ ਨੂੰ ਨਾਜਾਇਜ਼ ਕਰਾਰ ਦੇ ਦਿੰਦੀ ਹੈ। ਨੋਟਬੰਦੀ ਦੇ ਅਮਲ ਵਿੱਚ ਜਾਂ ਤਾਂ ਕਰੰਸੀ ਯੂਨਿਟਾਂ ਨੂੰ ਪੂਰੀ ਤਰ੍ਹਾਂ ਵਾਪਸ ਲੈਣਾ ਜਾਂ ਕੁਝ ਕਰੰਸੀ ਯੂਨਿਟਾਂ ਨੂੰ ਵਾਪਸ ਲੈਣਾ ਅਤੇ ਉਨ੍ਹਾਂ ਦੀ ਥਾਂ ਉਤੇ ਉਸੇ ਮੁੱਲ ਦੀ ਨਵੀਂ ਕਰੰਸੀ ਨੂੰ ਚਾਲੂ ਕਰਨਾ ਜਾਂ ਪੂਰੀ ਤਰ੍ਹਾਂ ਨਵੀਂ ਕਰੰਸੀ ਨੂੰ ਲਾਗੂ ਕਰਨਾ ਸ਼ਾਮਿਲ ਹੁੰਦਾ ਹੈ। ਕਰੰਸੀ ਨੂੰ ਬੰਦ ਕਰਨ ਜਾਂ ਬਦਲਣ ਦਾ ਇਹ ਅਮਲ ਭ੍ਰਿਸ਼ਟਾਚਾਰੀ ਢੰਗ ਨਾਲ ਇਕੱਠੇ ਕੀਤੇ ਕਾਲੇ ਧਨ ਨੂੰ ਬਾਹਰ ਕਢਵਾਉਣ ਦਾ ਹੁੰਦਾ ਹੈ। ਸਿਆਸੀ ਆਰਥਿਕਤਾ ਬਾਰੇ ਜੋਹਨ ਈਟਵੈੱਲ ਪਾਲਗ੍ਰੇਵ ਦੀ ਡਿਕਸ਼ਨਰੀ ਵਿੱਚ ਨੋਟਬੰਦੀ ਦੀ ਪਰਿਭਾਸ਼ਾ ਵਿੱਚ ਕਿਹਾ ਗਿਆ ਹੈ ਕਿ ਇਹ ਸਰਕਾਰ ਵਲੋਂ ਕਿਸੇ ਸਿੱਕੇ ਦੀ ਵਰਤੋਂ ਬੰਦ ਕਰਨਾ ਅਤੇ ਸਰਕਾਰੀ ਤੌਰ ਤੇ ਉਸ ਨੂੰ ਬਾਜ਼ਾਰ ਵਿੱਚੋਂ ਵਾਪਸ ਲੈ ਲੈਣਾ ਹੈ। ਐਨ ਬੀ ਘੋੜਕੇ ਨੇ ਇਕਨਾਮਿਕਸ ਦੀ ਐਨਸਾਈਕਲੋਪੀਡਿਕ ਡਿਕਸ਼ਨਰੀ ਵਿੱਚ ਦਿੱਤੀ ਪਰਿਭਾਸ਼ਾ ਵਿੱਚ ਕਿਹਾ ਹੈ ਕਿ ਕਾਗਜ਼ ਦੀ ਕਰੰਸੀ ਦੇ ਮਿਆਰ ਵਿੱਚ 'ਨੋਟਬੰਦੀ' ਦਾ ਅਰਥ ਮਾਰਕੀਟ ਵਿੱਚੋਂ ਚੱਲ ਰਹੇ ਕਰੰਸੀ ਨੋਟਾਂ ਨੂੰ ਪੂਰੀ ਤਰ੍ਹਾਂ ਵਾਪਸ ਲੈਣਾ ਹੈ। ਥੋਰਪੇ ਐਂਡ ਥੋਰਪੇ (2010) ਦਾ ਵਿਚਾਰ ਹੈ ਕਿ ਨੋਟਬੰਦੀ ਦਾ ਅਰਥ ਮਾਰਕੀਟ ਵਿੱਚੋਂ ਚੱਲ ਰਹੀ ਕਰੰਸੀ ਨੂੰ ਵਾਪਸ ਲੈਣਾ ਹੈ। ਅਜਿਹਾ ਕਾਲੇ ਧਨ ਨੂੰ ਖਤਮ ਕਰਨ ਅਤੇ ਬਗੈਰ ਹਿਸਾਬ ਕਿਤਾਬ ਦੇ ਰੱਖੀ ਗਈ ਕਰੰਸੀ ਨੂੰ ਖਤਮ ਕਰਨ ਲਈ ਕੀਤਾ ਜਾਂਦਾ ਹੈ। ਸਿਰਫ ਭਾਰਤ ਹੀ ਨਹੀਂ ਕਈ ਹੋਰ ਦੇਸ਼ਾਂ, ਜਿਵੇਂ ਕਿ ਅਮਰੀਕਾ ਨੇ 1969 ਵਿੱਚ, ਜ਼ਾਇਰੇ ਨੇ 1990 ਵਿੱਚ, ਆਸਟ੍ਰੇਲੀਆ ਨੇ 1996 ਵਿੱਚ, ਜ਼ਿੰਬਾਬਵੇ ਨੇ 2010 ਵਿੱਚ ਅਤੇ ਉੱਤਰੀ ਕੋਰੀਆ ਨੇ 2010 ਵਿੱਚ ਅਜਿਹੀ ਕਾਰਵਾਈ ਕੀਤੀ ਸੀ। ਵਿਕਸਤ ਖੁੱਲ੍ਹੇਪਨ ਵਾਲੇ ਦੇਸ਼ਾਂ, ਜਿਵੇਂ ਕਿ ਅਮਰੀਕਾ ਅਤੇ ਆਸਟ੍ਰੇਲੀਆ ਵਿੱਚ ਇਹ ਕੰਮ ਸਫਲ ਰਿਹਾ ਜਦ ਕਿ ਦੱਖਣੀ ਅਫਰੀਕਾ ਵਰਗੇ ਘੱਟ ਵਿਕਸਤ ਦੇਸ਼ ਵਿੱਚ ਇਹ ਸਫਲ ਨਹੀਂ ਹੋ ਸਕਿਆ। ਆਜ਼ਾਦ ਭਾਰਤ ਵਿੱਚ ਪਹਿਲੀ ਵਾਰੀ ਨੋਟਬੰਦੀ 1946 ਵਿੱਚ ਅਤੇ ਫਿਰ ਦੂਜੀ ਵਾਰੀ 1978 ਵਿੱਚ ਕੀਤੀ ਗਈ। ਉਸ ਵੇਲੇ ਵੱਡੀ ਕੀਮਤ ਦੇ ਕਰੰਸੀ ਨੋਟ ਕੁੱਲ ਚੱਲ ਰਹੀ ਕਰੰਸੀ ਦਾ ਸਿਰਫ 3 ਪ੍ਰਤਿਸ਼ਤ ਹਿੱਸਾ ਹੀ ਸਨ। 1946 ਵਿੱਚ ਜਦੋਂ ਨੋਟਬੰਦੀ ਕੀਤੀ ਗਈ ਤਾਂ ਉਸ ਕੀ ਕੀਮਤ ਸਿਰਫ 143.97 ਕਰੋੜ ਰੁਪਏ ਹੀ ਸੀ। ਇਸ ਦੇ ਬਦਲੇ 123593 ਕਰੋੜ ਰੁਪਏ ਦੇ ਨਵੇਂ ਨੋਟ ਜਾਰੀ ਕੀਤੇ ਗਏ। ਫਿਰ ਸਾਲ 1978 ਵਿੱਚ 1000 ਰੁਪਏ, 5000 ਰੁਪਏ ਅਤੇ 10000 ਰੁਪਏ ਦੇ ਜੋ ਨੋਟ 1954 ਵਿੱਚ ਮੁੜ ਸ਼ੁਰੂ ਕੀਤੇ ਗਏ ਸਨ, ਉਨ੍ਹਾਂ ਨੂੰ ਬੰਦ ਕਰ ਦਿੱਤਾ ਗਿਆ। ਉਸ ਵੇਲੇ ਜੋ ਕਰੰਸੀ ਬੰਦ ਕੀਤੀ ਗਈ ਸੀ, ਉਹ ਸਿਰਫ 146 ਕਰੋੜ ਰੁਪਏ ਦੀ ਸੀ। ਇਸ ਲਈ ਇਸ ਦਾ ਮਾੜਾ ਪ੍ਰਭਾਵ ਵੀ ਘੱਟ ਹੀ ਸੀ। ਸਿੱਧੇ ਟੈਕਸਾਂ ਬਾਰੇ ਜਾਂਚ ਕਮੇਟੀ ਨੇ ਆਪਣੀ ਅਤੇ ਅੰਤਰਿਮ ਰਿਪੋਰਟ ਵਿੱਚ ਮੰਨਿਆ ਸੀ ''ਉਸ ਵੇਲੇ ਨੋਟਬੰਦੀ ਸਫਲ ਨਹੀਂ ਸੀ, ਕਿਉਂਕਿ ਉਸ ਵੇਲੇ ਜਾਰੀ ਨੋਟਾਂ ਵਿੱਚੋਂ ਬਹੁਤ ਘੱਟ ਨੂੰ ਬੰਦ ਕੀਤਾ ਗਿਆ ਸੀ। ਜਿਥੋਂ ਤੱਕ ਨਵੰਬਰ 2016 ਦੀ ਨੋਟਬੰਦੀ ਦਾ ਸਵਾਲ ਹੈ, 500 ਅਤੇ 1000 ਰੁਪਏ ਵਾਲੇ ਨੋਟ ਕੁੱਲ ਚੱਲ ਰਹੇ ਨੋਟਾਂ ਵਿੱਚੋਂ 86 ਪ੍ਰਤਿਸ਼ਤ ਸਨ। ਰਿਜ਼ਰਵ ਬੈਂਕ ਆਫ ਇੰਡੀਆ ਦੇ ਅੰਕੜਿਆਂ ਅਨੁਸਾਰ ਮਾਰਚ 2016 ਵਿੱਚ ਕੁੱਲ 16415 ਬਿਲੀਅਨ ਦੀ ਕਰੰਸੀ ਚੱਲ ਰਹੀ ਸੀ ਜਿਸ ਵਿੱਚੋਂ 500 ਰੁਪਏ ਦੇ ਨੋਟ 47.8 ਪ੍ਰਤਿਸ਼ਤ ਕਰੰਸੀ ਦੇ 1000 ਰੁਪਏ ਵਾਲੇ ਨੋਟ 38.6 ਪ੍ਰਤਿਸ਼ਤ ਦੇ ਸਨ ਅਤੇ ਕੁੱਲ ਮਿਲਾ ਕੇ ਉਨ੍ਹਾਂ ਦਾ ਹਿੱਸਾ 86 ਪ੍ਰਤਿਸ਼ਤ ਸੀ। ਦੂਸਰੇ ਆਰਥਿਕਤਾ ਦਾ ਅਕਾਰ, ਆਰਥਿਕਤਾ ਦੀ ਵਾਧਾ ਦਰ ਅਤੇ ਆਰਥਿਕ ਵਿਕਾਸ ਵਿੱਚ ਨਿੱਜੀ ਖੇਤਰ ਅਤੇ ਸੇਵਾ ਖੇਤਰ ਦੀ ਭੂਮਿਕਾ 1978 ਅਤੇ 1946 ਵਿੱਚ 2016 ਦੇ ਮੁਕਾਬਲੇ ਛੋਟੀ ਹੀ ਸੀ। ਤੀਸਰਾ, 1946 ਅਤੇ 1978 ਵਿੱਚ ਆਮਦਨ ਟੈਕਸ ਘੇਰੇ ਵਿੱਚ ਆਉਣ ਵਾਲੇ ਲੋਕਾਂ ਦੀ ਗਿਣਤੀ ਵੀ ਕਾਫੀ ਥੋੜ੍ਹੀ ਹੀ ਸੀ। ਇਸ ਵੇਲੇ ਪੈਨ ਕਾਰਡ ਧਾਰਕਾਂ ਦੀ ਗਿਣਤੀ 11 ਕਰੋੜ ਤੋਂ ਵੱਧ ਹੈ ਅਤੇ ਇਸ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਚੌਥੇ, 1946 ਅਤੇ 1978 ਵਿੱਚ ਜਨਤਾ ਨੂੰ ਆਮ ਤੌਰ ਤੇ ਪਤਾ ਸੀ ਕਿ ਨੋਟਬੰਦੀ ਸਰਕਾਰ ਵਲੋਂ ਜਲਦੀ ਜਾਂ ਦੇਰ ਨਾਲ ਲਾਗੂ ਕੀਤੀ ਹੀ ਜਾਣੀ ਹੈ, ਇਸ ਲਈ ਅਜਿਹੇ ਸਮੇਂ ਉੱਤੇ ਇਸ ਦੇ ਆਰਥਿਕਤਾ ਨੂੰ ਕੋਈ ਜ਼ਿਆਦਾ ਲਾਭ ਨਹੀਂ ਮਿਲਣੇ ਸਨ। ਪਰ 2016 ਵਿੱਚ ਨੋਟਬੰਦੀ ਦੀ ਮੁੱਖ ਵਿਸ਼ੇਸ਼ਤਾ ਇਹ ਸੀ ਕਿ ਇਸ ਨੂੰ ਬਹੁਤ

ਜ਼ਿਆਦਾ ਗੁਪਤ ਰੱਖਿਆ ਗਿਆ ਸੀ ਤਾਂ ਕਿ ਕਾਲੇ ਧਨ ਅਤੇ ਨਕਲੀ ਕਰੰਸੀ ਵਾਲਿਆਂ ਨੂੰ ਆਪਣੇ ਕਾਲੇ ਧਨ ਨੂੰ ਤਬਦੀਲ ਕਰਵਾਉਣ ਲਈ ਸਮਾਂ ਨਾ ਮਿਲ ਸਕੇ।

ਇਸ ਨੋਟਬੰਦੀ ਪਿੱਛੇ ਅਹਿਮ ਉਦੇਸ਼ ਇਹ ਸਨ : (1) ਆਰਥਿਕਤਾ ਵਿੱਚ ਮੌਜੂਦ ਕਾਲੇ ਧਨ ਦਾ ਪਤਾ ਲਗਾਉਣਾ, (2) ਭ੍ਰਿਸ਼ਟਾਚਾਰ ਉਤੇ ਰੋਕ ਲਗਾਉਣਾ, (3) ਦੇਸ਼ ਦੇ ਅੰਦਰ ਅਤੇ ਗੁਆਂਢੀ ਦੇਸ਼ਾਂ ਵਿੱਚ ਦਹਿਸ਼ਤਗਰਦ ਅਤੇ ਅੱਤਵਾਦੀ ਸਰਗਰਮੀਆਂ ਲਈ ਵਰਤੀ ਜਾ ਰਹੀ ਜਾਅਲੀ ਕਰੰਸੀ ਦਾ ਖਾਤਮਾ ਕਰਨਾ। ਨੋਟਬੰਦੀ ਦਾ ਐਲਾਨ ਕਰਨ ਵੇਲੇ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਸੀ ''ਕਈ ਸਾਲਾਂ ਤੋਂ ਦੇਸ਼ ਨੇ ਮਹਿਸੂਸ ਕੀਤਾ ਹੈ ਕਿ, ਕਾਲਾ ਧਨ ਦਹਿਸ਼ਤਵਾਦ ਅਤੇ ਭ੍ਰਿਸ਼ਟਾਚਾਰ ਤੇਜੀ ਨਾਲ ਵਧ ਰਹੇ ਹਨ ਅਤੇ ਸਾਨੂੰ ਵਿਕਾਸ ਦੀ ਦੌੜ ਵਿੱਚ ਪਿੱਛੇ ਧੱਕ ਰਹੇ ਹਨ।" ਉਨ੍ਹਾਂ ਹੋਰ ਕਿਹਾ ਸੀ ਕਿ, ''ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੀ ਪਕੜ ਨੂੰ ਖਤਮ ਕਰਨ ਲਈ ਅਸੀ ਫੈਸਲਾ ਕੀਤਾ ਹੈ ਕਿ 500 ਅਤੇ 1000 ਵਾਲੇ ਜੋ ਨੋਟ ਇਸ ਵੇਲੇ ਚੱਲ ਰਹੇ ਹਨ, ਉਹ 8 ਨਵੰਬਰ 2016 ਦੀ ਅੱਧੀ ਰਾਤ ਤੋਂ ਜਾਇਜ਼ ਨਹੀਂ ਰਹਿਣਗੇ।" ਇਨ੍ਹਾਂ ਸਭ ਤੋਂ ਇਲਾਵਾ ਇਕ ਸਭ ਤੋਂ ਵੱਡਾ ਉਦੇਸ਼ ਇਹ ਸੀ ਕਿ ਇਸ ਨੋਟਬੰਦੀ ਰਾਹੀਂ ਜੋ ਟੈਕਸ ਯੋਗ ਆਮਦਨ ਹੋਵੇਗੀ ਉਸ ਦੀ ਵਰਤੋਂ ਆਰਥਿਕ ਵਿਕਾਸ ਵਿੱਚ ਵਾਧੇ ਲਈ ਅਤੇ ਗਰੀਬਾਂ ਦੀ ਆਰਥਿਕ ਭਲਾਈ ਲਈ ਕੀਤੀ ਜਾਵੇਗੀ। ਅੰਤਿਮ ਤੌਰ ਤੇ ਨੋਟਬੰਦੀ ਦੀ ਕਾਰਵਾਈ ਇਕ ਸਾਫ ਵਾਧੇ ਅਤੇ ਵਿਕਾਸ ਵਿੱਚ ਬਰਾਬਰੀ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ।

ਕਾਲਾ ਧਨ, ਜਿਸ ਨੂੰ ਕਿ 'ਕਾਲੀ ਕਮਾਈ', 'ਬਿਨਾ ਹਿਸਾਬ-ਕਿਤਾਬ ਦੇ ਕਮਾਈ', ਨਕਲੀ ਕਰੰਸੀ', ਜੋ ਕਿ ਭ੍ਰਿਸ਼ਟਾਚਾਰ, ਰਿਸ਼ਵਤ ਖੋਰੀ, ਬਲੈਕ ਮਾਰਕੀਟਿੰਗ, ਜਮਾਖੋਰੀ, ਹਥਿਆਰਾਂ ਦੀ ਸਮਗਲਿੰਗ, ਦਹਿਸ਼ਤਵਾਦ, ਸਮਗਲਿੰਗ, ਨਾਜਾਇਜ਼ ਵਪਾਰ ਅਤੇ ਮਨੀ ਲਾਂਡਰਿੰਗ ਰਾਹੀਂ ਹਾਸਿਲ ਕੀਤੀ ਗਈ ਹੋਵੇ, ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਨਾਜਾਇਜ਼ ਕਮਾਈ ਅਤੇ ਦੌਲਤ, ਜੋ ਕਿ ਅਮਦਨ ਟੈਕਸ ਦੇ ਦਾਇਰੇ ਵਿੱਚ ਵੀ ਨਹੀਂ ਆਉਂਦੀ। ਇਸ ਨੂੰ ਕੁੱਝ ਪ੍ਰਤਿਸ਼ਤ ਲੋਕਾਂ, ਜੋ ਕਿ ਭ੍ਰਿਸ਼ਟ ਅਤੇ ਮੁਜਰਮ ਹੁੰਦੇ ਹਨ, ਵਲੋਂ ਹੀ ਕਮਾਇਆ ਜਾਂਦਾ ਹੈ। ਅਜਿਹੀ ਆਮਦਨ ਆਰਥਿਕ ਵਾਧੇ ਦੇ ਰਾਹ ਵਿੱਚ ਰੁਕਾਵਟ ਹੁੰਦੀ ਹੈ। ਸੰਖੇਪ ਵਿੱਚ ਕਾਲਾ ਧਨ 'ਬਿਨਾਂ ਹਿਸਾਬ ਕਿਤਾਬ ਵਾਲਾ ਧਨ' ਹੈ ਅਤੇ ਆਮਦਨ, ਜੋ ਕਿ ਟੈਕਸਾਂ ਤੋਂ ਬਚ ਕੇ ਕਮਾਈ ਗਈ ਹੋਵੇ, ਅਤੇ ਇਸ ਨੂੰ ਨਕਦੀ ਜਾਂ ਹੋਰ ਕੀਮਤੀ ਵਸਤਾਂ, ਜਿਵੇਂ ਕਿ ਜ਼ਮੀਨ, ਮਕਾਨ, ਸੋਨਾ, ਗਹਿਣੇ ਅਤੇ ਹੋਰ ਕੀਮਤੀ ਸਮਾਨ ਦੇ ਰੂਪ ਵਿੱਚ ਜਮ੍ਹਾਂ ਕੀਤਾ ਗਿਆ ਹੋਵੇ। ਦੇਸ਼ ਵਿੱਚ ਕਾਲੇ ਧਨ ਦੀ ਮੌਜੂਦਗੀ ਇਕ ਤਰ੍ਹਾਂ ਨਾਲ ਉੱਚ ਆਰਥਿਕ ਗ਼ੈਰ-ਬਰਾਬਰੀ, ਗਰੀਬੀ ਅਤੇ ਬੇਰੁਜ਼ਗਾਰੀ ਦੇ ਮੁੱਢਲੇ ਕਾਰਨਾਂ ਵਿੱਚ ਸ਼ਾਮਿਲ ਹੈ। ਐੱਨ ਆਈ ਪੀ ਐੱਫ ਪੀ ਅਨੁਸਾਰ ਕਾਲਾ ਧਨ ਉਨ੍ਹਾਂ ਆਮਦਨਾਂ ਦਾ ਇਕੱਠ ਹੈ ਜੋ ਟੈਕਸ ਯੋਗ ਤਾਂ ਹੁੰਦੀਆਂ ਹਨ ਪਰ ਜਿਨ੍ਹਾਂ ਬਾਰੇ ਟੈਕਸ ਅਧਿਕਾਰੀਆਂ ਨੂੰ ਦੱਸਿਆ ਨਹੀਂ ਗਿਆ ਹੁੰਦਾ। 1971 ਵਾਂਚੂ ਕਮੇਟੀ ਨੇ ਕਾਲੇ ਧਨ ਬਾਰੇ ਦਿੱਤੀ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ 'ਦੇਸ਼ ਦੀ ਆਰਥਿਕਤਾ ਵਿੱਚ ਇਸ ਦਾ ਵਾਧਾ ਕੈਂਸਰ ਵਾਂਗ ਹੈ ਅਤੇ ਜੇ ਇਸ ਉਤੇ ਸਮੇਂ ਸਿਰ ਰੋਕ ਨਾ ਲੱਗੀ ਤਾਂ ਇਹ ਤਬਾਹੀ ਫੈਲਾ ਦੇਵੇਗਾ।" ਕਮੇਟੀ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ, ''ਕਾਲਾ ਧਨ ਸਿਰਫ ਹਿਸਾਬ-ਕਿਤਾਬ ਰਹਿਤ ਰਕਮ ਹੀ ਨਹੀਂ ਹੁੰਦੀ ਜਿਸ ਨੂੰ ਜਮ੍ਹਾਂ ਕਰਕੇ ਜਾਂ ਵਪਾਰਕ ਚੈਨਲਾਂ ਤੋਂ ਬਾਹਰ ਰੱਖਿਆ ਗਿਆ ਹੁੰਦਾ ਹੈ ਸਗੋਂ ਇਹ ਸੋਨੇ, ਗਹਿਣੇ ਅਤੇ ਕੀਮਤੀ ਪੱਥਰਾਂ ਦੇ ਰੂਪ ਵਿੱਚ ਗੁਪਤ ਤੌਰ ਤੇ ਕੀਤਾ ਗਿਆ ਨਿਵੇਸ਼ ਵੀ ਹੁੰਦਾ ਹੈ। ਇਹ ਜ਼ਮੀਨ ਜਾਂ ਇਮਾਰਤਾਂ ਦੇ ਰੂਪ ਵਿੱਚ ਰੱਖੀ ਗਈ ਪੂੰਜੀ ਵੀ ਹੁੰਦੀ ਹੈ ਜੋ ਕਿ ਹਿਸਾਬ ਕਿਤਾਬ ਦੀਆਂ ਕਿਤਾਬਾਂ ਤੋਂ ਬਾਹਰ ਹੁੰਦੀ ਹੈ।" ਕਮੇਟੀ ਨੇ ਸੁਝਾਅ ਦਿੱਤਾ ਸੀ ਕਿ ਉੱਚ ਕੀਮਤ ਵਾਲੇ ਕਰੰਸੀ ਨੋਟ ਵਾਪਸ ਲੈ ਲਏ ਜਾਣ। ਕਾਲੇ ਧਨ ਬਾਰੇ ਮਈ 2012 ਦਾ ਵ੍ਹਾਈਟ ਪੇਪਰ ਵਿੱਤ ਮੰਤਰਾਲਾ, ਮਾਲ ਵਿਭਾਗ ਅਤੇ ਸਿੱਧੇ ਟੈਕਸਾਂ ਬਾਰੇ ਕੇਂਦਰੀ ਬੋਰਡ, ਨਵੀਂ ਦਿੱਲੀ ਦੇ ਸਾਂਝੇ ਯਤਨਾਂ ਨਾਲ ਸਾਹਮਣੇ ਆਇਆ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ''ਕਾਲੇ ਧਨ ਦਾ ਪ੍ਰਗਟਾਵਾ ਸਾਡੀ ਜ਼ਿੰਦਗੀ ਦਾ ਇਕ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਗਟਾਵਾ ਹੈ ਜਿਸ ਦੇ ਦੇਸ਼ ਵਿੱਚ ਸਰਕਾਰ ਚਲਾਉਣ, ਸਰਕਾਰੀ ਨੀਤੀ ਬਣਾਉਣ ਉਤੇ ਕਾਫੀ ਪ੍ਰਭਾਵ ਪੈਂਦੇ ਹਨ।" ਰਿਪੋਰਟ ਨੇ ਇਸ ਲਈ ਕਿਹਾ ਕਿ ਇਕ ਵੱਖਰੀ ਵਿਕਾਸ ਨੀਤੀ ਦੀ ਸਫਲਤਾ ਸਾਡੇ ਸਮਾਜ ਦੀ ਭ੍ਰਿਟਾਚਾਰ ਅਤੇ ਕਾਲੇ ਧਨ ਨੂੰ ਜੜ੍ਹੋਂ ਖਤਮ ਕਰਨ ਦੀ ਸਮਰੱਥਾ ਉੱਤੇ ਨਿਰਭਰ ਕਰਦੀ ਹੈ।

## ਨਕਦੀ-ਰਹਿਤ ਆਰਥਿਕਤਾ

ਨਕਦੀ-ਰਹਿਤ ਆਰਥਿਕਤਾ ਦਾ ਮਤਲਬ ਡਿਜੀਟਲ ਢੰਗਾਂ ਦੀ ਵੱਧ ਤੋਂ ਵੱਧ ਅਤੇ ਨਕਦੀ ਦੀ ਘੱਟ ਵਰਤੋਂ ਕਰਨਾ ਹੈ। ਦੂਜੇ ਸ਼ਬਦਾਂ ਵਿੱਚ ਇਸ ਦਾ ਭਾਵ ਨਕਦੀ ਦੀ ਕਮੀ ਜਾਂ ਇਸ ਦੀ ਪੂਰਤੀ ਵਿੱਚ ਕਮੀ ਲਿਆਉਣਾ ਨਹੀਂ ਹੈ। ਇਸ ਦਾ ਭਾਵ ਨਕਦੀ ਦੀ ਘੱਟ ਵਰਤੋਂ ਕਰਨਾ ਅਤੇ ਡਿਜੀਟਲ ਢੰਗਾਂ ਜਿਵੇਂ ਕਿ ਡੈਬਿਟ ਕਾਰਡ, ਕ੍ਰੈਡਿਟ ਕਾਰਡ, ਇੰਟਰਨੈੱਟ ਬੈਂਕਿੰਗ ਅਤੇ ਮੋਬਾਈਲ ਫੋਨ ਐਪ ਦੀ ਵਧੇਰੇ ਵਰਤੋਂ ਕਰਨਾ ਹੈ। ਡੇਨੀਅਲ ਈ ਟੀ ਐੱਲ (2004)। ਇਹ ਇਕ ਆਰਥਿਕ ਢੰਗ



ਹੈ ਜਿਸ ਵਿੱਚ ਜ਼ਿਆਦਾਤਰ ਅਸਲ ਨਕਦੀ ਵਿੱਚ ਲੈਣ ਦੇਣ ਨਹੀਂ ਹੁੰਦਾ। ਵਿਕਾਸਸ਼ੀਲ ਦੇਸ਼ਾਂ ਵਿੱਚ ਨਿਕਦੀ ਵਿੱਚ ਲੈਣ-ਦੇਣ ਸਭ ਵਸਤਾਂ ਅਤੇ ਸੇਵਾਵਾਂ ਖਰੀਦਣ ਦੇ ਅਹਿਮ ਅਤੇ ਮੁੱਖ ਢੰਗਾਂ ਵਿੱਚ ਸ਼ਾਮਲ ਹੈ। ਪਰ ਯੂਰਪ ਅਤੇ ਅਮਰੀਕਾ ਦੇ ਵਧੇਰੇ ਵਿਕਾਸਸ਼ੀਲ ਦੇਸ਼ਾਂ ਵਿੱਚ ਵਸਤਾਂ ਅਤੇ ਸੇਵਾਵਾਂ ਖਰੀਦਣ ਵਿੱਚ ਡਿਜੀਟਲ ਲੈਣ-ਦੇਣ ਭੁਗਤਾਨ ਦਾ ਮੁੱਖ ਮਾਧਿਅਮ ਬਣ ਗਿਆ ਹੈ। ਹੰਫਰੀ (2004) ਅਨੁਸਾਰ ਦੁਨੀਆਂ ਦੇ ਵਿਕਸਤ ਦੇਸ਼ ਕਾਗ਼ਜ਼ ਵਾਲੇ ਭੁਗਤਾਨ ਤੋਂ ਕਾਫੀ ਹੱਦ ਤੱਕ ਦੂਰ ਹੋ ਗਏ ਹਨ ਅਤੇ ਉਨ੍ਹਾਂ ਨੇ ਇਲੈਕਟ੍ਰਾਨਿਕ ਭੁਗਤਨ ਦੇ ਢੰਗਾਂ, ਖ਼ਾਸ ਤੌਰ ਤੇ ਭੁਗਤਾਨ ਕਾਰਡਾਂ ਨੂੰ ਅਪਨਾ ਲਿਆ ਹੈ। ਵਿਸ਼ਵ ਬੈਂਕ ਦੀ 2016 ਦੀ ਰਿਪੋਰਟ ਅਨੁਸਾਰ ਕਈ ਮਾਮਲਿਆਂ ਵਿੱਚ ਤਾਂ ਡਿਜੀਟਲ ਤਕਨਾਲੋਜੀ ਨੇ ਕਾਫੀ ਤਰੱਕੀ ਕੀਤੀ ਹੈ, ਆਪਣੇ ਮੌਕੇ ਵਧਾਏ ਹਨ ਅਤੇ ਵੰਡ ਸੇਵਾ ਵਿੱਚ ਸੁਧਾਰ ਕੀਤਾ ਹੈ। ਵਿਕਸਤ ਆਰਥਿਕਤਾਵਾਂ ਵਿੱਚ ਡਿਜੀਟਲ ਆਰਥਿਕਤਾਵਾਂ ਦੀ ਵਧੇਰੇ ਹੋਂਦ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਭ੍ਰਿਸ਼ਟਾਚਾਰ ਦੇ ਘੱਟ ਹੋਣ ਦਾ ਇਕ ਕਾਰਨ ਹੈ। ਦੂਜੇ ਵਾਸੇ ਵਿਕਾਸਸ਼ੀਲ ਦੇਸ਼ਾਂ ਵਿੱਚ ਇਹ ਕਾਲੇ ਧਨ, ਗ਼ੈਰ ਰਸਮੀ ਆਰਥਿਕਤਾ ਅਤੇ ਸਭ ਤਰ੍ਹਾਂ ਦੀਆਂ ਦਹਿਸ਼ਤਵਾਦੀ ਸਰਗਰਮੀਆਂ ਅਤੇ ਟੈਕਸ ਚੋਰੀ ਦਾ ਵੱਡਾ ਸੋਮਾ ਹੈ। ਇਸ ਲਈ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੇ ਵਿਰੋਧੀਆਂ ਤੋ ਬਚਣ ਲਈ ਵਧੇਰੇ ਸਮਾਜਿਕ ਨਿਆਂ ਨਾਲ ਪਾਰਦਰਸ਼ੀ ਆਰਥਿਕ ਵਿਕਾਸ ਲਈ ਘੱਟ ਨਕਦੀ ਵਾਲੀ ਆਰਥਿਕਤਾ ਇਕ ਚੰਗਾ ਸੁਝਾਅ ਹੈ। ਦੂਜੇ ਸ਼ਬਦਾਂ ਵਿੱਚ ਇਹ ਵਿਕਾਸਸ਼ੀਲ ਦੇਸ਼ਾਂ ਵਿੱਚ ਨਕਦੀ-ਰਹਿਤ ਸਮਾਜ ਸਰਕਾਰ ਉੱਤੇ ਨੋਟਾਂ ਦੀ ਛਪਾਈ ਦਾ ਦਬਾਅ ਹੀ ਨਹੀਂ ਘਟਾਏਗਾ ਅਤੇ ਲੋਕਾਂ ਤੋਂ ਅਜਿਹੇ ਨੋਟਾਂ ਨੂੰ ਨਾਲ ਲਿਜਾਉਣ ਦਾ ਦਬਾਅ ਹੀ ਨਹੀਂ ਘਟਾਵੇਗਾ ਸਗੋਂ ਕਾਲੇ ਧਨ, ਭ੍ਰਿਸ਼ਟਾਚਾਰ, ਜੇਬ ਕਤਰਨ ਦੀਆਂ ਘਟਨਾਵਾਂ ਨੂੰ ਰੋਕਣ, ਡਕੈਤੀ, ਟੈਕਸ ਚੋਰੀ ਨੂੰ ਖਤਮ ਕਰਨ ਅਤੇ ਮੁਕਾਬਲੇ ਦੀ ਆਰਥਿਕਤਾ ਨੂੰ ਖਤਮ ਕਰਨ ਵਿੱਚ ਵੀ ਸਹਾਈ ਹੋਵੇਗਾ। ਨਕਦੀ ਦੀ ਵਰਤੋਂ ਨਾਲ ਕਾਲੇ ਧਨ ਵਾਲਿਆਂ ਨੂੰ ਸਹੂਲਤ ਮਿਲਦੀ ਹੈ ਕਿਉਂਕਿ ਨਕਦੀ ਦੀ ਵਰਤੋਂ ਦਾ ਕੋਈ ਆਡਿਟ ਨਹੀਂ ਹੁੰਦਾ। ਇਸ ਦੇ ਉਲਟ ਬੈਂਕਾਂ ਦੇ ਡੈਬਿਟ ਅਤੇ ਕ੍ਰੈਡਿਟ ਕਾਰਡਾਂ ਦੀ ਵਰਤੋਂ ਨਾਲ ਕਾਲੇ ਧਨ ਦੀ ਵਰਤੋਂ ਅਤੇ ਹਿਸਾਬ ਰਹਿਤ ਲੈਣ-ਦੇਣ ਨਿਰਉਤਸ਼ਾਹਿਤ ਹੁੰਦਾ ਹੈ ਕਿਉਂਕਿ ਇਸ ਨਾਲ ਆਡਿਟ ਹੋ ਸਕਦਾ ਹੈ ਅਤੇ ਕਾਲਾ ਧਨ ਪੈਦਾ ਨਹੀਂ ਹੁੰਦਾ। ਸਵੀਡਨ, ਜਿਥੇ ਕਿ 89 ਪ੍ਰਤਿਸ਼ਤ ਭੁਗਤਾਨ ਨਕਦੀ-ਰਹਿਤ ਹੁੰਦਾ ਹੈ, ਭ੍ਰਿਸ਼ਟਾਚਾਰ ਗਿਆਨ ਇੰਡੈਕਸ ਵਿੱਚ ਤੀਜੇ ਨੰਬਰ ਉਤੇ ਆਉਂਦਾ ਹੈ। ਜਦ ਕਿ ਭਾਰਤ ਵਿੱਚ ਸਿਰਫ 22 ਪ੍ਰਤਿਸ਼ਤ ਨਕਦੀ-ਰਹਿਤ ਭੁਗਤਾਨ ਹੁੰਦਾ ਹੈ ਅਤੇ ਭ੍ਰਿਸ਼ਟਾਚਾਰ ਦੇ ਗਿਆਨ ਵਿੱਚ ਇਹ 76ਵੇਂ ਸਥਾਨ ਉਤੇ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਨਕਦੀ ਰਹਿਤ ਸਮਾਜ ਅਤੇ ਭ੍ਰਿਸ਼ਟਾਚਾਰ ਵਿੱਚ ਇਕ ਮਜਬੂਤ ਨਾਂਹ-ਪੱਖੀ ਸੰਬੰਧ ਹੈ। ਇਸ ਦਾ ਭਾਵ ਹੈ ਕਿ ਜਿੰਨਾ ਵੱਡਾ ਨਕਦੀ-ਰਹਿਤ ਸਮਾਜ ਹੋਵੇਗਾ, ਉਨਾ ਹੀ ਘੱਟ ਭ੍ਰਿਸ਼ਟਾਚਾਰ ਹੋਵੇਗਾ। ਨਕਦੀ-ਰਹਿਤ ਲੈਣ-ਦੇਣ ਦਾ ਇਕ ਹੋਰ ਲਾਭ ਇਹ ਹੈ ਕਿ ਇਸ ਨਾਲ ਚੱਲ ਰਹੀ ਕਰੰਸੀ ਦੀ ਛਪਾਈ,ਟਰਾਂਸਪੋਰਟੇਸ਼ਨ ਦੇ ਅਤੇ ਹੋਰ ਖਰਚੇ ਘਟਣਗੇ। ਇਹ ਹਿਸਾਬ ਲਗਾਇਆ ਗਿਆ ਹੈ ਕਿ ਰਿਜ਼ਰਵ ਬੈਂਕ ਆਫ ਇੰਡੀਆ ਅਤੇ ਹੋਰ ਵਪਾਰਕ ਬੈਂਕ ਸਾਲਾਨਾ 21,000 ਕਰੋੜ ਰੁਪਏ (3.5 ਬਿਲੀਅਨ ਪੌਂਡ) ਇਨ੍ਹਾਂ ਕੰਮਾਂ ਉੱਤੇ ਖਰਚਦੇ ਹਨ।

**ਤਾਲਿਕਾ-1 : ਚੋਣਵੇਂ ਦੇਸ਼ਾਂ ਵਿੱਚ ਨਕਦੀ-ਰਹਿਤ ਹੋਣ ਅਤੇ ਭ੍ਰਿਸ਼ਟਾਚਾਰ ਦੀ ਸਥਿਤੀ**

| ਦੇਸ਼ | ਨਕਦੀ-ਰਹਿਤ ਭੁਗਤਾਨ ਦਾ ਪ੍ਰਤਿਸ਼ਤ | ਭ੍ਰਿਸ਼ਟਾਚਾਰ ਦਾ ਗਿਆਨ (ਇੰਡੈਕਸ 2015) | ਭ੍ਰਿਸ਼ਟਾਚਾਰ ਦੇ ਗਿਆਨ ਵਿੱਚ ਰੈਂਕ (2015) |
|---|---|---|---|
| ਬੈਲਜ਼ੀਅਮ | 93 | 77 | 15th |
| ਫਰਾਂਸ | 92 | 70 | 23rd |
| ਕੈਨੇਡਾ | 90 | 83 | 9th |
| ਯੂ ਕੇ | 89 | 81 | 10th |
| ਸਵੀਡਨ | 89 | 89 | 3rd |
| ਅਸਟ੍ਰੇਲੀਆ | 86 | 79 | 13th |
| ਨੀਦਰਲੈਂਡ | 85 | 87 | 5th |
| ਅਮਰੀਕਾ | 80 | 76 | 16th |
| ਜਰਮਨੀ | 76 | 81 | 10th |
| ਦੱਖਣੀ ਕੋਰੀਆ | 70 | 56 | 37th |
| ਭਾਰਤ | 22*** | 38 | 76th |

*http://www.worldatlas.com/articles/which-are-the-world-s-most-cashless-countries.html(accesed on 15/12/2016)
**https://www.iaca.int/images/news/2016/Corruption_Perceptions_Index_2015_report.pdf(accessed on 20/12/2016)
***https://www.equitymaster.com/5minWrapUp/charts/index.asp?date=11/14/2016&story=1&title=Just-22-of-Indias-transactions-Are-Non-Cash(accessed on 20/12/2016)

ਤਾਲਿਕਾ-2 : ਚੋਣਵੇਂ ਦੇਸ਼ਾਂ ਵਿੱਚ ਨਕਦੀ ਨਾਲ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ (ਪ੍ਰਤਿਸ਼ਤ ਵਿੱਚ)

| ਦੇਸ਼ | ਪ੍ਰਤਿਸ਼ਤ |
|---|---|
| ਸਵੀਡਨ | 1.73 |
| ਦੱਖਣੀ ਅਫਰੀਕਾ | 2.39 |
| ਯੂ ਕੇ | 3.72 |
| ਬ੍ਰਾਜ਼ੀਲ | 3.82 |
| ਕੈਨੇਡਾ | 4.08 |
| ਅਮਰੀਕਾ | 7.9 |
| ਸਿੰਗਾਪੁਰ | 9.55 |
| ਰੂਸ | 10.56 |
| ਭਾਰਤ | 10.86 |

ਸਰੋਤ: http://byjus.com/free-jas-prep/demonetization-of-rs-500-and-rs-1000(accessed on 19/12/2016)

ਨਕਦੀ-ਰਹਿਤ ਆਰਥਿਕਤਾ ਦਾ ਇਕ ਹੋਰ ਸੰਕੇਤ ਕੁੱਲ ਘਰੇਲੂ ਉਤਪਾਦ ਅਨੁਪਾਤ ਵਿੱਚ ਨਕਦੀ ਹੈ। ਸਵੀਡਨ ਵਿੱਚ ਨਕਦੀ ਨਾਲ ਕੁੱਲ ਘਰੇਲੂ ਉਤਪਾਦ ਅਨੁਪਾਤ ਸਿਰਫ 1.73 ਪ੍ਰਤਿਸ਼ਤ ਹੈ। ਭਾਰਤ ਵਿੱਚ ਇਹ 10.86 ਪ੍ਰਤਿਸ਼ਤ ਹੈ ਜੋ ਕਿ 9 ਗੁਣਾ ਤੋਂ ਜ਼ਿਆਦਾ ਹੈ। ਨੋਟਬੰਦੀ ਅਤੇ

ਤਾਲਿਕਾ-3: ਭਾਰਤ ਵਿੱਚ ਵਿੱਤੀ ਸਮਾਵੇਸ਼ (ਬਾਲਗ ਆਬਾਦੀ 15 ਸਾਲ ਤੋਂ ਵੱਧ ਦਾ ਪ੍ਰਤਿਸ਼ਤ), 2014

| ਕਿਸਮ | ਪ੍ਰਤਿਸ਼ਤ |
|---|---|
| ਵਿੱਤੀ ਸੰਸਥਾਵਾਂ ਕੋਲ ਖਾਤੇ | 52.8 |
| ਡੈਬਿਟ ਕਾਰਡ ਹਨ | 22.1 |
| ਪੈਸੇ ਕਢਵਾਉਣ ਲਈ ਮੁੱਖ ਤੌਰ ਤੇ ਏ ਟੀ ਐੱਮ ਦੀ ਵਰਤੋਂ | 33.1 |
| ਭੁਗਤਾਨ ਲਈ ਡੈਬਿਟ ਕਾਰਡ ਦੀ ਵਰਤੋਂ | 10.7 |
| ਭੁਗਤਾਨ ਲਈ ਕ੍ਰੈਡਿਟ ਕਾਰਡ ਦੀ ਵਰਤੋਂ | 3.4 |
| ਸਮਾਨ ਖਰੀਦਣ ਜਾਂ ਬਿੱਲ ਦੀ ਅਦਾਇਗੀ ਲਈ ਇੰਟਰਨੈੱਟ ਦੀ ਵਰਤੋਂ | 1.2 |
| ਵਿੱਤੀ ਸੰਸਥਾ ਵਿੱਚ ਬੱਚਤ | 14.4 |
| ਵਿੱਤੀ ਸੰਸਥਾ ਤੋਂ ਉਧਾਰ ਲਏ | 6.4 |

ਸਰੋਤ : http://datatopics.worldbank.org/financialinclusion/country/india(accessed on 20/12/2016)

ਉੱਚ ਕੀਮਤ ਦੀ ਕਰੰਸੀ ਦੀ ਵਾਪਸੀ ਕਾਰਨ ਨਕਦੀ ਨਾਲ ਕੁੱਲ ਘਰੇਲੂ ਉਤਪਾਦ ਘਟੇਗਾ। ਸਟੇਟ ਬੈਂਕ ਆਫ ਇੰਡੀਆ ਦੇ ਮੁੱਖ ਆਰਥਿਕ ਮਾਹਿਰ ਸੌਮਿਆ ਕਾਂਤੀ ਘੋਸ਼ ਅਨੁਸਾਰ,"ਪੂਰਨ ਨੋਟਬੰਦੀ ਤੋਂ ਬਾਅਦ ਕਰੰਸੀ ਦਾ ਪੱਧਰ ਕੁੱਲ ਘਰੇਲੂ ਉਤਪਾਦ ਦੇ 10 ਪ੍ਰਤਿਸ਼ਤ ਤੋਂ ਵੀ ਘੱਟ ਉੱਤੇ ਸੈੱਟ ਹੋ ਜਾਵੇਗਾ।"

ਨਕਦੀ-ਰਹਿਤ ਆਰਥਿਕਤਾ ਦਾ ਇਕ ਹੋਰ ਸੰਕੇਤ ਵਿੱਤੀ ਸਮਾਵੇਸ਼ ਹੈ। ਵਿੱਤੀ ਜੁੜੇ ਹੋਣ ਅਤੇ ਇਸ ਦਾ ਹਿੱਸਾ ਹੋਣ। ਵਿੱਤੀ ਸੰਸਥਾਵਾਂ ਜਿਵੇਂ ਕਿ ਬੈਂਕਾਂ ਅਤੇ ਡਾਕ ਘਰਾਂ ਵਿੱਚ ਖਾਤੇ ਖੋਲ੍ਹਣ ਦੇ ਨਾਲ ਲੋਕ ਵਿੱਤੀ ਸੰਸਥਾਵਾਂ ਦੇ ਢਾਂਚੇ ਦੀ ਮੁੱਖ-ਧਾਰਾ ਵਿੱਚ ਸਮਾਵੇਸ਼ ਹੋ ਜਾਣਗੇ। ਵਿਸ਼ਵ ਬੈਂਕ ਦੇ ਅੰਕੜੇ ਦਰਸਾਉਂਦੇ ਹਨ ਕਿ 2014 ਤੱਕ ਦੇਸ਼ ਦੀ ਸਿਰਫ 52.8 ਪ੍ਰਤਿਸ਼ਤ ਬਾਲਗ ਆਬਾਦੀ ਵਿੱਤੀ ਸੰਸਥਾਵਾਂ ਨਾਲ ਜੁੜੀ ਹੋਈ ਸੀ। ਕੁੱਲ ਵਿੱਚੋਂ ਸਿਰਫ 10.7, 3.4 ਅਤੇ 1.2 ਪ੍ਰਤਿਸ਼ਤ ਨੇ ਆਪਣੇ ਡੈਬਿਟ ਕਾਰਡ, ਕ੍ਰੈਡਿਟ ਕਾਰਡ ਅਤੇ ਇੰਟਰਨੈੱਟ ਬੈਂਕਿੰਗ ਭੁਗਤਾਨ ਸਿਸਟਮ ਦੀ ਵਰਤੋਂ ਕੀਤੀ ਸੀ। ਇਸ ਦਾ ਭਾਵ ਹੈ ਕਿ ਭਾਰਤ ਵਿੱਚ ਡਿਜੀਟਲ ਭੁਗਤਾਨ ਬਹੁਤ ਹੀ ਘੱਟ ਹੋ ਰਹੇ ਹਨ। ਇਸ ਵਿੱਚ ਵੱਡੇ ਸੁਧਾਰ ਦੀ ਲੋੜ ਹੈ।

## ਨੋਟਬੰਦੀ ਤੇ ਨਕਦੀ-ਰਹਿਤ ਆਰਥਿਕਤਾ ਦੇ ਲਾਭਾਂ ਦੇ ਸੰਦਰਭ

ਨੋਟਬੰਦੀ ਦੇ ਲਾਭ ਦੇ ਸੰਦਰਭ ਇਸ ਤਰ੍ਹਾਂ ਹਨ : (1) ਇਸ ਨਾਲ ਕਾਲੇ ਧਨ ਦੀ ਜਮ੍ਹਾਂਖੋਰੀ ਰੁਕੇਗੀ ਜਿਸ ਦੇ ਨਤੀਜੇ ਵਜੋਂ ਹੋਰ ਜ਼ਿਆਦਾ ਰਕਮ ਕਰੰਟ ਜਾਂ ਬਚਤ ਖਾਤਿਆਂ ਦੇ ਰੂਪ ਵਿੱਚ ਬੈਂਕਿੰਗ ਢਾਂਚੇ ਵੱਚ ਆਵੇਗੀ। ਬੱਚਤਾਂ ਨਾਲ ਨਿਵੇਸ਼ ਵਿੱਚ ਵਾਧਾ ਹੋਵੇਗਾ ਜਿਸ ਨਾਲ ਆਰਥਿਕਤਾ ਵਿੱਚ ਪੂੰਜੀ ਇਕੱਠੀ ਹੋਵੇਗੀ। (2) ਨਵੇਂ ਬੈਂਕ ਖਾਤਿਆਂ ਦੇ ਖੁੱਲ੍ਹਣ ਨਾਲ ਪਾਬੰਦੀਸ਼ੁਦਾ ਕਰੰਸੀ ਦੇ ਇਨ੍ਹਾਂ ਵਿੱਚ ਜਮ੍ਹਾਂ ਹੋਣ ਤੋਂ ਪਤਾ ਲਗਦਾ ਹੈ ਕਿ ਇਸ ਨੇ ਆਮ ਜਨਤਾ ਵਿੱਚ ਬੈਂਕਿੰਗ ਸਾਖਰਤਾ ਵਧਾਈ ਹੈ ਅਤੇ ਆਮ ਆਦਮੀ ਨੂੰ ਬੈਂਕਿੰਗ ਸਿਸਟਮ ਨਾਲ ਜੋੜਿਆ ਹੈ। (3) ਜਨ ਧਨ ਖਾਤਿਆਂ ਵਿੱਚ ਵੱਡੀਆਂ ਰਕਮਾਂ ਦੇ ਜਮ੍ਹਾਂ ਹੋਣ ਅਤੇ ਨਵੇਂ ਖਾਤੇ ਖੁੱਲ੍ਹਣ ਤੋਂ ਇਹ ਪਤਾ ਲਗਦਾ ਹੈ ਆਮ ਆਦਮੀ ਜੋ ਕਿ ਪਹਿਲਾਂ ਬੈਂਕਾਂ ਤੋਂ ਘਬਰਾਉਂਦੇ ਸਨ ਅਤੇ ਜਿਨ੍ਹਾਂ ਨੂੰ ਬੈਂਕ ਜਾਣ ਦੀ ਆਦਤ ਨਹੀਂ ਸੀ ਉਹ ਇਸ ਸਿਸਟਮ ਅਧੀਨ ਆਏ ਹਨ। ਇਕ ਆਮ ਆਦਮੀ ਨੇ ਇਕ ਨਿਊਜ਼ ਚੈਨਲ ਨੂੰ ਦੱਸਿਆ "ਪਹਿਲਾਂ ਮੈਂ ਬੈਂਕ ਜਾਣ ਤੋਂ ਘਬਰਾਉਂਦਾ ਸੀ ਪਰ ਨੋਟਬੰਦੀ ਨੇ ਇਹ ਡਰ ਦੂਰ ਕਰ ਦਿੱਤਾ ਹੈ, ਹੁਣ ਅਸੀਂ ਖਾਤਾ ਖੋਲ੍ਹ ਸਕਦੇ ਹਾਂ,ਪੈਸੇ ਕਢਵਾਉਣ ਲਈ ਫਾਰਮ ਭਰ ਸਕਦੇ ਹਾਂ ਅਤੇ ਹੁਣ ਕਿਸੇ ਤਰ੍ਹਾਂ ਦਾ ਡਰ ਨਹੀਂ।" ਅੰਕੜੇ ਦਰਸਾਉਂਦੇ ਹਨ ਕਿ ਜਨ ਧਨ ਖਾਤੇ, ਜਿਨ੍ਹਾਂ ਵਿੱਚੋਂ ਕਈਆਂ ਵਿੱਚ ਜ਼ੀਰੋ ਬੈਲੈਂਸ ਸੀ, ਹੁਣ ਉਨ੍ਹਾਂ ਵਿੱਚ 23 ਨਵੰਬਰ 2016 ਤੱਕ ਰਕਮ 72,843 ਕਰੋੜ ਰੁਪਏ ਤੱਕ ਪਹੁੰਚ ਗਈ ਜਦ ਕਿ 16 ਨਵੰਬਰ ਨੂੰ ਇਹ ਰਕਮ 45,636 ਕਰੋੜ ਰੁਪਏ ਸੀ। (4) ਇਸ ਨੇ ਬੈਂਕਿੰਗ ਢਾਂਚੇ ਨੂੰ ਮਜਬੂਤ ਕੀਤਾ ਹੈ ਕਿਉਂਕਿ ਇਸ ਤੋਂ ਪਹਿਲਾਂ ਕਈ ਬੈਂਕ ਬਰਾਂਚਾਂ ਨੂੰ ਐੱਨ ਪੀ ਏ (ਨਾਨ ਪ੍ਰਫਾਰਮਿੰਗ ਅਸੈੱਟਸ) ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬੈਂਕਾਂ ਦੀ ਕਰਜ਼ੇ ਦੇਣ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ ਜਿਸ ਨਾਲ ਆਰਥਿਕਤਾ ਵਿੱਚ ਹੋਰ ਪੂੰਜੀ ਆਵੇਗੀ। ਬੈਂਕਾਂ ਵਿੱਚ ਬੱਚਤਾਂ ਵਿੱਚ ਵਾਧਾ ਹੋਣ ਨਾਲ ਉਨ੍ਹਾਂ ਦੀ ਕਰਜ਼ਾ ਦੇਣ ਦੀ ਸਮਰੱਥਾ ਵਧੇਗੀ ਅਤੇ ਇਸ ਤਰ੍ਹਾਂ ਆਰਥਿਕਤਾ ਵਿੱਚ ਨਿਵੇਸ਼ ਨੂੰ ਉਤਸ਼ਾਹ ਮਿਲੇਗਾ। (5) ਬੈਂਕਾਂ ਵਿੱਚ ਜਮ੍ਹਾਂ ਹੋਈ ਵਾਧੂ ਆਮਦਨ ਨਾਲ ਟੈਕਸ ਯੋਗ ਆਮਦਨ ਪੈਦਾ ਹੋਵੇਗੀ ਅਤੇ ਇਸ ਦੇ ਸਰਕਾਰ ਕੋਲ ਆਉਣ ਨਾਲ ਗਰੀਬਾਂ ਦੀ ਭਲਾਈ ਲਈ ਕਈ ਸਕੀਮਾਂ ਉਤੇ ਇਸ ਨੂੰ ਖਰਚ ਕੀਤਾ ਜਾ ਸਕੇਗਾ। (6) ਨੋਟਬੰਦੀ ਖਤਮ ਹੋਣ ਦੌਰਾਨ ਮੰਡੀਆਂ ਵਿੱਚ ਪੈਸੇ ਅਤੇ ਤਰਲਤਾ ਦੀ ਪੂਰਤੀ ਵਿੱਚ ਕਮੀ ਆਵੇਗੀ। ਇਸ ਨਾਲ ਆਰਥਿਕਤਾ ਦੇ ਪਸਾਰ ਉੱਤੇ ਕਾਬੂ ਪਾਇਆ ਜਾ ਸਕੇਗਾ। (7) ਨੋਟਬੰਦੀ ਰਾਹੀਂ ਬਾਹਰ ਆਈ ਰਕਮ ਜੇ ਇਮਾਨਦਾਰੀ ਨਾਲ ਗਰੀਬਾਂ ਦੀ ਭਲਾਈ ਲਈ ਖਰਚ ਕੀਤੀ ਗਈ ਤਾਂ ਇਹ ਗਰੀਬੀ ਹਟਾਉਣ ਅਤੇ ਸਮਾਜ ਵਿੱਚੋਂ ਗ਼ੈਰ-ਬਰਾਬਰੀ ਖਤਮ ਕਰਨ ਵਿੱਚ ਸਹਾਈ ਹੋਵੇਗੀ। (8) ਉਹ ਲੋਕ, ਜਿਨ੍ਹਾਂ ਨੇ ਭ੍ਰਿਸ਼ਟਾਚਾਰ ਅਤੇ ਗਲਤ ਢੰਗਾਂ ਨਾਲ ਕਾਲਾ ਧਨ ਕਮਾਇਆ ਹੈ ਉਹ ਨੰਗੇ ਹੋਣਗੇ ਅਤੇ ਉਨ੍ਹਾਂ ਨੂੰ ਸਜ਼ਾਵਾਂ ਹੋਣਗੀਆਂ। ਇਸ ਤਰ੍ਹਾਂ ਭ੍ਰਿਸ਼ਟਾਚਾਰ-ਰਹਿਤ ਸਮਾਜ ਦਾ ਰਾਹ ਪੱਧਰਾ ਹੋਵੇਗਾ। ਇਸ ਨਾਲ ਦੇਸ਼ ਵਿੱਚ ਭ੍ਰਿਸ਼ਟਾਚਾਰ-ਰਹਿਤ ਪ੍ਰਸ਼ਾਸਕੀ ਅਤੇ ਰਾਜਨੀਤਕ ਮਾਹੌਲ ਬਣੇਗਾ। (9) ਕਾਲੇ ਧਨ ਨੂੰ ਨੰਗਾ ਕਰਨ ਅਤੇ ਭ੍ਰਿਸ਼ਟ ਵਪਾਰੀਆਂ, ਸਿਆਸਤਦਾਨਾਂ ਅਤੇ ਅਫ਼ਸਰਾਂ ਉਤੇ ਛਾਪੇ ਪੈਣ ਨਾਲ ਮਾਲ ਘਾਟੇ ਵਿੱਚ ਕਮੀ ਆਵੇਗੀ। ਜਿਵੇਂ ਕਿ ਨੀਤੀ ਆਯੋਗ ਦੇ ਉਪ-ਪ੍ਰਧਾਨ ਅਰਵਿੰਦ ਪਾਨਾਗਰੀਆ ਨੂੰ ਆਸ ਹੈ ਕਿ ਨੋਟਬੰਦੀ ਨਾਲ ਟੈਕਸ ਜਮ੍ਹਾਂ ਹੋਣ ਵਿੱਚ ਭਾਰੀ ਵਾਧਾ ਹੋਵੇਗਾ ਅਤੇ ਆਉਣ ਵਾਲੇ ਸਾਲਾਂ ਵਿੱਚ ਆਰਥਿਕਤਾ ਮਜ਼ਬੂਤ ਹੋਵੇਗੀ। (10) ਇਸ ਨਾਲ ਆਰਥਿਕਤਾ ਵਿੱਚ ਐਫ ਡੀ ਆਈ ਦੀ ਆਮਦ ਵਧੇਗੀ ਕਿਉਂਕਿ ਵਿਦੇਸ਼ੀ ਨਿਵੇਸ਼ਕ ਚਾਹੁੰਦੇ ਹਨ ਕਿ ਭ੍ਰਿਸ਼ਟਾਚਾਰ ਰਹਿਤ ਮਾਹੌਲ ਬਣੇ। (11) ਇਸ ਕਦਮ ਨਾਲ ਕਾਲੇ ਧਨ ਦੇ ਪੈਦਾ ਹੋਣ ਉਤੇ ਰੋਕ ਲਗੇਗੀ ਅਤੇ ਇਹ ਕਦਮ ਨਾਜਾਇਜ਼ ਪੈਸਾ ਦੂਜੇ ਵਿਕਸਤ ਦੇਸ਼ਾਂ ਵਿੱਚ ਖੁੱਲ੍ਹੇ ਹੋਏ ਬੈਂਕ ਖਾਤਿਆਂ ਵਿੱਚ ਜਾਣ ਤੋਂ ਰੁਕੇਗਾ। ਕਾਲੇ ਧਨ ਵਾਲਿਆਂ ਉਤੇ ਛਾਪੇ ਮਾਰੇ ਜਾਣ ਨਾਲ 'ਮਨੀ ਲਾਂਡਰਿੰਗ'

ਅਤੇ 'ਹਵਾਲਾ' ਲੈਣ-ਦੇਣ ਸਾਹਮਣੇ ਆਵੇਗਾ ਅਤੇ ਰੁਕੇਗਾ। (12) ਨੋਟਬੰਦੀ ਨੇ ਦਹਿਸ਼ਤਵਾਦੀ ਅਤੇ ਨਕਸਲਵਾਦੀ ਫੰਡਿੰਗ ਨੂੰ ਵੱਡੀ ਢਾਹ ਲਾਈ ਹੈ। ਇਹ ਲੋਕ ਜਾਅਲੀ ਕਰੰਸੀ ਦੀ ਵਰਤੋਂ ਕਰਕੇ ਹਥਿਆਰ ਅਤੇ ਅਸਲਾ ਖਰੀਦਦੇ ਸਨ ਅਤੇ ਦੇਸ਼ ਵਿੱਚ ਦਹਿਸ਼ਤਵਾਦੀ ਕੈਂਪ ਲਗਾਉਂਦੇ, ਦਹਿਸ਼ਤ ਪਸੰਦਾਂ ਨੂੰ ਸਿਖਲਾਈ ਦਿੰਦੇ ਅਤੇ ਹਮਲੇ ਕਰਵਾਉਂਦੇ ਸਨ। ਨਕਦੀ-ਰਹਿਤ ਲੈਣ-ਦੇਣ ਨਾਲ ਜਾਅਲੀ ਕਰੰਸੀ ਦੀ ਵਰਤੋਂ ਉਤੇ ਰੋਕ ਲੱਗੇਗੀ ਅਤੇ ਦਹਿਸ਼ਤਪਸੰਦਾਂ ਦੀ ਫੰਡਿੰਗ ਨਹੀਂ ਹੋ ਸਕੇਗੀ। (13) ਨੋਟਬੰਦੀ ਜੋ ਥੋੜ੍ਹੇ-ਥੋੜ੍ਹੇ ਅਰਸੇ ਬਾਅਦ ਕਰਵਾਈ ਜਾਵੇ ਤਾਂ ਉਸ ਨਾਲ ਚੋਣਾਂ ਵਿੱਚ ਸਿਆਸੀ ਭ੍ਰਿਸ਼ਟਾਚਾਰ ਰੁਕੇਗਾ ਅਤੇ ਨਾਜਾਇਜ਼ ਕਰੰਸੀ ਦੀ ਵਰਤੋਂ ਉਤੇ ਰੋਕ ਲਗੇਗੀ। (14) ਨੋਟਬੰਦੀ ਅਤੇ ਨਕਦੀ-ਰਹਿਤ ਲੈਣ-ਦੇਣ ਨਾਲ ਦੇਸ਼ ਵਿੱਚ ਮੁਕਾਬਲੇ ਦੀ ਆਰਥਿਕਤਾ ਦਾ ਆਕਾਰ ਘਟਾਉਣ ਵਿੱਚ ਮਦਦ ਮਿਲੇਗੀ। (15) ਇਸ ਨਾਲ ਸਮਾਜ ਵਿੱਚ ਸਮਾਜਿਕ ਅਤੇ ਸਭਿਆਚਾਰਕ ਵਿਕਾਸ ਵਿੱਚ ਮਦਦ ਮਿਲੇਗੀ। ਭ੍ਰਿਸ਼ਟਾਚਾਰ ਅਤੇ ਕਾਲੇ ਧਨ ਨੇ ਦੇਸ਼ ਦੇ ਸਮਾਜਿਕ ਅਤੇ ਸਭਿਆਚਾਰਕ ਸਿਸਟਮ ਨੂੰ ਤਬਾਹ ਕਰ ਦਿੱਤਾ ਹੈ। ਵਿਆਹਾਂ, ਧਾਰਮਿਕ ਸਮਾਰੋਹਾਂ ਵਿੱਚ ਵੱਡੀਆਂ ਰਕਮਾਂ ਖਰਚੇ ਜਾਣ ਅਤੇ ਮੰਦਰਾਂ ਅਤੇ ਹੋਰ ਧਾਰਮਿਕ ਸਥਾਨਾਂ ਵਿੱਚ ਮੋਟੇ ਚੜ੍ਹਾਵੇ ਨਾਲ ਸਮਾਜਿਕ ਅਤੇ ਸਭਿਆਚਾਰਕ ਭ੍ਰਿਸ਼ਟਾਚਾਰ ਵੱਧਦਾ ਹੈ। ਇਸ ਨਾਲ ਨੈਤਿਕਤਾ-ਰਹਿਤ ਸਮਾਜ ਦੇ ਵਿਕਾਸ ਉਤੇ ਰੋਕ ਲੱਗ ਸਕਦੀ ਹੈ। (16) ਇਸ ਨਾਲ ਦੇਸ਼ ਨੂੰ ਇਕ ਅਸਲ ਅਤੇ ਸਾਫ ਆਰਥਿਕ ਵਾਧਾ ਦਰ ਦਾ ਪਤਾ ਲਗਦਾ ਹੈ। ਇਹ ਇਕ ਸਚਾਈ ਹੈ ਕਿ ਦੇਸ਼ 1991 ਤੋਂ ਵਿਕਾਸ ਦੀ ਉੱਚੀ ਦਰ ਦਾ ਦਾਅਵਾ ਕਰ ਰਿਹਾ ਹੈ ਪਰ ਵਿਕਾਸ ਹੈ ਕਿੱਥੇ? ਵਿਕਾਸ ਦਰ ਤਾਂ ਉੱਚੀ ਹੈ ਪਰ ਵਿਕਾਸ ਦੀ ਗਤੀ ਬਹੁਤ ਧੀਮੀ ਅਤੇ ਅਕਾਊ ਹੈ। ਉੱਚ ਆਰਥਿਕ ਵਾਧਾ ਦਰ ਜੇ ਵਿਕਸ ਨੂੰ ਉਤਸ਼ਾਹਤ ਕਰਨ ਵਿੱਚ ਸਹਾਈ ਨਹੀਂ ਹੁੰਦੀ ਅਤੇ ਵਿਕਾਸ ਨੂੰ ਘੱਟ ਗਤੀ ਵਲ ਲਿਜਾਂਦੀ ਹੈ ਤਾਂ ਇਹ ਕਿਸੇ ਵੀ ਤਰ੍ਹਾਂ ਗਰੀਬਾਂ ਲਈ ਸਹਾਇਕ ਨਹੀਂ ਹੋਵੇਗੀ ਅਤੇ ਉਨ੍ਹਾਂ ਦੇ ਜੀਵਨ ਪੱਧਰ ਦਾ ਸੁਧਾਰ ਨਹੀਂ ਹੋ ਸਕੇਗਾ। ਵੰਡੇ ਹੋਏ ਨਿਆਂ ਅਤੇ ਘੱਟ ਆਰਥਿਕ ਗ਼ੈਰ-ਬਰਾਬਰੀ ਰਾਹੀਂ ਜੇ ਕੋਈ ਵਾਧਾ ਦਰ ਹਾਸਲ ਕੀਤੀ ਜਾਂਦੀ ਹੈ ਤਾਂ ਉਹ ਭਾਰਤ ਵਰਗੇ ਵਿਕਸਤ ਦੇਸ਼ ਲਈ ਸਹੀ ਵਾਧਾ ਦਰ ਗਿਣੀ ਜਾਂਦੀ ਹੈ। ਘੱਟ ਵਾਧਾ ਦਰ ਅਤੇ ਘੱਟ ਗਰੀਬੀ ਅਤੇ ਘੱਟ ਆਮਦਨ ਦੀ ਗ਼ੈਰ-ਬਰਾਬਰੀ ਦੀ ਇੱਛਾ ਵਧੇਰੇ ਠੀਕ ਰਹਿੰਦੀ ਹੈ ਅਤੇ ਇਹ ਖ਼ੁਸ਼ੀ ਦੇ ਇੰਡੈਕਸ ਵਿੱਚ ਵਾਧਾ ਕਰਦੀ ਹੈ, ਬਜਾਏ ਇਸ ਦੇ ਕਿ ਉੱਚ ਵਾਧਾ ਦਰ ਹੋਵੇ ਪਰ ਵਧੇਰੇ ਲੋਕ ਗਰੀਬੀ ਜਾਂ ਰੇਖਾ ਤੋਂ ਹੇਠਾਂ ਜੀਵਨ ਬਿਤਾ ਰਹੇ ਹੋਣ ਅਤੇ ਗਰੀਬਾਂ ਅਤੇ ਅਮੀਰਾਂ ਵਿੱਚ ਆਮਦਨਦੀ ਗ਼ੈਰ-ਬਰਾਬਰੀ ਬਹੁਤ ਜ਼ਿਆਦਾ ਹੋਵੇ। ਦੇਸ਼ ਨੇ ਆਪਣੀ ਆਜ਼ਾਦੀ ਦੇ 7 ਦਹਾਕੇ ਪੂਰੇ ਕਰ ਲਏ ਹਨ ਅਤੇ ਉਹ ਕੁੱਝ ਲੋਕਾਂ ਨੂੰ ਆਰਥਿਕ ਵਾਧੇ ਦਾ ਫਲ ਚੱਖੇ ਜਾਣ ਦੀ ਇਜਾਜ਼ਤ ਨਹੀਂ ਦੇ ਸਕਦਾ। ਇਹ ਢੁਕਵਾਂ ਸਮਾਂ ਹੈ ਕਿ ਦੇਸ਼ ਆਪਣੇ ਆਰਥਿਕ ਵਾਧੇ ਅਤੇ ਵਿਕਾਸ ਦੀ ਨੀਤੀ ਵਿੱਚ ਤਬਦੀਲੀ ਲਿਆਵੇ।

## ਸੁਝਾਅ

(1) ਇਹ ਸਰਕਾਰ ਵਲੋਂ ਇਕ ਲਗਾਤਾਰ ਜਾਰੀ ਰਹਿਣਵਾਲਾ ਕਦਮ ਹੈ ਅਤੇ ਢੁਕਵੇਂ ਵਕਫੇ ਉਤੇ ਇਸ ਨੂੰ ਦੁਹਰਾਇਆ ਜਾਣਾ ਚਾਹੀਦਾ ਹੈ ਤਾਂ ਕਿ ਨਕਦੀ ਦੇ ਰੂਪ ਵਿੱਚ ਕਾਲੇ ਧਨ ਦਾ ਭੰਡਾਰ ਨਾ ਕੀਤਾ ਜਾ ਸਕੇ। ਇਸ ਨਾਲ ਡਿਜੀਟਲ ਲੈਣ-ਦੇਣ ਨੂੰ ਉਤਸ਼ਾਹ ਮਿਲੇਗਾ ਅਤੇ ਬੈਂਕਿੰਗ ਪ੍ਰਣਾਲੀ ਵਿੱਚ ਵੀ ਸੁਧਾਰ ਹੋਵੇਗਾ। ਰਾਜੇਸ਼ ਚੱਕਰਵਰਤੀ ਅਨੁਸਾਰ "ਇਹ ਦਖ਼ਲ ਕਾਲੇ ਧਨ ਦੇ ਚਾਲੂ ਸਟਾਕ ਦੀ ਇਕ ਵਾਰੀ ਕੀਤੀ ਗਈ ਡ੍ਰੇਨਿੰਗ ਹੁੰਦੀ ਹੈ ਅਤੇ ਇਸ ਨੂੰ ਸਮੇਂ-ਸਮੇਂ ਉਤੇ ਦੁਹਰਾਇਆ ਜਾਣਾ ਚਾਹੀਦਾ ਹੈ।"

(2) ਟੈਕਸ ਢਾਂਚੇ ਵਿੱਚ ਵਾਧਾ ਕੀਤੇ ਜਾਣ ਦੀ ਲੋੜ ਹੈ। ਸਾਧਾਰਨ ਤਰੱਕੀਸ਼ੀਲ ਟੈਕਸੇਸ਼ਨ ਦਾ ਸੁਝਾਅ ਦਿੱਤਾ ਜਾਂਦਾ ਹੈ। ਗਰੀਬਾਂ ਅਤੇ ਦਰਮਿਆਨੀ ਆਮਦਨ ਵਾਲੇ ਲੋਕ, ਜਿਨ੍ਹਾਂ ਦੀ ਸਾਲਾਨਾ ਤਨਖ਼ਾਹ 5 ਲੱਖ ਰੁਪਏ ਤੋਂ ਘੱਟ ਹੋਵੇ, ਨੂੰ ਟੈਕਸਾਂ ਤੋਂ ਛੋਟ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਆਪਣੀ ਰਕਮ ਮਕਾਨ ਖਰੀਦਣ ਅਤੇ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਿੱਚ ਲਗਾ ਸਕਣ। ਇਸ ਨਾਲ ਸਵੈ-ਰੋਜ਼ਗਾਰ ਅਤੇ ਛੋਟੀਆਂ ਵਪਾਰਕ ਸਰਗਰਮੀਆਂ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਮਿਲੇਗੀ। ਸਾਧਾਰਨ ਟੈਕਸ ਇਕੱਠਾ ਕਰਨ ਦੇ ਢੰਗ ਅਧੀਨ ਟੈਕਸ ਸੋਮੇ ਉੱਤੇ ਕੱਟੇ ਜਾਣੇ ਚਾਹੀਦੇ ਹਨ। ਇਹ ਚੰਗਾ ਹੋਵੇਗਾ ਕਿ ਜੇ ਟੈਕਸ ਭੁਗਤਾਨ ਦੀ ਪ੍ਰਣਾਲੀ ਬਹੁਤ ਆਸਾਨ ਹੋਵੇ। ਰਿਟਰਨ ਦਾਖ਼ਲ ਕਰਨ ਦਾ ਕੰਮ ਬਹੁਤ ਸਾਧਾਰਨ ਹੀ ਨਹੀਂ ਹੋਣਾ ਚਾਹੀਦਾ ਸਗੋਂ ਸੋਮੇ ਉਤੇ ਟੈਕਸ ਕੱਟ ਕੇ ਇਸ ਨੂੰ ਹੋਰ ਆਸਾਨ ਬਣਾਇਆ ਜਾ ਸਕਦਾ ਹੈ।

(3) ਗ਼ੈਰ-ਰਸਮੀ ਆਰਥਿਕਤਾ ਦਾ ਆਕਾਰ ਘੱਟ ਕੀਤੇ ਜਾਣ ਦੀ ਲੋੜ ਹੈ। ਗ਼ੈਰ-ਰਸਮੀ ਖੇਤਰ ਵਿੱਚ ਕੰਮ ਕਰਦੇ ਮੁਲਾਜ਼ਮਾਂ, ਜਿਵੇਂ ਕਿ ਵਪਾਰੀਆਂ, ਠੇਕੇਦਾਰਾਂ, ਜ਼ਮੀਨ ਦੇ ਮਾਲਕਾਂ ਅਤੇ ਹੋਰ ਅਮੀਰ ਅਤੇ ਉੱਚ ਦਰਮਿਆਨੇ ਵਰਗ ਦੇ ਘਰਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਡਿਜੀਟਲ ਢੰਗ ਨਾਲ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਮੁਲਾਜ਼ਮਾਂ ਨੂੰ ਆਪਣੇ ਬੈਂਕ ਖਾਤੇ ਖੋਲ੍ਹਣ ਲਈ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਅਤੇ ਮਾਲਕਾਂ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਨੂੰ ਈ-ਲੈਣ-ਦੇਣ ਜਾਂ ਚੈੱਕਾਂ ਰਾਹੀਂ ਭੁਗਤਾਨ ਕਰਨ।

(4) ਡਿਜੀਟਲ ਭੁਗਤਾਨ ਨੂੰ ਹੋਰ ਜ਼ਿਆਦਾ ਉਤਸ਼ਾਹਤ ਕਰਨ ਲਈ ਸਰਕਾਰ ਨੂੰ ਡੈਬਿਟ ਅਤੇ ਕ੍ਰੈਡਿਟ ਕਾਰਡਾਂ ਉਤੇ ਲਏ ਜਾਂਦੇ ਵਿਆਜ ਉਤੇ, ਖ਼ਾਸ ਕਰਕੇ ਕ੍ਰੈਡਿਟ ਕਾਰਡਾਂ ਉਤੇ ਲਏ ਜਾਂਦੇ ਵਿਆਜ ਵਿੱਚ ਕਟੌਤੀ ਕਰਨੀ ਚਾਹੀਦੀ ਹੈ। ਬੀ ਪੀ ਐੱਲ, ਅਧਾਰ ਕਾਰਡ ਅਧਾਰਤ ਲੈਣ-ਦੇਣ ਕਰਨ ਵਾਲੇ ਲੋਕਾਂ ਉੱਤੇ ਸਸਤੀ ਵਿਆਜ ਦਰ ਨਾਲ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਡੈਬਿਟ ਅਤੇ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਲਈ ਉਤਸ਼ਾਹ ਮਿਲੇਗਾ। ਛੋਟੇ ਵਪਾਰੀਆਂ, ਫੇਰੀ ਵਾਲਿਆਂ, ਛੋਟੇ ਦੁਕਾਨਦਾਰਾਂ, ਚਾਹ ਅਤੇ ਪਾਨ ਵੇਚਣ ਵਾਲਿਆਂ ਨੂੰ ਵਿਸ਼ੇਸ਼ ਰਿਆਇਤਾਂ ਦਿੱਤੇ ਜਾਣ ਦੀ ਲੋੜ ਹੈ।

(5) ਦਿਹਾਤੀ ਇਲਾਕਿਆਂ ਵਿੱਚ ਕਾਫੀ ਗਿਣਤੀ ਵਿੱਚ ਬੈਂਕ ਬਰਾਂਚਾਂ ਖੁੱਲ੍ਹਣੀਆਂ ਚਾਹੀਦੀਆਂ ਹਨ ਕਿਉਂਕਿ ਭਾਰਤ ਵਿੱਚ ਇਕ ਲੱਖ ਅਬਾਦੀ ਪਿੱਛੇ ਬੈਂਕਾਂ ਦੀ ਗਿਣਤੀ ਸਿਰਫ਼ 0.01 ਹੈ ਜਦ ਕਿ ਜਰਮਨੀ ਵਿੱਚ ਇਹ ਅਨੁਪਾਤ 2.3 ਹੈ ਜੋ ਕਿ ਭਾਰਤ ਨਾਲੋਂ 230 ਗੁਣਾ ਜ਼ਿਆਦਾ ਹੈ। ਹੋਰ ਗ਼ੈਰ-ਬੈਂਕਿੰਗ ਮਾਲੀ ਸੰਸਥਾਵਾਂ, ਜਿਵੇਂ ਕਿ ਜੀਵਨ ਬੀਮਾ ਨਿਗਮ ਅਤੇ ਸਿਹਤ ਬੀਮਾ ਕੰਪਨੀਆਂ ਨੂੰ ਨੋਟਬੰਦੀ ਦੇ ਖਾਤਮੇ ਤੋਂ ਬਾਅਦ ਦੇ ਕੰਮ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਬੱਚਤਾਂ ਨੂੰ ਉਤਸ਼ਾਹਤ ਕਰਨ ਅਤੇ ਦਿਹਾਤੀ ਅਤੇ ਨੀਮ ਸ਼ਹਿਰੀ ਲੋਕਾਂ ਵਿੱਚ ਡੈਬਿਟ ਅਤੇ ਕ੍ਰੈਡਿਟ ਕਾਰਡਾਂ ਦੀ ਵਰਤੋਂ ਨੂੰ ਉਤਸ਼ਾਹਤ ਕਰਨ ਵਿੱਚ ਬੈਂਕਾਂ ਦੀ ਮਦਦ ਕਰਨੀ

ਚਾਹੀਦੀ ਹੈ। ਨਿੱਜੀ ਅਤੇ ਸਹਿਕਾਰੀ ਬੈਂਕਿੰਗ ਪ੍ਰਣਾਲੀ, ਚਿਟ ਫੰਡਾਂ ਆਦਿ ਲਈ ਇਕ ਮਜ਼ਬੂਤ ਰੈਗੂਲੇਟਰੀ ਢਾਂਚਾ ਜ਼ਰੂਰੀ ਹੈ ਤਾਂ ਕਿ ਉਹ ਕਾਲੇ ਧਨ ਦੀਆਂ ਨਾਜਾਇਜ਼ ਸਰਗਰਮੀਆਂ ਵਿੱਚ ਸ਼ਾਮਲ ਨਾ ਹੋ ਸਕਣ।

(6) ਡਿਜੀਟਲ ਆਰਥਿਕਤਾ ਨੂੰ ਹੱਲਾਸ਼ੇਰੀ ਦੇਣ ਦੀ ਇਕ ਜ਼ਰੂਰੀ ਪੇਸ਼ਗੀ ਸ਼ਰਤ ਸੁਰੱਖਿਅਤ ਡਿਜੀਟਲ ਲੈਣ-ਦੇਣ ਹੈ। ਡਿਜੀਟਲ ਸੁਰੱਖਿਆ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਡਿਜੀਟਲ ਜ਼ੁਰਮਾਂ ਨੂੰ ਰੋਕਣ ਅਤੇ ਆਮ ਆਦਮੀ ਨੂੰ ਡਿਜੀਟਲ ਜ਼ੁਰਮ ਵਿੱਚ ਨੁਕਸਾਨ ਹੋਣ ਤੋਂ ਮੁਆਵਜ਼ਾ ਦੇਣ ਲਈ ਸਖ਼ਤ ਕਦਮ ਚੁੱਕੇ ਜਾਣ ਦੀ ਲੋੜ ਹੈ। ਡਿਜੀਟਲ ਜਾਂਚ ਅਤੇ ਬੀਮੇ ਦਾ ਸਿਸਟਮ ਅਪਣਾਏ ਜਾਣ ਦੀ ਲੋੜ ਹੈ।

(7) ਸਵੈ-ਮਦਦ ਵਾਲੇ ਗਰੁੱਪ (ਐੱਸ ਐੱਚ ਜੀ) ਦਿਹਾਤੀ ਇਲਾਕਿਆਂ ਵਿੱਚ ਡਿਜੀਟਲ ਬੈਂਕਿੰਗ ਸਿਸਟਮ ਵਿੱਚ ਕਾਫੀ ਸਹਾਈ ਸਿੱਧ ਹੋ ਸਕਦੇ ਹਨ। ਹੋਰ ਜ਼ਿਆਦਾ ਐੱਸ ਐੱਚ ਜੀ ਨੂੰ ਬੈਂਕ ਮਿੱਤਰ ਦਾ ਕੰਮ ਸੌਂਪਿਆ ਜਾ ਸਕਦਾ ਹੈ ਜੋ ਕਿ ਬੈਂਕਾਂ, ਡਾਕਘਰਾਂ ਨੂੰ ਮਦਦ ਪਹੁੰਚਾ ਸਕਦੇ ਹਨ ਅਤੇ ਡਿਜੀਟਲ ਆਰਥਿਕਤਾ, ਵਸਤਾਂ ਤੇ ਸੇਵਾਵਾਂ ਵਿੱਚ ਡੈਬਿਟ ਅਤੇ ਕ੍ਰੈਡਿਟ ਕਾਰਡਾਂ ਰਾਹੀਂ ਭੁਗਤਾਨ ਕਰਨ ਵਿੱਚ ਸਹਾਈ ਹੋ ਸਕਦੇ ਹਨ। ਇਸ ਤੋਂ ਇਲਾਵਾ ਦਿਹਾਤੀ ਸਮਾਜਿਕ ਸੰਸਥਾਵਾਂ, ਜਿਵੇਂ ਕਿ ਯੂਥ ਕਲੱਬਾਂ, ਮਹਿਲਾ ਮੰਡਲਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਡਿਜੀਟਲ ਦਿਹਾਤੀ ਆਰਥਿਕਤਾ ਦਾ ਪ੍ਰਚਾਰ ਕਰਨ ਲਈ ਵਰਤਿਆ ਜਾ ਸਕਦਾ ਹੈ। ਪੰਚਾਇਤੀ ਰਾਜ ਸੰਸਥਾਵਾਂ ਵਿੱਚ ਗ੍ਰਾਮ ਸਭਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਵਾਰਡ ਸਭਾਵਾਂ ਦਿਹਾਤੀ ਪੱਧਰ ਤੱਕ ਡਿਜੀਟਲ ਆਰਥਿਕਤਾ ਦਾ ਮੁੱਦਾ ਲੈ ਕੇ ਜਾਣ।

(8) ਸਾਰੇ ਵਿਭਾਗੀ ਕਰਮਚਾਰੀ, ਜਿਵੇਂ ਕਿ ਸਕੂਲ ਅਧਿਆਪਕ, ਸਿਹਤ ਵਰਕਰ, ਦਿਹਾਤੀ ਵਿਕਾਸ ਅਧਿਕਾਰੀ, ਆਂਗਨਵਾੜੀ ਕਰਮਚਾਰੀ ਆਦਿ ਲੋਕਾਂ ਨੂੰ ਵਿੱਤੀ ਸਮਾਵੇਸ਼ ਅਤੇ ਡਿਜੀਟਲ ਆਰਥਿਕਤਾ ਬਾਰੇ ਸਿੱਖਿਅਤ ਕਰ ਸਕਦੇ ਹਨ। ਸਰਕਾਰ ਦਾ ਪਿੰਡ ਪੱਧਰ ਤੱਕ ਕਰਮਚਾਰੀਆਂ ਅਤੇ ਸੰਸਥਾਵਾਂ ਦਾ ਇਕ ਵੱਡਾ ਨੈੱਟਵਰਕ ਹੈ ਜੋ ਕਿ ਡਿਜੀਟਲ ਭੁਗਤਾਨ ਨੂੰ ਪੇਸ਼ ਆ ਰਹੀਆਂ ਚੁਨੌਤੀਆਂ ਨਾਲ ਨਜਿੱਠਣ ਵਿੱਚ ਸਹਾਈ ਹੋ ਸਕਦਾ ਹੈ।

(9) ਪਲਸ ਪੋਲੀਓ ਮੁਹਿੰਮ ਵਾਂਗ, ਡਿਜੀਟਲ ਇੰਡੀਆ ਮੁਹਿੰਮ ਸਾਲ ਵਿੱਚ ਦੋ ਜਾਂ ਤਿੰਨ ਵਾਰੀ ਵੱਡੇ ਪੱਧਰ ਉਤੇ ਦੇਸ਼ ਭਰ ਵਿੱਚ ਚਲਾਈ ਜਾ ਸਕਦੀ ਹੈ। ਇਹ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿੱਚ ਡਿਜੀਟਲ ਇੰਡੀਆ ਮੁਹਿੰਮ ਨੂੰ ਪ੍ਰਚਾਰਤ ਕਰਨ ਦਾ ਇਕ ਢੁਕਵਾਂ ਢੰਗ ਹੋਵੇਗਾ। ਇਸ ਤੋਂ ਇਲਾਵਾ ਡਿਜੀਟਲ ਢਾਂਚੇ ਵਿੱਚ ਸੁਧਾਰ ਦੀ ਲੋੜ ਹੈ।

(10) ਭਾਰਤ ਦੁਨੀਆਂ ਵਿੱਚ ਇਕ ਉੱਭਰ ਰਹੀ ਆਰਥਿਕਤਾ ਵਾਲਾ ਦੇਸ਼ ਹੈ। ਉਸ ਨੂੰ ਇਕ 'ਪਾਰਦਰਸ਼ੀ ਵਿਕਾਸ ਦਰ' ਹਾਸਿਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਇਕ ਅਜਿਹੀ ਵਿਕਾਸ ਦਰ ਜੋ ਕਿ ਕਾਲੇ ਧਨ ਤੋਂ ਬਿਨਾਂ ਹੋਵੇ। ਦੂਜੇ ਸ਼ਬਦਾਂ ਵਿੱਚ ਇਹ ਡਿਜੀਟਲ ਲੈਣ-ਦੇਣ ਨਾਲ ਗਰੀਬ-ਪੱਖੀ ਅਤੇ ਪਾਰਦਰਸ਼ੀ ਵਾਧਾ ਦਰ ਵਾਲੀ ਹੋਵੇ। ਕਾਲੇ ਧਨ ਦੀ ਮਦਦ ਨਾਲ ਹਾਸਿਲ ਕੀਤੀ ਗਈ ਵਿਕਾਸ ਦਰ ਗਰੀਬੀ ਘਟਾਉਣ ਅਤੇ ਆਰਥਿਕ ਗ਼ੈਰ-ਬਰਾਬਰੀ ਖਤਮ ਕਰਨ ਵਿੱਚ ਸਹਾਈ ਨਹੀਂ ਹੋ ਸਕਦੀ।

(11) ਦੇਸ਼ ਵਿੱਚ ਨੋਟਬੰਦੀ ਅਤੇ ਨਕਦੀ-ਰਹਿਤ ਆਰਥਿਕਤਾ ਸਮੇਤ ਕਿਸੇ ਵੀ ਆਰਥਿਕ ਸੁਧਾਰ ਨੂੰ ਲਾਗੂ ਕਰਨ ਲਈ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਵਿੱਚ ਮਜ਼ਬੂਤ ਸਿਆਸੀ ਇੱਛਾ-ਸ਼ਕਤੀ ਹੋਣੀ ਚਾਹੀਦੀ ਹੈ।

## ਸਿੱਟਾ

ਕ੍ਰਿਸਿਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ, "ਨੋਟਬੰਦੀ ਵਰਗੀ ਕਾਰਵਾਈ ਭਾਰਤੀ ਆਰਥਿਕਤਾ ਦਾ ਚਿਹਰਾ ਬਦਲ ਸਕਦੀ ਹੈ।" ਮਾਰੋਂ ਐਫ ਗਿਓਲਿਨ ਅਨੁਸਾਰ, "ਇਹ ਕਦਮ ਕਾਨੂੰਨ ਅੰਦਰ ਰਹਿਣ ਵਾਲੇ ਅਤੇ ਸਾਫ਼ ਵਪਾਰੀਆਂ ਨੂੰ ਨਕਦੀ-ਭੁਗਤਾਨ ਕਰਨ ਉਤੇ ਕੁੱਝ ਪ੍ਰਭਾਵਿਤ ਕਰ ਸਕਦਾ ਹੈ ਪਰ ਹਰ ਕੋਈ ਐਡਜਸਟ ਹੋ ਸਕਦਾ ਹੈ ਅਤੇ ਭਾਵੇਂ ਇਹ ਛੋਟੇ ਵਪਾਰੀ ਅਤੇ ਨਿੱਜੀ ਵਿਅਕਤੀ ਨੂੰ ਦੁਖੀ ਕਰਦਾ ਹੈ ਤਾਂ ਵੀ ਇਸ ਨੂੰ ਨਾਂਹ ਕਰਨ ਨਾਲੋਂ ਕਰਨਾ ਚੰਗਾ ਹੈ। ਆਈ ਐੱਸ ਐਫ ਅਨੁਸਾਰ "ਅਸੀਂ ਭ੍ਰਿਸ਼ਟਾਚਾਰ ਦੇ ਖਾਤਮੇ ਅਤੇ ਪੈਸੇ ਦੀ ਨਜਾਇਜ਼ ਆਵਾਜਾਈ ਨੂੰ ਰੋਕਣ ਲਈ ਇਨ੍ਹਾਂ ਕਦਮਾਂ ਦੀ ਹਮਾਇਤ ਕਰਦੇ ਹਾਂ।" ਭਾਰਤ ਇਕ ਵੱਡਾ ਲੋਕਰਾਜੀ ਦੇਸ਼ ਹੈ ਜਿਥੇ ਕਿ ਲੋਕ ਪਰੇਸ਼ਾਨੀ ਦੇ ਬਾਵਜੂਦ ਆਮ ਤੌਰ ਤੇ ਸਰਕਾਰ ਵਲੋਂ ਕਾਲੇ ਧਨ ਅਤੇ ਜਾਅਲੀ ਕਰੰਸੀ ਨੂੰ ਬਾਹਰ ਕੱਢਣ ਲਈ ਕੀਤੀ ਗਈ ਨੋਟਬੰਦੀ ਦੀ ਹਮਾਇਤ ਕਰ ਰਹੇ ਹਨ। ਵੈਨਜ਼ੂਏਲਾ ਵਲੋਂ ਭਾਰਤੀ ਨੋਟਬੰਦੀ ਨੂੰ ਵੇਖ ਕੇ ਕੀਤੀ ਗਈ ਨੋਟਬੰਦੀ ਸਫਲ ਨਹੀਂ ਹੋ ਸਕੀ ਕਿਉਂਕਿ ਉਸ ਨੂੰ ਜਨਤਾ ਦੀ ਹਮਾਇਤ ਹਸਿਲ ਨਹੀਂ ਹੋਈ। ਭਾਰਤ ਦੀ ਜਨਤਾ ਦੀ ਅਮੀਰ ਸਮਾਜਿਕ ਅਤੇ ਸਭਿਆਚਾਰਕ ਵਿਰਾਸਤ ਦੇ ਪਿਛੋਕੜ ਵਿੱਚ ਇਕ ਅਹਿਮ ਸੋਮਾ ਹੈ ਜਿਸ ਨੇ ਭਾਰਤੀ ਲੋਕਤੰਤਰ ਨੂੰ ਕਈ ਦਹਾਕਿਆਂ ਤੋਂ ਮਜ਼ਬੂਤੀ ਪ੍ਰਦਾਨ ਕੀਤੀ ਹੋਈ ਹੈ। ਭਾਰਤ ਦੀ ਮਿਸ਼ਰਤ ਆਰਥਿਕ ਪ੍ਰਣਾਲੀ, ਜਿਸ ਵਿੱਚ ਸਮਾਜਿਕ ਅਤੇ ਨਿੱਜੀ ਖੇਤਰ ਦਾ ਅਮੀਰ ਮਿਸ਼ਰਣ ਹੈ, ਉੱਚ ਵਾਧਾ ਦਰ ਹਾਸਿਲ ਕਰਨ ਵਿੱਚ ਦਿਨ-ਬ-ਦਿਨ ਆਰਥਿਕਤਾ ਦੀ ਮਦਦ ਕਰ ਰਿਹਾ ਹੈ। ਇਕ ਮਜ਼ਬੂਤ ਸਰਕਾਰ, ਨਿੱਜੀ ਅਤੇ ਸਹਿਕਾਰੀ ਖੇਤਰ ਦੀ ਮਦਦ ਨਾਲ ਦੇਸ਼ ਨੂੰ ਇਕ ਮਜ਼ਬੂਤ ਬੁਲੰਦੀਆਂ ਉਤੇ ਲਿਜਾ ਸਕਦੀ ਹੈ। ਨਿੱਜੀ ਖੇਤਰ ਨੂੰ ਚਾਹੀਦਾ ਹੈ ਕਿ ਨਕਦੀ-ਰਹਿਤ ਆਰਥਿਕਤਾ ਦਾ ਟੀਚਾ ਹਾਸਿਲ ਕਰਨ ਵਿੱਚ ਸਰਕਾਰ ਦੀ ਮਦਦ ਕਰੇ।

ਨੋਟਬੰਦੀ ਅਤੇ ਨਕਦੀ-ਰਹਿਤ ਆਰਥਿਕਤਾ ਦੇ ਲੰਬੀ ਮਿਆਦ ਵਿੱਚ ਕਾਲੇ ਧਨ ਉਤੇ ਮਾੜੇ ਆਰਥਿਕ ਵਿਕਾਸ ਉਤੇ ਚੰਗੇ ਪ੍ਰਭਾਵ ਪੈਣਗੇ। ਕਾਲੇ ਧਨ ਨੂੰ ਕਾਬੂ ਕਰ ਕੇ ਦੋ ਕਦਮਾਂ-ਨੋਟਬੰਦੀ ਅਤੇ ਨਕਦੀ-ਰਹਿਤ ਆਰਥਿਕਤਾ ਨੂੰ ਉਤਸ਼ਾਹਿਤ ਕਰਨ ਨਾਲ ਦੇਸ਼ ਨੂੰ ਇਕ ਸਾਫ ਅਤੇ ਪਾਰਦਰਸ਼ੀ ਵਾਧਾ ਦਰ ਹਾਸਿਲ ਹੋਵੇਗੀ। ਨੋਟਬੰਦੀ ਰਾਹੀਂ ਹਾਸਿਲ ਹੋਈ ਆਮਦਨ ਜੇ ਵੱਖ-ਵੱਖ ਵਿਕਾਸ ਕੰਮਾਂ ਉਤੇ ਲਗਾਈ ਜਾਵੇਗੀ ਜਿਵੇਂ ਕਿ ਸਫਾਈ, ਸੜਕਾਂ ਦੀ ਉਸਾਰੀ, ਵਿੱਦਿਆ ਅਤੇ ਬਿਜਲੀ ਪੈਦਾ ਕਰਨ ਜਾਂ ਹੋਰ ਰੋਜ਼ੀ ਰੋਟੀ ਦੇ ਸਾਧਨ ਪੈਦਾ ਕਰਨ ਉੱਤੇ ਤਾਂ ਇਸ ਨਾਲ ਵਿਕਾਸ ਵਿੱਚ ਵਾਧਾ ਹੋਵੇਗਾ ਅਤੇ ਲੋਕਾਂ ਦੇ ਜੀਵਨ ਪੱਧਰ ਦਾ ਮਿਆਰ ਸੁਧਰੇਗਾ।

ਨੋਟ: ਲੇਖ ਵਿੱਚ ਪ੍ਰਗਟਾਏ ਗਏ ਵਿਚਾਰ ਲੇਖਕ ਦੇ ਆਪਣੇ ਹਨ

*(ਲੇਖਕ ਇੰਦਰਾ ਗਾਂਧੀ ਰਾਸ਼ਟਰੀ ਓਪਨ ਯੂਨੀਵਰਸਿਟੀ ਦੇ ਐਕਸਟੈਂਸ਼ਨ ਅਤੇ ਡਿਵੈਲਪਮੈਂਟ ਸਟੱਡੀਜ਼ ਬਾਰੇ ਸਕੂਲ ਵਿੱਚ ਪ੍ਰੋਫੈਸਰ ਹਨ)*


*e-mail :bkpattanaik@ignou.ac.in*

# ਪ੍ਰਕਾਸ਼ਨ ਵਿਭਾਗ ਨੇ ਭਾਰਤ ਵਿੱਚ ਅਦਾਲਤਾਂ ਦੇ ਇਤਿਹਾਸਕ ਵਿਕਾਸ ਬਾਰੇ ਕਿਤਾਬ ਛਾਪੀ

ਪ੍ਰਕਾਸ਼ਨ ਵਿਭਾਗ ਨੇ ਹੁਣੇ ਜਿਹੇ ਭਾਰਤੀ ਜੁਡੀਸ਼ੀਅਲ ਸਿਸਟਮ ਦੇ ਵਿਕਾਸ ਬਾਰੇ ਇਕ ਕਿਤਾਬ ਛਾਪੀ ਹੈ। ਇਹ ਕਿਤਾਬ ਸੰਵਿਧਾਨ ਦਿਵਸ ਦੇ ਮੌਕੇ ਉੱਤੇ ਭਾਰਤ ਦੇ ਚੀਫ ਜਸਟਿਸ ਸ਼੍ਰੀ ਟੀ ਐੱਸ ਠਾਕੁਰ ਵਲੋਂ ਕਾਨੂੰਨ, ਨਿਆਂ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਸ਼੍ਰੀ ਰਵੀ ਸ਼ੰਕਰ ਪ੍ਰਸਾਦ ਦੀ ਹਾਜ਼ਰੀ ਵਿੱਚ ਜਾਰੀ ਕੀਤੀ ਗਈ। ਇਸ ਕਿਤਾਬ ਨੂੰ ਕੌਫੀ ਟੇਬਲ ਬੁਕ ਦੇ ਰੂਪ ਵਿੱਚ ਡਿਜ਼ਾਈਨ ਕੀਤਾ ਗਿਆ ਹੈ ਜਿਸ ਵਿੱਚ ਪੁਰਾਤਤਵ ਮਹੱਤਵ ਵਾਲੀਆਂ ਕਈ ਤਸਵੀਰਾਂ ਸ਼ਾਮਿਲ ਕੀਤੀਆਂ ਗਈਆਂ ਹਨ। 'ਕੋਰਟਸ ਆਫ ਇੰਡੀਆ - ਪਾਸਟ ਟੂ ਪ੍ਰੈਜ਼ੈਂਟ' ਨਾਂ ਦੀ ਇਹ ਕਿਤਾਬ ਕਈ ਉੱਘੇ ਜੱਜਾਂ, ਵਕੀਲਾਂ ਅਤੇ ਕਾਨੂੰਨੀ ਮਾਹਿਰਾਂ ਵਲੋਂ ਸੁਪਰੀਮ ਕੋਰਟ ਵਲੋਂ ਕਾਇਮ ਕੀਤੇ ਗਏ ਮਾਹਿਰਾਂ ਦੇ ਇਕ ਸੰਪਾਦਕੀ ਬੋਰਡ ਦੀ ਮਾਹਿਰ ਨਿਗਰਾਨੀ ਹੇਠ ਲਿਖੀ ਗਈ ਹੈ। ਇਸ ਕਿਤਾਬ ਦਾ ਉਦੇਸ਼ ਭਾਰਤ ਵਿੱਚ ਅਦਾਲਤਾਂ ਦੇ ਵਿਕਾਸ ਦਾ ਇਤਿਹਾਸ ਪਤਾ ਲਗਾਉਣਾ ਹੈ। ਕਿਤਾਬ ਭਾਰਤ ਵਿੱਚ ਮੌਜੂਦਾ ਅਦਾਲਤਾਂ ਦੇ ਵੱਖ-ਵੱਖ ਸਿਸਟਮਾਂ, ਉਨ੍ਹਾਂ ਦੇ ਇਤਿਹਾਸਕ ਮੂਲ ਬਾਰੇ ਦੱਸਣ ਤੋਂ ਇਲਾਵਾ ਅਦਾਲਤਾਂ ਦੇ ਸੰਦਰਭ ਦਾ ਵਰਣਨ ਕਰਦੀ ਹੈ। ਇਹ ਕਿਤਾਬ ਕਾਨੂੰਨਾਂ ਅਤੇ ਕਾਨੂੰਨੀ ਸੰਸਥਾਵਾਂ ਦੇ ਇਤਿਹਾਸ ਉੱਤੇ ਝਾਤ ਮਾਰਦੀ ਹੈ। ਭਾਰਤ ਦੀਆਂ ਅਦਾਲਤਾਂ ਸ਼ਹਿਰੀਆਂ ਲਈ ਅਜਿਹਾ ਜੁਡੀਸ਼ੀਅਲ ਸਿਸਟਮ ਲਾਗੂ ਕਰਨਾ ਚਾਹੁੰਦੀਆਂ ਹਨ ਜੋ ਕਿ ਵੱਧ ਤੋਂ ਵੱਧ ਸਵੱਛ ਹੋਵੇ। ਪ੍ਰਕਾਸ਼ਨ ਵਿਭਾਗ ਰਾਸ਼ਟਰੀ ਅਹਿਮੀਅਤ ਵਾਲੇ ਅਤੇ ਭਾਰਤ ਦੇ ਸਭਿਆਚਾਰਕ ਵਿਰਸੇ ਵਾਲੇ ਵਿਸ਼ਿਆਂ ਉਤੇ ਕਿਤਾਬਾਂ ਦਾ ਇਕ ਖਜ਼ਾਨਾ ਹੈ। ਇਸ ਦਾ ਉਦੇਸ਼ ਵਧੀਆ ਕਿਤਾਬਾਂ ਦੀ ਛਪਾਈ ਅਤੇ ਸਸਤੀਆਂ ਕੀਮਤਾਂ ਉੱਤੇ ਉਨ੍ਹਾਂ ਦੀ ਵਿਕਰੀ ਕਰਕੇ ਸੂਚਨਾ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਹੈ। ❑❑




"ਕੋਰਟਸ ਆਫ ਇੰਡੀਆ-ਪਾਸਟ ਟੂ ਪ੍ਰੈਜ਼ੈਂਟਸ" ਨੂੰ ਸੰਵਿਧਾਨ ਦਿਵਸ ਦੇ ਮੌਕੇ ਉਤੇ ਜਾਰੀ ਕਰਦੇ ਹੋਏ ਭਾਰਤ ਦੇ ਚੀਫ ਜਸਟਿਸ ਟੀ ਐੱਸ ਠਾਕੁਰ। ਇਸ ਮੌਕੇ ਉੱਤੇ ਕਾਨੂੰਨ ਤੇ ਨਿਆਂ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਸ਼੍ਰੀ ਰਵੀ ਸ਼ੰਕਰ ਪ੍ਰਸਾਦ ਵੀ ਮੌਜੂਦ ਸਨ।



# ਭਾਰਤ ਨੂੰ ਜਾਣਨ - ਸਮਝਣ ਲਈ

ਪੜ੍ਹੋ :

## ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਅੱਧੀ ਚੁੰਝ ਵਾਲੀ ਚਿੜੀ
- ਸ਼ਹੀਦਾਂ ਦੇ ਖ਼ਤ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਭਗਤ ਸਿੰਘ : ਅਮਰ ਵਿਦਰੋਹੀ
- ਭਾਰਤ ਦੇ ਲੋਕ ਨਾਚ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਛੱਡੋ ਅੰਦੋਲਨ
- ਫਿੱਡੂ ਫਲੂਗਰ
- ਭਾਰਤ ਦੀਆਂ ਲੋਕ ਕਥਾਵਾਂ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਪੰਜਾਬ ਦੇ ਲੋਕ ਨਾਚ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੇ ਗੌਰਵ ਗ੍ਰੰਥ
- ਫ਼ਰਜ਼ ਦੀ ਪਛਾਣ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਕਲਪਨਾ ਚਾਵਲਾ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- ਭਾਰਤ ਦੇ ਪੰਛੀ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- 1857 ਦਾ ਸੁਤੰਤਰਤਾ ਸੰਗ੍ਰਾਮ
- ਦਿਆਲ ਸਿੰਘ ਮਜੀਠੀਆ
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ -400 614 (ਫ਼ੋਨ-27570686)
- 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ - 600 090 (ਫ਼ੋਨ-24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650)
- ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383)
- ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-ਐਚ, ਅਲੀਗੰਜ, ਲਖਨਊ - 226 024, (ਫ਼ੋਨ-2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਹਾਟੀ-781 003 (ਫ਼ੋਨ-2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ-110003**


PUBLICATIONS DIVISION
website: publicationsdivision.nic.in
Some Prestigious Titles Now Available Online
• India 2016 (also available as eBook)
• Bharat 2016 (also available as eBook)
• Legends of Indian Silver Screen (also available as eBook)
• Abode Under The Dome
• Winged Wonders of Rashtrapati Bhavan
• Right of The Line : The President's Bodyguard
• Indra Dhanush
• The Presidential Retreats of India
• Rashtrapati Bhawan
• Belief In The Ballot (also available as eBook)
• Gandhi : Jeevan Aur Darshan (hindi)
• 1857 The Uprising
• Sardar Patel-Sachitra Jeevni(hindi) (also available as eBook)
• Sardar Patel - A Pictorial Biography (also available as eBook)
• Basohli Painting
• Kangra Painting
• Indian Women : Contemporary Essays
• Bharat Ki Ekta Ka Nirman (hindi) (also available as eBook)
• Yuva Sanyasi (hindi)
• Gazetteer of India Vol.2
• The Geet Govinda of Shri Jaydev
• Who's Who of Indian Martyrs (Vol-I)
• Who's Who of Indian Martyrs (Vol-II)
• Saga of Valour
• Some Aspects of Indian Culture
• Art & Science of Playing Tabla (also available as eBook)
• Indian Classical Dance
• Celebration of Life : Indian Folk Dance
• Nataraja
• Bengali Theatre: 200 Years (also available as eBook)
• Bihari Satsai (hindi)
• Bihari Satsai - A Commentary
• Eye In Art
• Looking Again At Indian Art
• The Life of Krishna In Indian Art
• Pahari Painting of Nala Damayanti Theme
• Ajanta Ka Vaibhav (hindi)
• Bharatiya Kala - Udhbhav Aur Vikas (hindi)
• Bharatiya Chitrakala Main Sangeet Tatva (hindi)
• South Indian Paintings
• Garhwal Chitrakala (hindi)
• A Moment In Time
• Samay, Cinema Aur Itihas (hindi)
• Indian Cinema Through The Century
• Bharatiya Cinema Ka Safarnama (hindi)
• A History of Socialism
• Lamps of India
• Bharat Ke Durg (hindi)
• Wood Carving of Gujarat
• Lawns And Gardens
• Paryavaran Sanrakshan : Chunotiyan Aur Samadhan (hindi)
eBooks
• Lokmanya Bal Gangadhar Tilak
• The Gospel of Buddha
• Introduction To Indian Music
• Sardar Vallabhbhai Patel
• Sardar Vallabhbhai Patel (Adhunik Bharat Ke Nirmata Series)
• Lauh Purush Sardar Patel
• Aise They Bapu
• Mahatama Gandhi -A Pictorial Biography
• Gandhi In Champaran
• Mahatma Gandhi And One World
Printed Books available at flipkart.com
eBooks at kobo.com